# ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨਾ



ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2025

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi—Receiving God's Guidance)

# ਪਰਮੇਸ਼ੁਰ ਦੀ ਅਗਵਾਈ
# ਪ੍ਰਾਪਤ ਕਰਨਾ

# ਸਮਰਪਣ

ਸਾਡੇ ਤੋਂ ਬਾਅਦ ਆਉਣ ਵਾਲੀਆਂ
ਪੀੜ੍ਹੀਆਂ ਨੂੰ ਸਮਰਪਿਤ

*ਮੇਰੀ ਵੱਲੋਂ, ਯਹੋਵਾਹ ਆਖਦਾ ਹੈ, "ਓਹਨਾਂ ਨਾਲ
ਮੇਰਾ ਏਹ ਨੇਮ ਹੈ, ਮੇਰਾ ਆਤਮਾ ਜੋ ਤੇਰੇ ਉੱਤੇ ਹੈ
ਅਤੇ ਮੇਰੇ ਬਚਨ ਜੋ ਮੈਂ ਤੇਰੇ ਮੂੰਹ ਵਿੱਚ ਪਾਏ, ਤੇਰੇ
ਮੂੰਹ ਵਿੱਚੋਂ, ਤੇਰੀ ਅੰਸ ਦੇ ਮੂੰਹ ਵਿੱਚੋਂ, ਸਗੋਂ ਤੇਰੀ
ਅੰਸ ਦੀ ਅੰਸ ਦੇ ਮੂੰਹ ਵਿੱਚੋਂ, ਹੁਣ ਤੋਂ ਸਦੀਪਕਾਲ
ਤੀਕ ਚੱਲੇ ਨਾ ਜਾਣਗੇ, ਯਹੋਵਾਹ ਆਖਦਾ ਹੈ।"*
(ਯਸਾਯਾਹ 59:21)।

ਅਸੀਂ ਜੋ ਤਜ਼ੁਰਬਾ ਕੀਤਾ ਹੈ ਉਸ ਤੋਂ ਵੱਧ ਤੁਸੀਂ ਤਜ਼ੁਰਬਾ ਕਰੋ।
ਉਸ ਦਾ ਬੋਲਣਾ, ਅਗਵਾਈ ਕਰਨਾ, ਨਿਰਦੇਸ਼ਨ ਕਰਨ ਅਤੇ ਮਾਰਗਦਰਸ਼ਨ
ਕਰਨ ਤੁਹਾਡੇ ਲਈ ਆਮ ਅਤੇ ਸੁਭਾਵਿਕ ਹੋਵੇ।
ਤੁਸੀਂ ਪਰਮੇਸ਼ੁਰ ਦੇ ਆਪਣੇ ਦਿਲ ਦੇ ਅਨੁਸਾਰ ਲੋਕ ਬਣੋ ਅਤੇ ਆਪਣੇ ਦਿਨਾਂ
ਵਿੱਚ ਪਰਮੇਸ਼ੁਰ ਦੀ ਸਾਰੀ ਇੱਛਾ ਪੂਰੀ ਕਰੋ।

# ਵਿਸ਼ਾ-ਸੂਚੀ


ਜਾਣ-ਪਛਾਣ

1. ਪਰਮੇਸ਼ੁਰ, ਸਾਡਾ ਮਾਰਗ ਦਰਸ਼ਕ 1
2. ਦਾਊਦ ਨੇ ਪਰਮੇਸ਼ੁਰ ਨੂੰ ਪੁੱਛਿਆ 19
3. ਵਚਨ 29
4. ਆਤਮਾ ਦੀ ਅੰਦਰੂਨੀ ਗਵਾਹੀ 43
5. ਪਵਿੱਤਰ ਆਤਮਾ ਦੀ ਅਵਾਜ਼ 71
6. ਪਵਿੱਤਰ ਆਤਮਾ ਦੀ ਦਾਤ 84
7. ਸੁਫ਼ਨੇ ਅਤੇ ਦਰਸ਼ਨ 91
8. ਭਵਿੱਖਬਾਣੀਆਂ 102
9. ਸਵਰਗਦੂਤ 107
10. ਰੱਬੀ ਸਲਾਹ 111
11. ਨਵਾਂ ਮਨ 117
12. ਸਮੇਂ ਅਤੇ ਰੁੱਤਾਂ 124
13. ਹਾਲਾਤਾਂ ਅਤੇ ਰੱਬੀ ਪ੍ਰਬੰਧ 133
14. ਸਾਰੀਆਂ ਗੱਲਾਂ ਨੂੰ ਇਕੱਠੇ ਜੋੜ ਕੇ 145

# ਜਾਣ-ਪਛਾਣ

ਪਰਮੇਸ਼ੁਰ ਨੇ ਸਾਡੀ ਅਗਵਾਈ ਕਰਨ ਅਤੇ ਸਾਡਾ ਮਾਰਗ ਦਰਸ਼ਨ ਕਰਨ ਦਾ ਵਾਇਦਾ ਕੀਤਾ ਹੈ। ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਇਮਾਨਦਾਰੀ ਦੇ ਨਾਲ ਪਰਮੇਸ਼ੁਰ ਦੀ ਅਗਵਾਈ ਵਿੱਚ ਚੱਲਣਾ ਚਾਹੁੰਦੇ ਹਾਂ। ਅਸੀਂ ਆਪਣੇ ਜੀਵਨਾਂ ਵਿੱਚ ਉਸ ਦੀਆਂ ਯੋਜਨਾਵਾਂ ਅਤੇ ਉਦੇਸ਼ਾਂ ਦੀ ਪਾਲਣਾ ਕਰਨ ਦੀ ਮਹੱਤਤਾ ਨੂੰ ਸਮਝਦੇ ਹਾਂ। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦੇ ਰਾਹ ਸਾਡੇ ਲਈ ਸਭ ਤੋਂ ਉੱਤਮ ਹਨ। ਅਸੀਂ ਆਪਣੇ ਜੀਵਨ ਦੇ ਲਈ ਉਸ ਦੀ ਇੱਛਾ ਅਨੁਸਾਰ ਜੀਉਣ ਦੀ ਕੋਸ਼ਿਸ਼ ਕਰਦੇ ਹਾਂ।

ਇਹ ਕਿਤਾਬ ਕੁਝ ਮੁੱਖ ਤਰੀਕਿਆਂ ‘ਤੇ ਇੱਕ ਅਧਿਐਨ ਹੈ, ਜਿਨ੍ਹਾਂ ਰਾਹੀਂ ਅਸੀਂ ਆਪਣੇ ਜੀਵਨ ਦੇ ਲਈ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਦੇ ਹਾਂ। ਸਾਡੇ ਕੋਲ ਪਰਮੇਸ਼ੁਰ ਦੀ ਅਗਵਾਈ ਨੂੰ ਪਹਿਚਾਣਨ ਦਾ ਕੋਈ ਪੱਕਾ ਫਾਰਮੂਲਾ ਨਹੀਂ ਹੈ, ਪਰ ਸਾਨੂੰ ਉਨ੍ਹਾਂ ਗੱਲਾਂ ਨੂੰ ਸਮਝਣਾ ਚਾਹੀਦਾ ਹੈ ਕਿ ਪਰਮੇਸ਼ੁਰ ਦਾ ਵਚਨ, ਉਨ੍ਹਾਂ ਵੱਖ-ਵੱਖ ਤਰੀਕਿਆਂ ਬਾਰੇ ਕੀ ਪ੍ਰਗਟ ਕਰਦਾ ਹੈ, ਜਿਨ੍ਹਾਂ ਨਾਲ ਪਰਮੇਸ਼ੁਰ ਸਾਡੇ ਜੀਵਨਾਂ ਵਿੱਚ ਆਪਣੀ ਅਗਵਾਈ ਬੋਲੇਗਾ। ਇਹੀ ਗੱਲ ਸਾਨੂੰ ਛੋਟੇ ਜਾਂ ਵੱਡੇ ਜੀਵਨ ਦੇ ਸਾਰੇ ਮਹੱਤਵਪੂਰਨ ਪਲਾਂ ਵਿੱਚ, ਉਸ ਦਾ ਪਾਲਣ ਕਰਨ ਦੇ ਯੋਗ ਬਣਾਏਗੀ।

ਪਰਮੇਸ਼ੁਰ ਦੇ ਸਾਡੇ ਜੀਵਨ ਵਿੱਚ ਆਪਣੀ ਅਗਵਾਈ ਪ੍ਰਗਟ ਕਰਨ ਦੇ ਦੋ ਸਭ ਤੋਂ ਮਹੱਤਵਪੂਰਨ ਤਰੀਕੇ ਹਨ, ਉਹ ਹੈ ਉਸ ਦੇ ਵਚਨ, ਲਿਖਤੀ ਪਵਿੱਤਰ ਬਾਈਬਲ ਅਤੇ ਆਪਣੀ ਆਤਮਾ ਦੀ ਅਗਵਾਈ ਰਾਹੀਂ। ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਪਰਮੇਸ਼ੁਰ ਦੀ ਇੱਛਾ ਅਤੇ ਦਿਸ਼ਾ ਨੂੰ ਉਸ ਦੇ ਵਚਨ ਅਤੇ ਉਸ ਦੀ ਆਤਮਾ ਦੁਆਰਾ ਸਮਝਣਾ ਸਿੱਖਣਾ ਚਾਹੀਦਾ ਹੈ।

ਇਸ ਕਿਤਾਬ ਵਿੱਚ ਅਸੀਂ ਕੁਝ ਮੁੱਖ ਤਰੀਕਿਆਂ ਦੀ ਵਿਆਖਿਆ ਕਰਦੇ ਹਾਂ ਅਤੇ ਨਾਲ ਹੀ ਹੋਰ ਬਹੁਤ ਸਾਰੇ ਤਰੀਕਿਆਂ ਦੀ ਬਾਰੇ ਦੱਸਦੇ ਹਾਂ ਜਿਨ੍ਹਾਂ ਰਾਹੀਂ ਪਰਮੇਸ਼ੁਰ ਸਾਡੇ ਜੀਵਨਾਂ ਵਿੱਚ ਆਪਣੀ ਅਗਵਾਈ ਪ੍ਰਗਟ ਕਰਦਾ ਹੈ:

1) ਵਚਨ
2) ਸਾਡੇ ਅੰਦਰ ਰਹਿਣ ਵਾਲਾ ਆਤਮਾ
3) ਪਵਿੱਤਰ ਆਤਮਾ ਦੀ ਅਵਾਜ਼
4) ਪਵਿੱਤਰ ਆਤਮਾ ਦੀ ਦਾਤ
5) ਸੁਫ਼ਨੇ ਅਤੇ ਦਰਸ਼ਨ
6) ਭਵਿੱਖਬਾਣੀਆਂ ਦੁਆਰਾ
7) ਸਵਰਗ ਦੂਤ
8) ਪਰਮੇਸ਼ੁਰ ਦੀ ਸਲਾਹ
9) ਨਵੇਂ ਮਨ
10) ਸਮੇਂ ਅਤੇ ਰੁੱਤ
11) ਹਲਾਤਾਂ ਅਤੇ ਰੱਬੀ ਯੋਜਨਾਵਾਂ ਦੁਆਰਾ

ਫਿਰ ਅਸੀਂ ਚਰਚਾ ਕਰਦੇ ਹਾਂ ਕਿ ਅਸੀਂ ਪਰਮੇਸ਼ੁਰ ਦੀ ਦਿਸ਼ਾ ਨੂੰ ਪਹਿਚਾਣਨ ਲਈ ਇਨ੍ਹਾਂ ਨੂੰ ਕਿਵੇਂ ਇਕੱਠਾ ਕਰਦੇ ਹਾਂ ਅਤੇ ਅਸੀਂ ਉਨ੍ਹਾਂ ਮੌਸਮਾਂ ਦੌਰਾਨ ਕੀ ਕਰਦੇ ਹਾਂ, ਜਦੋਂ ਅਸੀਂ ਪਰਮੇਸ਼ੁਰ ਤੋਂ ਸਪੱਸ਼ਟ ਤੌਰ 'ਤੇ ਕੁਝ ਨਹੀਂ ਸੁਣਦੇ।

ਸਾਨੂੰ ਇੱਕ ਮਹੱਤਵਪੂਰਣ ਸਚਾਈ ਨੂੰ ਧਿਆਨ ਵਿੱਚ ਰੱਖਣਾ ਪਏਗਾ, ਜੋ ਅਸੀਂ ਪੁਰਾਣੇ ਅਤੇ ਨਵੇਂ ਨੇਮ ਵਿੱਚ ਵੇਖਦੇ ਹਾਂ, ਕਿ *"ਇਹ ਤੀਜੀ ਵਾਰ ਮੈਂ ਤੁਹਾਡੇ ਕੋਲ ਆਉਣ ਲੱਗਾਂ ਹਾਂ। ਦੋ ਯਾ ਤਿੰਨ ਗਵਾਹਾਂ ਦੇ ਮੂੰਹੋਂ ਹਰ ਇੱਕ ਗੱਲ ਪੱਕੀ ਹੋ ਜਾਵੇਗੀ"* (2 ਕੁਰਿੰਥੀਆਂ 13:1, ਬਿਵਸਥਾਸਾਰ 19:15 ਤੋਂ ਹਵਾਲਾ ਦਿੱਤਾ ਗਿਆ ਹੈ)। ਇਸ ਲਈ, ਜਦੋਂ ਅਸੀਂ ਪਰਮੇਸ਼ੁਰ ਦੀ ਅਗਵਾਈ ਨੂੰ ਨਿਰਧਾਰਤ ਕਰਦੇ ਹਾਂ, ਤਾਂ ਅਸੀਂ ਪਰਮੇਸ਼ੁਰ ਤੋਂ ਇੱਕ ਤੋਂ ਵੱਧ ਤਰੀਕਿਆਂ ਨਾਲ ਸੁਣਾਂਗੇ। ਇਸ ਤਰ੍ਹਾਂ ਪਰਮੇਸ਼ੁਰ ਦੋ ਜਾਂ ਤਿੰਨ ਗਵਾਹਾਂ ਦੁਆਰਾ ਸਾਡੇ ਜੀਵਨਾਂ ਦੇ ਲਈ ਆਪਣੀ ਅਗਵਾਈ ਦੀ ਪੁਸ਼ਟੀ ਕਰਦਾ ਹੈ।

ਅਸੀਂ ਸਾਰੇ ਗਲਤੀਆਂ ਕਰਦੇ ਹਾਂ, ਪਰ ਸਾਨੂੰ ਇਹ ਸਮਝਣਾ ਪਏਗਾ ਕਿ ਪਰਮੇਸ਼ੁਰ ਸਾਡੀਆਂ ਗਲਤੀਆਂ ਤੋਂ ਵੱਡਾ ਹੈ ਅਤੇ ਸਾਨੂੰ ਸਹੀ ਰਾਹ 'ਤੇ ਵਾਪਸ ਲਿਆ ਸਕਦਾ ਹੈ ਅਤੇ ਸਾਡੇ ਜੀਵਨਾਂ ਦੇ ਲਈ ਉਸ ਦੇ ਉੱਚੇ ਅਤੇ ਸਭ ਤੋਂ ਉੱਤਮ ਦੀ ਵੱਲ ਯਾਤਰਾ ਵਿੱਚ ਸਾਡੀ ਮਦਦ ਕਰ ਸਕਦਾ ਹੈ।

ਮੈਂ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨ ‘ਤੇ ਆਪਣੀ ਨਿੱਜੀ ਯਾਤਰਾ ਦੀਆਂ ਕੁਝ ਉਦਾਹਰਣਾਂ, ਕਹਾਣੀਆਂ ਅਤੇ ਕਿੱਸੇ ਸਾਂਝੇ ਕਰਨ ਦੀ ਆਜ਼ਾਦੀ ਵੀ ਲਈ ਹੈ। ਮੇਰਾ ਵਿਸ਼ਵਾਸ ਹੈ ਕਿ ਇਹ ਕਿਸੇ ਵੀ ਤਰ੍ਹਾਂ ਸਵੈ-ਪ੍ਰਚਾਰਕ ਨਹੀਂ ਹੋਣਗੇ, ਪਰ ਸਿਰਫ਼ ਇਹ ਦਰਸਾਉਣ ਲਈ ਲਾਭਦਾਇਕ ਹੋਣਗੇ ਕਿ ਇਹ ਸੱਚਾਈਆਂ ਰੋਜ਼ਾਨਾ ਦੇ ਜੀਵਨ ਵਿੱਚ ਕਿਵੇਂ ਲਾਗੂ ਕੀਤੀਆਂ ਜਾਂਦੀਆਂ ਹਨ। ਹਾਲਾਂਕਿ ਕਿਸੇ ਹੋਰ ਦੇ ਤਜ਼ਰਬੇ ਦੁਆਰਾ ਸਿੱਖਣਾ ਅਤੇ ਉਤਸ਼ਾਹਤ ਹੋਣਾ ਚੰਗਾ ਹੈ, ਸਾਨੂੰ ਆਪਣੇ ਜੀਵਨ ਨੂੰ ਪਰਮੇਸ਼ੁਰ ਦੇ ਵਚਨ ਅਤੇ ਸਾਡੇ ਵਿੱਚ ਉਸ ਦੀ ਆਤਮਾ ਦੇ ਕੰਮ ‘ਤੇ ਨਿੱਜੀ ਤੌਰ ‘ਤੇ ਬਣਾਉਣਾ ਚਾਹੀਦਾ ਹੈ। ਆਪਣੇ ਜੀਵਨ ਨੂੰ ਕਿਸੇ ਹੋਰ ਦੇ ਤਜ਼ਰਬੇ ‘ਤੇ ਨਾ ਬਣਾਓ। ਉਸ ਦੇ ਵਚਨ ਵਿੱਚ ਦ੍ਰਿੜ੍ਹਤਾ ਨਾਲ ਕਾਇਮ ਰਹੋ। ਉਸ ਦੀ ਆਤਮਾ ਦੇ ਅਧੀਨ ਰਹੋ। ਫਿਰ ਤੁਹਾਡੇ ਕੋਲ ਪਰਮੇਸ਼ੁਰ ਦਾ ਆਪਣਾ ਤਜਰਬਾ ਹੋਵੇਗਾ ਕਿ ਤੁਸੀਂ ਆਪਣੇ ਜੀਵਨ ਦੇ ਸਫ਼ਰ ਵਿੱਚ ਤੁਹਾਡੀ ਅਗਵਾਈ ਕਰ ਰਹੇ ਹੋ।

ਪਰਮੇਸ਼ੁਰ ਬਰਕਤ ਦੇਵੇ!

ਆਸ਼ਿਸ਼ ਰਾਏਚੂਰ

# 1

# ਪਰਮੇਸ਼ੁਰ, ਸਾਡਾ ਮਾਰਗ ਦਰਸ਼ਕ

ਸਾਨੂੰ ਜੀਵਨ ਦੇ ਵੱਖ-ਵੱਖ ਮਾਮਲਿਆਂ ਵਿੱਚ ਪਰਮੇਸ਼ੁਰ ਦੀ ਅਗਵਾਈ ਦੀ ਲੋੜ ਹੈ। ਕੁਝ ਛੋਟੇ ਫੈਸਲਿਆਂ ਨਾਲ ਸੰਬੰਧਿਤ ਹਨ ਅਤੇ ਕੁਝ ਵੱਡੇ ਮਹੱਤਵਪੂਰਨ ਫੈਸਲਿਆਂ ਨਾਲ ਸੰਬੰਧਿਤ ਹੋ ਸਕਦੇ ਹਨ। ਜੀਵਨ ਦੇ ਵੱਖ-ਵੱਖ ਬਿੰਦੂਆਂ 'ਤੇ, ਸਾਡੇ ਅਗਲੇ ਕਦਮਾਂ ਦੇ ਲਈ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦੀ ਜ਼ਰੂਰਤ ਹੁੰਦੀ ਹੈ: ਵਿਦਿਆਰਥੀ ਇਹ ਜਾਣਨਾ ਚਾਹੁੰਦਾ ਹੈ ਕਿ ਸਿੱਖਿਆ ਦੇ ਕਿਹੜੇ ਖੇਤਰ 'ਤੇ ਧਿਆਨ ਕੇਂਦਰਿਤ ਕਰਨਾ ਹੈ, ਪੇਸ਼ੇਵਰ ਜੀਵਨ ਵਿੱਚ ਪ੍ਰਵੇਸ਼ ਕਰਨ ਵਾਲਾ ਇਹ ਜਾਣਨਾ ਚਾਹੇਗਾ ਕਿ ਕਿਹੜੇ ਨੌਕਰੀ ਦੇ ਮੌਕੇ ਜਾਂ ਕਰੀਅਰ ਦਾ ਪਿੱਛਾ ਕਰਨਾ ਹੈ ਅਤੇ ਜੀਵਨ ਦੇ ਕਈ ਹੋਰ ਮੁੱਖ ਫੈਸਲੇ ਹੁੰਦੇ ਹਨ, ਜਿਵੇਂ ਕਿ ਜੀਵਨ ਸਾਥੀ ਦੀ ਚੌਣ, ਸੰਸਾਰ ਦੇ ਕਿਸ ਹਿੱਸੇ ਵਿੱਚ ਰਹਿਣਾ ਹੈ। ਕਿਹੜੇ ਸਥਾਨਕ ਚਰਚ ਦਾ ਹਿੱਸਾ ਬਣਨਾ ਹੈ ਅਤੇ ਇਸ ਤਰ੍ਹਾਂ ਸਾਡੇ ਜੀਵਨ ਦੇ ਸਾਰੇ ਫੈਸਲਿਆਂ ਵਿੱਚ ਅਸੀਂ ਪਰਮੇਸ਼ੁਰ ਦੀ ਪਾਲਣਾ ਕਰਨਾ ਚਾਹੁੰਦੇ ਹਾਂ। ਪਰਮੇਸ਼ੁਰ ਦਾ ਸਾਡੇ ਨਾਲ ਸਾਡੇ ਮਾਰਗ ਦਰਸ਼ਕ ਦੇ ਤੌਰ ਤੇ ਹੋਣਾ ਅਤੇ ਹਰ ਕਦਮ 'ਤੇ ਉਸ ਦੁਆਰਾ ਸੇਧ ਪ੍ਰਾਪਤ ਕਰਨ ਦੀ ਯੋਗਤਾ, ਸਾਡਾ ਸ਼ਾਨਦਾਰ ਸਨਮਾਨ ਹੈ।

## ਪਰਮੇਸ਼ੁਰ ਦਾ ਮਾਰਗ ਦਰਸ਼ਨ ਅਤੇ ਅਗਵਾਈ ਕਰਨ ਦਾ ਵਾਇਦਾ

ਪਵਿੱਤਰ ਬਾਈਬਲ ਵਿੱਚ ਬਹੁਤ ਸਾਰੀਆਂ ਆਇਤਾਂ ਹਨ, ਜੋ ਸਾਨੂੰ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਨੇ ਸਾਡੀ ਅਗਵਾਈ ਕਰਨ ਅਤੇ ਮਾਰਗ ਦਰਸ਼ਨ ਕਰਨ ਦਾ ਵਾਇਦਾ ਕੀਤਾ ਹੈ। ਇਹ ਹੈਰਾਨੀਜਨਕ ਭਰੋਸਾ ਹੈ! ਅਸੀਂ ਜੋ ਫੈਸਲੇ ਲੈਂਣੇ ਹਨ ਉਨ੍ਹਾਂ ਵਿੱਚ ਪਰਮੇਸ਼ੁਰ ਸੱਚਮੁੱਚ ਦਿਲਚਸਪੀ ਰੱਖਦਾ ਹੈ ਅਤੇ ਉਸ ਨੇ ਆਪਣੀ ਅਗਵਾਈ ਦਾ ਵਾਇਦਾ ਕੀਤਾ ਹੈ।

**ਜ਼ਬੂਰਾਂ 37:23,24**
**23 ਮਨੁੱਖ ਦੀ ਚਾਲ ਯਹੋਵਾਹ ਵੱਲੋਂ ਦ੍ਰਿੜ੍ਹ ਹੁੰਦੀ ਹੈ ਅਤੇ ਉਸ ਦੇ ਰਾਹ ਤੋਂ ਉਹ ਪਰਸੰਨ ਰਹਿੰਦਾ ਹੈ।**
**24 ਭਾਵੇਂ ਉਹ ਡਿੱਗ ਹੀ ਪਵੇ ਪਰ ਡਿੱਗਿਆ ਨਹੀਂ ਰਹੇਗਾ, ਕਿਉਂ ਜੋ ਯਹੋਵਾਹ ਉਹ ਦਾ ਹੱਥ ਥੰਮ੍ਹਦਾ ਹੈ।**

*ਭਲੇ ਆਦਮੀ* (ਸ਼ਾਬਦਿਕ ਤੌਰ ‘ਤੇ ਦਲੇਰ ਆਦਮੀ, ਬਹਾਦਰ ਆਦਮੀ, ਯੋਧਾ) *ਦੇ ਕਦਮਾਂ* (ਮਾਰਗ ਦਰਸ਼ਕ, ਸਥਾਪਨਾ, ਸੰਪੂਰਨਤਾ) *ਨੂੰ ਪਰਮੇਸ਼ੁਰ ਦੁਆਰਾ ਮਜ਼ਬੂਤ ਕੀਤਾ ਜਾਂਦਾ ਹੈ*। ਪਰਮੇਸ਼ੁਰ ਇਸ ਵਿਅਕਤੀ ਦੇ ਚੱਲਣ ਦੇ ਤਰੀਕੇ ਤੋਂ ਪ੍ਰਸੰਨ ਹੈ। ਜਿਵੇਂ ਕਿ ਇਹ ਐਂਪਲੀਫਾਈਡ ਬਾਈਬਲ ਵਿੱਚ ਲਿਖਿਆ ਗਿਆ ਹੈ, ਪਰਮੇਸ਼ੁਰ *“ਆਪਣੇ ਆਪ ਨੂੰ ਇਸ ਦੇ ਹਰ ਕਦਮ ਨਾਲ ਜੋੜਦਾ ਹੈ।”*

ਪਰਮੇਸ਼ੁਰ ਸਾਡੇ ਜੀਵਨਾਂ ਵਿੱਚ, ਸਾਡੇ ਦੁਆਰਾ ਚੁੱਕੇ ਗਏ ਕਦਮਾਂ ਵਿੱਚ, ਸਾਡੇ ਦੁਆਰਾ ਚੁਣੇ ਗਏ ਰਾਹ ਵਿੱਚ, ਸਾਡੇ ਦੁਆਰਾ ਲਏ ਗਏ ਫੈਸਲਿਆਂ ਵਿੱਚ ਬਹੁਤ ਦਿਲਚਸਪੀ ਰੱਖਦਾ ਹੈ। ਸਾਡੇ ਵਿੱਚੋਂ ਕਈਆਂ ਨੂੰ ਇਸ ਕਲਪਨਾ ਤੋਂ ਛੁਟਕਾਰਾ ਪਾਉਣ ਦੀ ਜ਼ਰੂਰਤ ਹੈ ਕਿ “ਪਰਮੇਸ਼ੁਰ ਸੱਚਮੁੱਚ ਪਰਵਾਹ ਨਹੀਂ ਕਰਦਾ,” ਜਾਂ “ਉਹ ਮੇਰੀ ਪਰਵਾਹ ਕਿਉਂ ਕਰੇਗਾ, ਉਸ ਕੋਲ ਦੇਖਭਾਲ ਕਰਨ ਦੇ ਲਈ ਇਹ ਵੱਡਾ ਸੰਸਾਰ ਹੈ?” ਇਸ ਸੰਸਾਰ ਦਾ ਮਹਾਨ ਪਰਮੇਸ਼ੁਰ ਤੁਹਾਡੇ ਹਰ ਛੋਟੇ ਅਤੇ ਵੱਡੇ ਕਦਮ ਨਾਲ ਆਪਣੇ ਆਪ ਨੂੰ ਰੁੱਝਿਆ ਰੱਖਦਾ ਹੈ।

ਭਾਵੇਂ ਅਸੀਂ ਗ਼ਲਤੀਆਂ ਕਰਦੇ ਹਾਂ, ਠੋਕਰ ਖਾਂਦੇ ਹਾਂ ਅਤੇ ਡਗਮਗਾਉਂਦੇ ਹਾਂ, ਇਹ ਸਾਰੀਆਂ ਗੱਲਾਂ ਦਾ ਅੰਤ ਨਹੀਂ ਹੈ। ਅਸੀਂ ਸਾਰੀ ਉਮਰ ਨਾਸ਼ਵਾਨ ਨਹੀਂ ਹਾਂ। ਪਰਮੇਸ਼ੁਰ ਸਾਨੂੰ ਕਾਇਮ ਰੱਖਦਾ ਹੈ ਜਾਂ ਜਿਵੇਂ ਕਿ ਐਂਪਲੀਫਾਈਡ ਬਾਈਬਲ ਕਹਿੰਦੀ ਹੈ, *“.... ਯਹੋਵਾਹ ਉਸ ਨੂੰ ਸੰਭਾਲਣ ਅਤੇ ਉਸ ਨੂੰ ਕਾਇਮ ਰੱਖਣ ਦੇ ਲਈ ਉਸ ਦਾ ਹੱਥ ਫੜਦਾ ਹੈ।”*

**ਜ਼ਬੂਰਾਂ 32:8,9**
**8 ਮੈਂ ਤੈਨੂੰ ਸਮਝ ਦੇਵਾਂਗਾ ਅਤੇ ਜਿਸ ਰਾਹ ਉੱਤੇ ਤੈਂ ਚੱਲਣਾ ਹੈ ਤੈਨੂੰ ਸਿਖਾਵਾਂਗਾ, ਤੇਰੇ ਉੱਤੇ ਨਿਗਾਹ ਰੱਖ ਕੇ ਤੈਨੂੰ ਸਲਾਹ ਦਿਆਂਗਾ।**
**9 ਤੁਸੀਂ ਘੋੜੇ ਅਤੇ ਖੱਚਰ ਵਰਗੇ ਨਾ ਹੋਣਾ ਜਿਹੜੇ ਬੇਸਮਝ ਹਨ, ਲਗਾਮ ਅਰ ਵਾਗ ਨਾਲ ਉਨ੍ਹਾਂ ਨੂੰ ਕਾਬੂ ਰੱਖੀਦਾ ਹੈ, ਨਹੀਂ ਤਾਂ ਓਹ ਤੇਰੇ ਨੇੜੇ ਨਾ ਆਉਣਗੇ।**

ਸਾਡੇ ਲਈ ਕਿੰਨਾ ਸ਼ਾਨਦਾਰ ਵਾਇਦਾ ਅਤੇ ਅਗਵਾਈ ਦਾ ਭਰੋਸਾ ਹੈ। ਪ੍ਰਭੂ ਨੇ ਖ਼ੁਦ ਕਿਹਾ:

***ਮੈਂ ਤੁਹਾਨੂੰ ਹਿਦਾਇਤ ਦੇਵਾਂਗਾ:*** ਇਬਰਾਨੀ *(‘ਸਕਲ’)* ਵਿੱਚ “ਹਿਦਾਇਤ” ਸ਼ਬਦ ਦਾ ਵਿਆਪਕ ਅਰਥ ਹੈ ਕਿ “ਤੁਹਾਨੂੰ ਸਾਵਧਾਨ, ਬੁੱਧੀਮਾਨ, ਚਲਾਕ

ਅਤੇ ਬੁੱਧੀਮਾਨ ਬਣਾਉਣਾ ਅਤੇ ਉਹ ਤੁਹਾਨੂੰ ਹੁਨਰ ਦਿੰਦਾ ਹੈ ਤਾਂ ਜੋ ਤੁਸੀਂ ਸਫਲ ਹੋ ਸਕੋ।"

***ਮੈਂ ਤੈਨੂੰ ਸਿਖਾਵਾਗਾ:*** ਲਈ ਇਬਰਾਨੀ *('ਯਾਰਾਹ')* ਵਿਚ "ਸਿਖਾਉਣਾ" ਸ਼ਬਦ ਦਾ ਲਾਖਣਿਕ ਅਰਥ ਹੈ, ਜਿਵੇਂ ਕਿ "ਉਂਗਲ ਨੂੰ ਨਿਸ਼ਾਨਾ ਬਣਾ ਕੇ, ਜਿਵੇਂ ਤੀਰ ਚਲਾਉਂਦੇ ਸਮੇਂ ਇਸ਼ਾਰਾ ਕਰਨਾ।"

***ਮੈਂ ਤੇਰੀ ਅਗਵਾਈ ਕਰਾਂਗਾ:*** ਸ਼ਬਦ "ਅਗਵਾਈ" ਦਾ ਮਤਲਬ ਇਹ ਵੀ ਹੈ ਕਿ "ਸਲਾਹ ਜਾਂ ਸਲਾਹ ਮਸ਼ਵਰਾ ਦੇਵਾਂਗਾ।"

ਪ੍ਰਭੂ ਨੇ ਸਾਡੇ ਨਾਲ ਵਾਇਦਾ ਕੀਤਾ ਹੈ ਕਿ ਉਹ ਸਾਨੂੰ ਹਿਦਾਇਤ ਦੇਵੇਗਾ, ਸਿਖਾਵੇਗਾ, ਅਗਵਾਈ ਕਰੇਗਾ।

ਉਸ ਦੀਆਂ ਹਿਦਾਇਤਾਂ, ਸਿੱਖਿਆਵਾਂ ਅਤੇ ਅਗਵਾਈ ਸਾਡੇ ਲਈ ਮਹੱਤਵਪੂਰਨ ਹਨ। ਉਹ ਦੋ ਜੀਵਾਂ, ਘੋੜੇ ਅਤੇ ਖੱਚਰ ਵੱਲ ਇਸ਼ਾਰਾ ਕਰਦਾ ਹੈ, ਘੋੜਾ ਅਤੇ ਖੱਚਰ ਜਿਨ੍ਹਾਂ ਨੂੰ ਲਗਾਮ ਲਗਾਉਣ ਅਤੇ ਮਜ਼ਬੂਤੀ ਨਾਲ ਫੜਨ ਦੀ ਜ਼ਰੂਰਤ ਹੈ ਤਾਂ ਜੋ ਉਹ ਨਿਸ਼ਚਿਤ ਰਸਤੇ 'ਤੇ ਜਾ ਸਕਣ। ਉਹ ਜਾਂ ਤਾਂ ਅੱਗੇ ਭੱਜ ਸਕਦੇ ਹਨ ਅਤੇ ਉਨ੍ਹਾਂ ਨੂੰ ਰੋਕਣਾ ਪੈਂਦਾ ਹੈ ਜਾਂ ਉਹ ਬਹੁਤ ਜ਼ਿੱਦੀ ਹੋ ਸਕਦੇ ਹਨ ਅਤੇ ਅੱਗੇ ਵੱਧਣ ਤੋਂ ਇਨਕਾਰ ਕਰ ਸਕਦੇ ਹਨ। ਸਾਨੂੰ ਇਨ੍ਹਾਂ ਦੋਨਾਂ ਗੱਲਾਂ ਤੋਂ ਬਚਣਾ ਹੋਵੇਗਾ।

**ਜ਼ਬੂਰਾਂ 25:12**
**ਉਹ ਕਿਹੜਾ ਮਨੁੱਖ ਹੈ ਜਿਹੜਾ ਯਹੋਵਾਹ ਤੋਂ ਡਰਦਾ ਹੈ? ਉਹ ਉਸ ਦੇ ਲਈ ਚੁਣੇ ਹੋਏ ਰਾਹ ਵਿੱਚ ਉਸ ਨੂੰ ਸਿਖਾਲੇਗਾ।**

ਜਦੋਂ ਅਸੀਂ ਪ੍ਰਭੂ ਦੀ ਵੱਲ ਸ਼ਰਧਾ ਨਾਲ ਚੱਲਦੇ ਹਾਂ, ਤਾਂ ਪਰਮੇਸ਼ੁਰ ਸਾਨੂੰ ਉਹ ਰਾਹ ਸਿਖਾਏਗਾ, ਜਿਸ ਵਿੱਚ ਸਾਨੂੰ ਚੱਲਣਾ ਚਾਹੀਦਾ ਹੈ। ਜੇ ਸਾਡੇ ਕੋਲ ਸ਼ਰਧਾ ਹੈ, ਜੇ ਪ੍ਰਭੂ ਦੇ ਡਰ ਨਾਲ ਚੱਲਦੇ ਹਾਂ, ਤਾਂ ਅਸੀਂ ਨਾ ਸਿਰਫ਼ ਉਸ ਦੀ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ ਸਗੋਂ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਵੀ ਕੰਮ ਕਰਾਂਗੇ। *"ਇਸ ਤਰ੍ਹਾਂ ਪ੍ਰਭੂ ਉਨ੍ਹਾਂ ਲੋਕਾਂ ਨੂੰ ਲੱਭਦਾ ਹੈ ਜੋ ਉਸ ਤੋਂ ਡਰਦੇ ਹਨ ਅਤੇ ਉਹ ਉਨ੍ਹਾਂ ਨੂੰ ਆਪਣੀ ਅਗਵਾਈ ਉਪਲੱਬਧ ਕਰਵਾਉਂਦਾ ਹੈ।"*

ਸਾਡੇ ਦਿਲ ਦਾ ਰਵੱਈਆ ਇਹ ਨਿਰਧਾਰਿਤ ਕਰਦਾ ਹੈ ਕਿ ਕੀ ਅਸੀਂ ਪਰਮੇਸ਼ੁਰ ਤੋਂ ਸੁਣਨ ਜਾ ਰਹੇ ਹਾਂ ਅਤੇ ਉਸ ਦੀ ਅਗਵਾਈ ਪ੍ਰਾਪਤ ਕਰਨ ਜਾ ਰਹੇ ਹਾਂ। ਜੇ ਅਸੀਂ ਸ਼ਰਧਾਲੂ ਹਾਂ, ਪ੍ਰਭੂ ਦੇ ਡਰ ਵਿੱਚ ਚੱਲਦੇ ਹਾਂ, ਤਾਂ ਅਸੀਂ ਨਾ ਸਿਰ ਉਸ ਦੀ ਇੱਛਾ ਦੀ ਭਾਲ ਕਰਾਂਗੇ ਬਲਕਿ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਅੱਗੇ ਵਧਾਂਗੇ। ਇਸ ਲਈ, ਪ੍ਰਭੂ ਉਨ੍ਹਾਂ ਲੋਕਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਉਸ ਤੋਂ ਡਰਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਅਗਵਾਈ ਉਪਲਬਧ ਕਰਵਾਉਂਦੇ ਹਨ।

## ਪਰਮੇਸ਼ੁਰ ਦੀ ਇੱਛਾ ਦਾ ਪ੍ਰਕਾਸ਼ਨ

ਸ਼ੁਰੂ ਵਿੱਚ ਹੀ ਪਰਮੇਸ਼ੁਰ ਦੀ ਇੱਛਾ ਅਤੇ ਅਗਵਾਈ ਬਾਰੇ ਕੁਝ ਮੌਲਿਕ ਜਾਂ ਬੁਨਿਆਦੀ ਸਚਾਈਆਂ ਨੂੰ ਕਾਇਮ ਕਰਨਾ ਚੰਗਾ ਹੈ। ਇੱਥੇ ਕੁਝ ਮੁੱਖ ਸੂਝ-ਬੂਝ ਦਿੱਤੀ ਜਾ ਰਹੀ ਹੈ ਜਿਸ ਨੂੰ ਸਾਨੂੰ ਸਮਝਣਾ ਚਾਹੀਦਾ ਹੈ:

### *1) ਪਰਮੇਸ਼ੁਰ ਦੀ ਇੱਛਾ, ਮਾਰਗ ਦਰਸ਼ਨ ਅਤੇ ਅਗਵਾਈ ਹਮੇਸ਼ਾਂ ਉਸ ਦੇ ਸੁਭਾਅ ਦੇ ਅਨੁਕੂਲ ਹੁੰਦੀ ਹੈ*

ਪਰਮੇਸ਼ੁਰ ਅਪਰਿਵਰਤਨਸ਼ੀਲ ਹੈ। ਉਹ ਕਦੇ ਨਹੀਂ ਬਦਲਦਾ (ਮਲਾਕੀ 3:6)। ਉਹ *"ਅਤੇ ਜੋਤਾ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਜਿਹ ਦੇ ਵਿੱਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ।"* (ਯਾਕੂਬ 1:17)। ਪਰਮੇਸ਼ੁਰ, ਆਪਣੇ ਸੁਭਾਅ ਦੁਆਰਾ, ਇਕਸਾਰ ਹੈ। ਪਰਮੇਸ਼ੁਰ ਦੀ ਇੱਛਾ, ਉਦੇਸ਼ ਅਤੇ ਮਾਰਗ ਦਰਸ਼ਨ ਹਮੇਸ਼ਾਂ ਉਸ ਦੇ ਸੁਭਾਅ ਦੇ ਅਨੁਕੂਲ ਰਹੇਗਾ। ਉਹ ਹਮੇਸ਼ਾਂ ਉਸ ਨਾਲ ਇਕਸੁਰ ਰਹੇਗਾ, ਜੋ ਉਹ ਹੈ। ਉਦਾਹਰਣ ਦੇ ਲਈ, ਪਰਮੇਸ਼ੁਰ ਪਵਿੱਤਰ ਹੈ। ਇਸ ਲਈ, ਕੋਈ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਪਰਮੇਸ਼ੁਰ ਉਨ੍ਹਾਂ ਨੂੰ ਕੁਝ ਗ਼ਲਤ ਕੰਮ ਕਰਨ ਲਈ ਅਗਵਾਈ ਦੇ ਰਿਹਾ ਹੈ।

### *2) ਪਰਮੇਸ਼ੁਰ ਦੀ ਇੱਛਾ, ਮਾਰਗ ਦਰਸ਼ਨ ਅਤੇ ਅਗਵਾਈ ਹਮੇਸ਼ਾਂ ਉਸ ਦੇ ਵਚਨ ਦੇ ਅਨੁਕੂਲ ਹੁੰਦੀ ਹੈ*

ਪਰਮੇਸ਼ੁਰ ਸਾਨੂੰ ਕਦੇ ਵੀ ਅਜਿਹਾ ਕੁਝ ਕਰਨ ਦੇ ਲਈ ਅਗਵਾਈ ਨਹੀਂ ਕਰੇਗਾ ਜੋ ਉਸ ਦੇ ਵਚਨ ਦੇ ਉਲਟ ਹੈ (ਯੂਹੰਨਾ 17:17), ਉਹ ਸਦੀਪਕ, ਅਟੱਲ ਅਤੇ ਸਦਾ ਤੀਕ ਅਕਾਸ਼ ਉੱਤੇ ਇਸਥਿਰ ਹੈ (ਜ਼ਬੂਰਾਂ 119:89)। ਆਤਮਾ ਦੀ ਅਗਵਾਈ ਹਮੇਸ਼ਾਂ ਉਸ ਵਚਨ ਦੇ ਅਨੁਕੂਲ ਰਹੇਗੀ ਜੋ ਆਤਮਾ ਨੇ ਪ੍ਰੇਰਿਤ ਕੀਤਾ ਸੀ।

[ਅਸੀਂ ਇੱਥੇ ਇਹ ਮੰਨ ਕੇ ਜਾਂਦੇ ਹਾਂ ਕਿ ਉਸ ਦੇ ਵਚਨ ਬਾਰੇ ਸਾਡੀ ਸਮਝ ਸਹੀ ਹੈ। ਕਈ-ਕਈ ਵਾਰ, ਪਰਮੇਸ਼ੁਰ ਸਾਨੂੰ ਕੁਝ ਅਜਿਹਾ ਕਰਨ ਦੀ ਅਗਵਾਈ ਕਰ ਸਕਦਾ ਹੈ ਜੋ ਉਸ ਦੇ ਵਚਨ ਬਾਰੇ ਸਾਡੀ ਸਮਝ ਦੇ ਉਲਟ ਹੈ। ਕੁਝ ਉਦਾਹਰਣਾਂ-'ਤੇ ਵਿਚਾਰ ਕਰੋ। ਸਬਤ ਦੇ ਦਿਨ ਫ਼ਰੀਸੀ ਸਬਤ ਦੇ ਦਿਨ ਕਿਸੇ ਨੂੰ ਵੀ ਕੁਝ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਸਨ। ਦੂਜੇ ਪਾਸੇ, ਅਸੀਂ ਯਿਸੂ ਨੂੰ ਸਬਤ ਦੇ ਦਿਨ ਲੋਕਾਂ ਨੂੰ ਚੰਗਾ ਕਰਦੇ ਵੇਖਦੇ ਹਾਂ ਅਤੇ ਉਸ ਦੇ ਚੇਲੇ ਵੀ ਸਬਤ ਦੇ ਦਿਨ ਖਾਣ ਲਈ ਅਨਾਜ ਦੇ ਸਿੱਟੇ ਤੋੜਦੇ ਹਨ (ਮੱਤੀ 12:1-8)। ਯਿਸੂ ਨੇ ਸਮਝਾਇਆ ਕਿ ਉਹ ਸਬਤ ਦਾ ਪ੍ਰਭੂ ਵੀ ਹੈ ਜਾਂ ਪਤਰਸ ਰਸੂਲ ਦੀ ਉਦਾਹਰਣ ਲਓ। ਉਹ (ਅਤੇ ਸ਼ੁਰੂਆਤੀ ਕਲੀਸਿਆ) ਗ਼ੈਰ-ਯਹੂਦੀਆਂ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਨਹੀਂ ਕਰ ਰਹੀ ਸੀ। ਇਸ ਲਈ ਪਰਮੇਸ਼ੁਰ ਉਸ ਨੂੰ ਪ੍ਰਗਟ ਹੁੰਦਾ ਹੈ ਅਤੇ ਉਸ ਨੂੰ ਅਸ਼ੁੱਧ ਪੰਛੀਆਂ ਅਤੇ ਜੀਵਾਂ ਨੂੰ ਖਾਣ ਦੇ ਲਈ ਕਹਿੰਦਾ ਹੈ, ਜਿਸ ਨੂੰ ਪਤਰਸ ਨੇ ਇਨਕਾਰ ਕਰ ਦਿੱਤਾ ਸੀ। ਫਿਰ ਪਰਮੇਸ਼ੁਰ ਨੇ ਪਤਰਸ ਅਤੇ ਕਲੀਸਿਆ ਵਿੱਚ ਗ਼ੈਰ-ਯਹੂਦੀਆਂ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਲਈ ਅਗਵਾਈ ਕੀਤੀ (ਰਸੂਲਾਂ ਦੇ ਕਰਤੱਬ 9 ਅਤੇ 10)]।

### *3) ਪਰਮੇਸ਼ੁਰ ਦੇ ਵਾਇਦੇ ਪਰਮੇਸ਼ੁਰ ਦੀ ਇੱਛਾ ਦਾ ਪਰਕਾਸ਼ ਹਨ।*

ਪਰਮੇਸ਼ੁਰ ਦਾ ਸਾਡੇ ਨਾਲ ਕੁਝ ਵਾਇਦਾ ਕਰਨ ਦਾ ਕਾਰਨ ਇਹ ਸੀ ਕਿ ਉਹ ਚਾਹੁੰਦਾ ਸੀ ਕਿ ਅਸੀਂ ਇਸ ਨੂੰ ਪ੍ਰਾਪਤ ਕਰੀਏ। ਇਸ ਲਈ ਅਸੀਂ ਪਰਮੇਸ਼ੁਰ ਦੇ ਵਾਇਦਿਆਂ ਨੂੰ ਸਾਡੇ ਜੀਵਨ ਦੇ ਲਈ ਉਸ ਦੀ ਇੱਛਾ ਦੇ ਪ੍ਰਗਟਾਵੇ ਵਜੋਂ ਸਮਝ ਸਕੀਏ।

### *4) ਪਰਮੇਸ਼ੁਰ ਦੀ ਇੱਛਾ ਸਾਡੇ ਲਈ ਇਹ ਹੈ ਕਿ ਅਸੀਂ ਉਸ ਦੀ ਇੱਛਾ ਨੂੰ ਜਾਣੀਏ*

ਪਰਮੇਸ਼ੁਰ ਸੱਚਮੁੱਚ ਸਾਡੇ ਲਈ, ਭਾਵ ਉਸ ਦੇ ਲੋਕਾਂ ਦੇ ਲਈ ਚਾਹੁੰਦਾ ਹੈ ਕਿ ਅਸੀਂ ਉਸ ਦੀ ਇੱਛਾ ਨੂੰ ਜਾਣੀਏ। ਪਰ ਸਾਡੇ ਤੋਂ ਆਪਣੀ ਇੱਛਾ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ ਤਾਂ ਕਿ ਅਸੀਂ ਡਗਮਗਾ, ਹਰ ਤਰ੍ਹਾਂ ਦੀਆਂ ਮੁਸੀਬਤਾਂ ਵਿੱਚ ਫਸ ਕੇ ਆਪਣੇ ਜੀਵਨ ਨੂੰ ਬਰਬਾਦ ਕਰ ਦੇਈਏ ਕਿਉਂਕਿ ਅਸੀਂ ਉਸ ਦੀ ਇੱਛਾ ਨੂੰ ਨਹੀਂ ਜਾਣਦੇ ਅਤੇ ਉਸ ਦੀ ਅਗਵਾਈ ਪ੍ਰਾਪਤ ਨਹੀਂ ਕਰ ਸਕਦੇ ਸੀ। ਦੂਜੇ ਪਾਸੇ, ਉਸ ਨੇ ਸਾਡੇ ਲਈ ਆਪਣੀ ਇੱਛਾ ਨੂੰ ਜਾਣਨ ਦਾ ਪ੍ਰਬੰਧ ਕੀਤਾ ਹੈ।

ਵੇਖੋ ਕਿ ਕੁਲੁੱਸੀਆਂ 1 ਵਿੱਚ ਪਰਮੇਸ਼ੁਰ ਦਾ ਵਚਨ ਸਾਨੂੰ ਕੀ ਕਹਿਣਾ ਹੈ ਵੇਖੋ।

**ਕੁਲੁੱਸੀਆਂ 1:9,10**
**9 ਇਸ ਕਰਕੇ ਅਸੀਂ ਵੀ ਜਿਸ ਦਿਨ ਤੋਂ ਇਹ ਸੁਣਿਆ ਤੁਹਾਡੇ ਲਈ ਇਹ ਪ੍ਰਾਰਥਨਾ ਅਤੇ ਅਰਦਾਸ ਕਰਨ ਤੋਂ ਨਹੀਂ ਹਟਦੇ ਭਈ ਤੁਸੀਂ ਹਰ ਪ੍ਰਕਾਰ ਦੇ ਆਤਮਿਕ ਗਿਆਨ ਅਤੇ ਸਮਝ ਨਾਲ ਉਹ ਦੀ ਇੱਛਿਆ ਦੀ ਪਛਾਣ ਤੋਂ ਭਰਪੂਰ ਹੋ ਜਾਓ**
**10 ਤਾਂ ਜੋ ਤੁਸੀਂ ਅਜਿਹੀ ਜੋਗ ਚਾਲ ਚੱਲੋ ਜਿਹੜੀ ਪ੍ਰਭੂ ਨੂੰ ਹਰ ਤਰ੍ਹਾਂ ਨਾਲ ਭਾਵੇ ਅਤੇ ਹਰੇਕ ਸ਼ੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਹਿਛਾਣ ਵਿੱਚ ਵੱਧਦੇ ਰਹੋ।**

ਆਓ ਅਸੀਂ ਇਨ੍ਹਾਂ ਤਿੰਨ ਮਹੱਤਵਪੂਰਨ ਸੂਝਾਂ-ਬੂਝਾਂ ‘ਤੇ ਧਿਆਨ ਕੇਂਦ੍ਰਿਤ ਕਰੀਏ:

ਪੌਲੁਸ ਨੇ ਸਭ ਤੋਂ ਪਹਿਲਾਂ ਪ੍ਰਾਰਥਨਾ ਕੀਤੀ ਕਿ ਉਹ ਪਰਮੇਸ਼ੁਰ ਦੀ ਇੱਛਾ ਦੀ ਮਾਨਤਾ ਨਾਲ ਭਰੇ ਜਾਏ (ਇਸ ਦਾ ਅਰਥ ਹੈ ਕਿ ਕੋਈ ਘਾਟ, ਕੋਈ ਕਮੀ, ਉਹ ਇਸ ਵਿੱਚ ਪੂਰੀ ਤਰ੍ਹਾਂ ਭਰੇ ਹੋਏ ਹਨ ਅਤੇ ਇਸ ਵਿੱਚ ਕੋਈ ਕਮੀ ਨਹੀਂ ਹੈ)। ਯੂਨਾਨੀ ਸ਼ਬਦ “ਗਿਆਨ” (*‘ਪੀਗਨੋਸਿਸ’*) ਦਾ ਅਰਥ ਹੈ “ਵਾਸਤਵਿਕ ਅਤੇ ਸਹੀ ਗਿਆਨ, ਡੂੰਘਾ ਅਤੇ ਸਪੱਸ਼ਟ ਗਿਆਨ।” ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਪ੍ਰਾਰਥਨਾ ਕਰ ਸਕਦੇ ਹਾਂ ਅਤੇ ਸਾਡੇ ਲਈ ਉਸ ਦੀ ਇੱਛਾ ਦਾ ਪੂਰਾ, ਸੰਪੂਰਨ, ਯਥਾਰਥ, ਸਹੀ, ਡੂੰਘਾ ਅਤੇ ਸਪੱਸ਼ਟ ਗਿਆਨ ਪ੍ਰਾਪਤ ਕਰ ਸਕਦੇ ਹਾਂ। (**ਟਿੱਪਣੀ**: ਅਸੀਂ ਇਹ ਨਹੀਂ ਕਹਿੰਦੇ ਕਿ ਸਾਡੇ ਕੋਲ ਸਾਰਾ ਗਿਆਨ ਹੈ ਜਾਂ ਸਾਡੇ ਕੋਲ ਅਨੰਤ ਗਿਆਨ ਹੈ ਜਾਂ ਅਸੀਂ ਹਰ ਗੱਲ ਬਾਰੇ ਸਭ ਕੁਝ ਜਾਣਦੇ ਹਾਂ। ਸਰਬ ਗਿਆਨ ਸਿਰਫ਼ ਪਰਮੇਸ਼ੁਰ ਦੇ ਨਾਲ ਹੈ। ਅਸੀਂ ਨਿੱਜੀ ਤੌਰ ‘ਤੇ ਆਪਣੇ ਜੀਵਨ ਦੇ ਲਈ ਉਸ ਦੀ ਇੱਛਾ ਨੂੰ ਜਾਣਨ ਬਾਰੇ ਗੱਲ ਕਰ ਰਹੇ ਹਾਂ)।

ਦੂਜੀ ਗੱਲ, ਉਸ ਦੀ ਇੱਛਾ ਨੂੰ ਜਾਣਨਾ ਬੁੱਧੀ ਅਤੇ ਆਤਮਿਕ ਸਮਝ ਤੋਂ ਆਉਂਦਾ ਹੈ ਜਾਂ ਪਵਿੱਤਰ ਆਤਮਾ ਦੁਆਰਾ ਸਾਨੂੰ ਦਿੱਤੀ ਗਈ ਬੁੱਧੀ ਜਾਂ ਸਮਝ ਦੁਆਰਾ ਆਉਂਦਾ ਹੈ। ਜਿਵੇਂ ਕਿ ਅਸੀਂ 1 ਕੁਰਿੰਥੀਆਂ 2:9-16 ਵਿੱਚ ਵੇਖਦੇ ਹਾਂ, ਪਵਿੱਤਰ ਆਤਮਾ ਸਾਡੇ ਲਈ ਕੁਝ ਗੱਲਾਂ ਪ੍ਰਗਟ ਕਰਦਾ ਹੈ ਅਤੇ ਮਸੀਹ ਦੇ ਮਨ ਨੂੰ ਸਾਨੂੰ ਦੱਸਦਾ ਹੈ। ਇਸ ਲਈ ਸਾਨੂੰ ਗਿਆਨ ਅਤੇ ਆਤਮਿਕ ਸਮਝ ਵਿੱਚ ਅੱਗੇ ਵੱਧਣਾ ਹੋਵੇਗਾ।

ਤੀਜੀ ਗੱਲ, ਉਸ ਦੀ ਇੱਛਾ ਦੇ ਗਿਆਨ ਨਾਲ ਭਰੇ ਜਾਣ ਦਾ ਆਖ਼ਰੀ ਨਤੀਜ਼ਾ ਇਹ ਹੈ ਕਿ:

- ਅਸੀਂ ਪਰਮੇਸ਼ੁਰ ਦੇ ਯੋਗ ਹੋ ਕੇ ਚੱਲਦੇ ਹਾਂ—ਇੱਕ ਅਜਿਹਾ ਜੀਵਨ ਜੀਉਂਦੇ ਹਾਂ ਜੋ ਪ੍ਰਭੂ ਦਾ ਆਦਰ ਕਰਦਾ ਹੈ।
- ਅਸੀਂ ਇੱਕ ਅਜਿਹਾ ਜੀਵਨ ਜੀਉਂਦੇ ਹਾਂ ਜੋ ਉਸ ਨੂੰ ਪੂਰੀ ਤਰ੍ਹਾਂ ਖੁਸ਼ ਕਰਦਾ ਹੈ—ਇੱਕ ਅਜਿਹਾ ਜੀਵਨ ਜੋ ਉਸ ਨੂੰ ਖੁਸ਼ ਕਰਦਾ ਹੈ।
- ਅਸੀਂ ਜੋ ਕੁਝ ਵੀ ਕਰਦੇ ਹਾਂ ਉਨ੍ਹਾਂ ਸਾਰੀਆਂ ਗੱਲਾਂ ਵਿੱਚ ਅਸੀਂ ਫਲਵੰਤ ਹਾਂ—ਉਸ ਨੇ ਸਾਨੂੰ ਕਰਨ ਦੇ ਲਈ ਬੁਲਾਇਆ ਤਾਂ ਜੋ ਉਸ ਵਿੱਚ ਬਹੁਤਾ ਫਲ ਲਿਆਈਏ।
- ਅਸੀਂ ਉਸ ਬਾਰੇ ਆਪਣੇ ਗਿਆਨ ਵਿੱਚ ਵੱਧਦੇ ਹਾਂ।

ਜਦੋਂ ਅਸੀਂ ਉਸ ਦੀ ਇੱਛਾ ਦੇ ਗਿਆਨ ਨਾਲ ਭਰੇ ਹੋਏ ਹਾਂ ਤਾਂ ਕਿੰਨੇ ਸ਼ਕਤੀਸ਼ਾਲੀ ਨਤੀਜ਼ੇ ਮਿਲਦੇ ਹਨ। ਇਸ ਦੇ ਉਲਟ ਵੀ ਵਿਚਾਰਿਆ ਜਾਣਾ ਚਾਹੀਦਾ ਹੈ, ਭਾਵ, ਜੇ ਅਸੀਂ ਉਸ ਦੀ ਇੱਛਾ ਨੂੰ ਨਹੀਂ ਜਾਣਦੇ, ਤਾਂ ਅਸੀਂ ਉਹ ਕੰਮ ਕਰ ਸਕਦੇ ਹਾਂ ਜੋ ਉਸ ਨੂੰ ਬੇਇੱਜ਼ਤ ਅਤੇ ਨਰਾਜ਼ ਬਣਾਉਂਦੇ ਹਨ, ਅਸੀਂ ਜੋ ਕੁਝ ਕਰਦੇ ਹਾਂ ਉਸ ਵਿੱਚ ਫਲਦਾਇਕ ਨਹੀਂ ਹੋਵਾਂਗੇ ਅਤੇ ਅਸੀਂ ਉਸ ਬਾਰੇ ਆਪਣੇ ਗਿਆਨ ਵਿੱਚ ਨਿਰਾਸ਼ ਹੋ ਸਕਦੇ ਹਾਂ।

ਵਿਚਾਰ ਕਰੋ ਕਿ ਅਫ਼ਸੀਆਂ ਦੇ ਪੱਤਰ ਵਿਚਲਾ ਵਚਨ ਸਾਨੂੰ ਕੀ ਸਿਖਾਉਂਦਾ ਹੈ:

**ਅਫ਼ਸੀਆਂ 5:8-10,17**

**8 ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ।**

**9 ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ ਅਤੇ ਸਚਿਆਈ ਵਿੱਚ ਹੈ**

**10 ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ?**

**17 ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ?**

ਹੁਣ ਕਿਉਂਕਿ ਅਸੀਂ ਚਾਨਣ ਹਾਂ ਅਤੇ ਚਾਨਣ ਦੇ ਬੱਚਿਆਂ ਵਾਂਗ ਚੱਲਦੇ ਹਾਂ, ਅਸੀਂ ਨਾ ਸਿਰਫ਼ ਆਤਮਾ ਦੇ ਫਲ ਦਿਖਾਉਂਦੇ ਹਾਂ, ਸਗੋਂ ਅਸੀਂ ਪ੍ਰਭੂ ਲਈ "ਸਵੀਕਾਰਯੋਗ" ਵੀ ਹੈ ਇਹ "ਭਾਲਦੇ" ਹੋਏ (ਪਰਖ, ਸਾਬਿਤ ਕਰਨ, ਪਹਿਚਾਣਨ) ਵਿੱਚ ਜੀਵਨ ਬਿਤਾਉਂਦੇ ਹਾਂ। ਅੰਗਰੇਜ਼ੀ ਵਿੱਚ "ਸਵੀਕਾਰਯੋਗ" ਦਿੱਤੇ ਜਾਣ ਦਾ ਮਤਲਬ ਇਹ ਹੋ ਸਕਦਾ ਹੈ ਕਿ ਜੋ ਠੀਕ ਹੈ, ਕੇਵਲ ਤਸੱਲੀਬਖਸ਼ ਹੈ। ਹਾਲਾਂਕਿ, ਯੂਨਾਨੀ ( *'ਯੂਆਰੇਸਟੋਜ਼'* ) ਦਾ ਅਰਥ ਇਹ ਹੈ ਕਿ ਪ੍ਰਭੂ **ਪੂਰੀ ਤਰ੍ਹਾਂ ਸਹਿਮਤ** ਅਤੇ **ਮਨ ਭਾਉਂਦਾ** ਹੈ। ਇਸ ਲਈ, ਨਿਹਚਾਵਾਨ ਹੋਣ ਦੇ ਨਾਤੇ,

ਸਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦੀ ਇਸ ਕੋਸ਼ਿਸ਼ ਨੂੰ ਜ਼ਾਰੀ ਰੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜੋ ਕਿ ਪਰਮੇਸ਼ੁਰ ਨੂੰ ਪੂਰੀ ਤਰ੍ਹਾਂ ਮਨ ਭਾਉਂਦੀ ਅਤੇ ਪ੍ਰਸੰਨ ਕਰਨ ਵਾਲੀ ਹੈ।

ਇਸ ਤੋਂ ਇਲਾਵਾ, ਆਇਤ 17 ਵਿੱਚ, ਸਾਨੂੰ ਮੂਰਖ ਨਾ ਬਣਨ ਲਈ ਕਿਹਾ ਗਿਆ ਹੈ। ਜਿਵੇਂ ਕਿ ( 'ਅਫਰੋਨ') ਦੀਆਂ ਯੂਨਾਨੀ ਵਿਆਖਿਆਵਾਂ ਵਿੱਚ "ਮੂਰਖ" ਦੇ ਹੇਠ ਲਿਖੇ ਅਰਥ ਹਨ: "ਬਿਨ੍ਹਾਂ ਕਾਰਨ, ਅਰਥਹੀਣ, ਮੂਰਖਤਾ, ਬਿਨ੍ਹਾਂ ਸੋਚ-ਸਮਝ ਪ੍ਰਤੀਬਿੰਬ ਜਾਂ ਬੁੱਧੀ ਤੋਂ ਬਿਨ੍ਹਾਂ।" ਮੂਰਖ ਬਣਨ ਦੀ ਬਜਾਇ, ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ। "ਸਮਝਣ" ਦੇ ਲਈ ਦਿੱਤਾ ਗਿਆ ਸ਼ਬਦ ਇਹ ਹੈ "ਇਕੱਠੇ ਜੁੜਨਾ, ਸਮਝਣਾ, ਮਨ ਵਿੱਚ ਜੁੜਨਾ, ਵਿਰੋਧੀ ਅਰਥਾਂ ਤੋਂ ਇਕੱਠਾ ਕਰਨਾ, ਦੋ ਯੋਧਿਆਂ ਨੂੰ ਇਕੱਠੇ ਕਰਨਾ, ਜੋ ਉਪਰੀ ਤੌਰ 'ਤੇ ਵਿਰੋਧੀ ਕਲਪਨਾਵਾਂ ਦੀ ਸੋਚ ਨੂੰ ਦਰਸਾਉਂਦਾ ਹੈ।" ਇਹ ਆਇਤ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਸਮਝਣ ਅਤੇ ਪਰਮੇਸ਼ੁਰ ਤੋਂ ਮਾਰਗ ਦਰਸ਼ਨ ਲੈਣ ਲਈ ਆਪਣੇ ਮਨ ਜਾਂ ਬੁੱਧੀ ਨੂੰ ਨਹੀਂ ਹਟਾਉਂਦੇ ਹਾਂ।

ਕਈ-ਕਈ ਵਾਰ, ਵਿਸ਼ਵਾਸੀ ਪਰਮੇਸ਼ੁਰ ਤੋਂ ਅਗਵਾਈ ਲੈਣ ਅਤੇ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਵਿੱਚ ਆਪਣੀ ਸਾਰੀ ਆਮ ਸਮਝ, ਚੌਕਸੀ ਅਤੇ ਸਮਝਦਾਰੀ ਨੂੰ ਛੱਡ ਦਿੰਦੇ ਹਨ। ਜਦੋਂ ਅਸੀਂ ਉਨ੍ਹਾਂ ਨੂੰ ਕੁਝ ਆਮ ਵਿਵਹਾਰਿਕ ਹਿਦਾਇਤਾਂ ਨਾਲ ਸਲਾਹ ਦਿੰਦੇ ਹਾਂ, ਤਾਂ ਉਹ ਇਸ ਨੂੰ ਬਹੁਤ ਗ਼ੈਰ-ਆਤਮਿਕ ਮੰਨਦੇ ਹਨ ਅਤੇ ਕੁਝ ਸਪੱਸ਼ਟ ਅਤੇ ਸਧਾਰਣ ਆਮ ਸਮਝ ਤੋਂ ਇਨਕਾਰ ਕਰਦੇ ਹਨ। ਫਿਰ ਉਹ ਵੱਡੀ ਗੜਬੜ ਵਿੱਚ ਪੈ ਜਾਂਦੇ ਹਨ ਅਤੇ ਆਪਣਾ ਜੀਵਨ ਉਸ ਗੜਬੜ ਨੂੰ ਹੱਲ ਕਰਨ ਦੀ ਕੋਸ਼ਿਸ਼ ਵਿੱਚ ਬਿਤਾਉਂਦੇ ਹਨ, ਜਿਸ ਵਿੱਚ ਉਹ ਆਪਣੇ ਆਪ ਨੂੰ ਉਲਝਾ ਰਹੇ ਸਨ। ਜੇ ਉਹ ਕੁਝ ਵਿਵਹਾਰਿਕ ਸਲਾਹ ਵੱਲ ਧਿਆਨ ਦਿੰਦੇ ਹਨ, ਤਾਂ ਉਹ ਪਰਮੇਸ਼ੁਰ ਦੇ ਰਾਜ ਦੇ ਲਈ ਬਹੁਤ ਲਾਭਦਾਇਕ ਹੋਣਗੇ। ਅਸੀਂ ਨਹੀਂ ਜਾਣਦੇ ਕਿ ਕਦੇ ਵੀ ਅਜਿਹਾ ਸਮਾਂ ਆਵੇਗਾ ਜਦੋਂ ਪਰਮੇਸ਼ੁਰ ਦੀ ਅਗਵਾਈ ਸਾਨੂੰ ਉਨ੍ਹਾਂ ਕੁਝ ਲੇਖਾਂ ਨੂੰ ਦੂਰ ਕਰਨ ਦੀ ਜ਼ਰੂਰਤ ਦੇਵੇਗੀ ਜੋ ਅਸੀਂ ਆਪਣੀ ਸਹੀ ਬੁੱਧੀ ਨਾਲ ਦੂਰ ਰੱਖ ਦਿੱਤੇ ਹਨ। ਅਸੀਂ ਇਸ ਬਾਰੇ ਹੋਰ ਚਰਚਾ ਕਰਾਂਗੇ ਜਿਸ ਨੂੰ "ਨਵੀਂ ਬੁੱਧੀ" ਕਿਹਾ ਜਾਂਦਾ ਹੈ।

### *5) ਉਹ ਗੱਲਾਂ ਜੋ ਅਣਜਾਣ ਬਣੀਆਂ ਰਹਿੰਦੀਆਂ ਹਨ*

ਜਦੋਂ ਅਸੀਂ ਪਰਮੇਸ਼ੁਰ ਤੋਂ ਅਗਵਾਈ ਲੈਂਦੇ ਹਾਂ ਅਤੇ ਉਸ ਦੀ ਇੱਛਾ ਨੂੰ ਜਾਣਦੇ

ਹਾਂ, ਤਾਂ ਅਸੀਂ ਪਛਾਣਦੇ ਹਾਂ ਕਿ ਉਹ ਅਣਜਾਣ ਦਾ ਖੇਤਰ ਹੈ।

**ਬਿਵਸਥਾਸਾਰ 29:29**
**ਗੁਪਤ ਗੱਲਾਂ ਤਾਂ ਯਹੋਵਾਹ ਸਾਡੇ ਪਰਮੇਸ਼ੁਰ ਦੀਆਂ ਹਨ ਪਰ ਜਿਹੜੀਆਂ ਪ੍ਰਗਟ ਹਨ ਓਹ ਸਦਾ ਤੀਕ ਸਾਡੇ ਲਈ ਅਤੇ ਸਾਡੇ ਪੁੱਤਰਾਂ ਲਈ ਹਨ ਤਾਂ ਜੋ ਏਸ ਬਿਵਸਥਾ ਦੀਆਂ ਗੱਲਾਂ ਪੂਰੀਆਂ ਕਰਦੇ ਰਹੀਏ।**

ਕੁਝ ਗੱਲਾਂ ਹੁੰਦੀਆਂ ਹਨ ਜੋ ਪਰਮੇਸ਼ੁਰ ਸਿਰਫ਼ ਆਪਣੇ ਕੋਲ ਰੱਖਦਾ ਹੈ। ਇਸ ਲਈ, ਭਾਵੇਂ ਸਾਨੂੰ ਸਾਰੇ ਪ੍ਰਸ਼ਨਾਂ ਦੇ ਜਵਾਬ ਨਹੀਂ ਮਿਲਦੇ, ਸਾਨੂੰ ਸੰਤੁਸ਼ਟ ਰਹਿਣ ਲਈ ਤਿਆਰ ਰਹਿਣਾ ਪਏਗਾ। ਅਸੀਂ ਅਗਿਆਤ, ਜਵਾਬ ਨਾ ਦਿੱਤੇ ਲੋਕਾਂ ਨਾਲ ਸ਼ਾਂਤੀ ਨਾਲ ਰਹਿ ਸਕਦੇ ਹਾਂ, ਕਿਉਂਕਿ ਸਾਡੇ ਕੋਲ ਸ਼ਾਂਤੀ ਹੈ, ਜੋ ਸਾਡੀ ਸਮਝ ਤੋਂ ਬਾਹਰ ਹੈ (ਫ਼ਿਲਿੱਪੀਆਂ 4:6,7)। ਸਾਨੂੰ ਇਹ ਸ਼ਾਂਤੀ ਉਦੋਂ ਵੀ ਮਿਲਦੀ ਹੈ ਜਦੋਂ ਅਸੀਂ ਇਸ ਨੂੰ ਨਹੀਂ ਸਮਝਦੇ ਅਤੇ ਸਭ ਕੁਝ ਪਰਮੇਸ਼ੁਰ ਦੇ ਹੱਥਾਂ ਵਿੱਚ ਛੱਡ ਕੇ ਅਤੇ ਉਨ੍ਹਾਂ ਨੂੰ ਦੇ ਕੇ, ਅਸੀਂ ਇਸ ਕਿਸਮ ਦੀ ਸ਼ਾਂਤੀ ਵਿੱਚ ਕਦਮ ਰੱਖਦੇ ਹਾਂ।

ਇਹ ਸਭ ਕਹਿਣ ਤੋਂ ਬਾਅਦ, ਮੈਂ ਇਹ ਦੱਸਣਾ ਚਾਹਾਂਗਾ ਕਿ ਪਰਮੇਸ਼ੁਰ ਨੇ ਸਾਨੂੰ ਸਪੱਸ਼ਟ ਤੌਰ ‘ਤੇ ਦਿਖਾਇਆ ਹੈ ਕਿ ਉਹ ਚਾਹੁੰਦਾ ਹੈ ਕਿ ਅਸੀਂ ਉਸ ਦੀ ਇੱਛਾ ਦੇ ਗਿਆਨ ਨਾਲ ਭਰੇ ਹੋਏ ਹਾਂ। ਇਸ ਲਈ, ਜਦੋਂ ਉਸ ਦੇ ਉਦੇਸ਼ਾਂ ਦੇ ਅਨੁਸਾਰ ਜੀਉਣ ਵਿੱਚ ਸਾਡੀ ਅਗਵਾਈ ਕਰਨ ਦੀ ਗੱਲ ਆਉਂਦੀ ਹੈ, ਤਾਂ ਪਰਮੇਸ਼ੁਰ ਸਾਡੇ ਤੋਂ ਕੁਝ ਵੀ ਨਹੀਂ ਰੋਕੇਗਾ ਕਿ ਸਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਲਈ ਕੀ ਜਾਣਨ ਦੀ ਜ਼ਰੂਰਤ ਹੈ।

## ਕੀ ਪਰਮੇਸ਼ੁਰ ਦੀ ਇੱਛਾ ਦੀਆਂ ਵੱਖੋ-ਵੱਖਰੀਆਂ ਸ਼੍ਰੇਣੀਆਂ ਹਨ

**ਰੋਮੀਆਂ 12:1,2**
**1 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਿਮਤਾਂ ਦੀ ਖ਼ਾਤਿਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।**
**2 ਅਤੇ ਇਸ ਜੁੱਗ ਦੇ ਰੂਪ ਜਿਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।**

ਕੁਝ ਲੋਕ ਬਾਈਬਲ ਦੀਆਂ ਇਨ੍ਹਾਂ ਦੋ ਆਇਤਾਂ ਨੂੰ ਪਰਮੇਸ਼ੁਰ ਦੀ ਇੱਛਾ

ਦੀਆਂ ਤਿੰਨ ਵੱਖ-ਵੱਖ ਸ਼੍ਰੇਣੀਆਂ ਜਾਂ ਵਰਗੀਕਰਨਾਂ ਨੂੰ ਦਰਸਾਉਣ ਲਈ ਵਰਤਦੇ ਹਨ: "ਚੰਗੀ", "ਮਨ ਭਾਉਂਦੀ" ਅਤੇ "ਪੂਰੀ ਇੱਛਿਆ"। ਹਾਲਾਂਕਿ, ਅਸੀਂ ਪਰਮੇਸ਼ੁਰ ਦੀ ਇੱਛਾ ਦੀਆਂ ਤਿੰਨ ਵੱਖ-ਵੱਖ ਸ਼੍ਰੇਣੀਆਂ ਦੀ ਇਸ ਧਾਰਨਾ ਨਾਲ ਸਹਿਮਤ ਨਹੀਂ ਹਾਂ ਅਤੇ ਅਸਲ ਵਿੱਚ ਇਹ ਨੁਕਸਦਾਰ ਹੈ ਅਤੇ ਲੋਕਾਂ ਨੂੰ ਸਮਝੌਤਾ ਕਰਨ ਵਾਲੀ ਜ਼ਿੰਦਗੀ ਜੀਉਣ ਲਈ ਅਗਵਾਈ ਕਰਦਾ ਹੈ। ਅਸੀਂ ਇਸ ਦਾ ਪੂਰੀ ਤਰ੍ਹਾਂ ਅਧਿਐਨ ਕਰਾਂਗੇ।

ਪਹਿਲਾਂ, ਸਾਨੂੰ ਇਹ ਸਮਝਣਾ ਪਏਗਾ ਕਿ "ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ" ਤਿੰਨ ਵੇਰਵੇ ਹਨ ਜੋ ਇੱਕੋ ਗੱਲ ਦਾ ਵਰਣਨ ਕਰਨ ਲਈ ਵਰਤੇ ਗਏ ਹਨ—ਪਰਮੇਸ਼ੁਰ ਦੀ ਇੱਛਾ। ਪਰਮੇਸ਼ੁਰ ਦੀ ਇੱਛਾ ਚੰਗੀ, ਮਨ ਭਾਉਂਦੀ ਅਤੇ ਪੂਰੀ ਇੱਛਿਆ ਹੈ। ਉਦਾਹਰਣ ਦੇ ਲਈ, ਜੇ ਅਸੀਂ ਕਹਿੰਦੇ ਹਾਂ ਕਿ ਇੱਕ ਸੇਬ ਲਾਲ, ਸੁਆਦੀ ਅਤੇ ਮਿੱਠਾ ਖੁਸ਼ਬੂਦਾਰ ਹੈ, ਤਾਂ ਅਸੀਂ ਇੱਕੋ ਗੱਲ ਦਾ ਵਰਣਨ ਕਰਨ ਲਈ ਤਿੰਨ ਵਰਣਨ ਦੀ ਵਰਤੋਂ ਕਰ ਰਹੇ ਹਾਂ—ਸੇਬ—ਤਿੰਨ ਵੱਖਰੀਆਂ ਚੀਜ਼ਾਂ ਨਹੀਂ ਹਨ।

ਦੂਜੀ ਗੱਲ, "ਮਨ ਭਾਉਂਦਾ" ਸ਼ਬਦ ਦਾ ਅਰਥ "ਇਜਾਜ਼ਤ" ਜਾਂ "ਆਗਿਆ ਦੇਣ ਯੋਗ" ਨਹੀਂ ਹੈ। ਰੋਮੀਆਂ 12:1,2 ਵਿੱਚ ਦਿੱਤਾ ਗਿਆ "ਮਨ ਭਾਉਂਦਾ" ਉਹੀ ਯੂਨਾਨੀ ਸ਼ਬਦ ਹੈ ਜੋ ਅਫ਼ਸੀਆਂ 5:10 ਵਿੱਚ ਵਰਤਿਆ ਗਿਆ ਸੀ, ਜਿੱਥੇ ਅਸੀਂ ਸਮਝਾਇਆ ਸੀ ਕਿ ਯੂਨਾਨੀ *'ਯੂਆਰੇਸਟੋਜ਼'* ਦਾ ਅਰਥ ਉਹ ਚੀਜ਼ ਹੈ "ਜੋ ਪਰਮੇਸ਼ੁਰ ਨੂੰ **ਪੂਰੀ ਤਰ੍ਹਾਂ ਸਹਿਮਤ ਅਤੇ ਮਨ ਭਾਉਂਦਾ ਹੈ**।" ਕਿਰਪਾ ਕਰਕੇ ਧਿਆਨ ਦਿਉ ਕਿ ਰੋਮੀਆਂ 12:1 ਅਤੇ ਰੋਮੀਆਂ 12:2 ਵਿੱਚ ਵੀ ਉਹੀ ਸ਼ਬਦ ਅਰਥਾਤ "ਮਨ ਭਾਉਂਦਾ" ਵਰਤਿਆ ਗਿਆ ਹੈ, ਸਾਡੇ ਸਰੀਰ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦੇ ਹੋਣੇ ਚਾਹੀਦੇ ਹਨ। ਸ਼ਬਦ "ਮਨ ਭਾਉਂਦਾ" ਇਹ ਸ਼ਬਦ ਪਵਿੱਤਰ ਹੋਣ ਦੇ ਬਰਾਬਰ ਹੈ। ਅਸੀਂ ਰੋਮੀਆਂ 12:1 ਵਿੱਚ ਮਨ ਭਾਉਂਦਾ ਸ਼ਬਦ ਦੀ ਵਿਆਖਿਆ ਨਹੀਂ ਕਰਦੇ, ਜੋ ਕੁਝ ਅੰਸ਼ਕ ਤੌਰ 'ਤੇ ਪਰਮੇਸ਼ੁਰ ਨੂੰ ਸਵੀਕਾਰਯੋਗ ਹੈ, ਪਰਮੇਸ਼ੁਰ ਲਈ ਆਗਿਆ ਨਹੀਂ ਹੈ। ਇਸ ਲਈ, ਜਦੋਂ ਅਸੀਂ ਰੋਮੀਆਂ 12:2 ਵਿੱਚ ਇਸ "ਮਨ ਭਾਉਂਦੇ" ਸ਼ਬਦ ਨੂੰ ਪੜ੍ਹਦੇ ਹਾਂ, ਤਾਂ ਸਾਨੂੰ ਇਸ ਸਮਝ ਦੇ ਆਪਣੇ ਮੁਲਾਂਕਣ ਵਿੱਚ ਇਕਸਾਰ ਹੋਣਾ ਚਾਹੀਦਾ ਹੈ। ਇਹ ਉੱਥੇ ਯੂਨਾਨੀ ਸ਼ਬਦ ਹੈ। ਰੋਮੀਆਂ 12:2 ਵਿੱਚ "ਪੂਰੀ ਤਰ੍ਹਾਂ ਸਹਿਮਤ ਅਤੇ ਮਨ ਭਾਉਂਦੇ" ਸ਼ਬਦ ਦਾ ਅਰਥ ਹੈ ਮਨ ਭਾਉਂਦਾ ਪਰਮੇਸ਼ੁਰ ਦੇ

ਨਾਲ "ਸੰਪੂਰਨ" ਅਤੇ "ਸਿੱਧ ਇੱਛਾ" ਦੇ ਸਮਾਨ ਹੈ।

ਤੀਜੀ ਗੱਲ, ਜੇ ਪਰਮੇਸ਼ੁਰ ਦੀ ਇੱਛਾ ਦੀਆਂ ਤਿੰਨ ਸ਼੍ਰੇਣੀਆਂ ਦਾ ਅਜਿਹਾ ਪ੍ਰਗਟਾਵਾ ਹੋਇਆ ਸੀ, ਤਾਂ ਪੌਲੁਸ ਨੇ ਆਪਣੇ ਪੱਤਰਾਂ ਵਿੱਚ ਕਿਤੇ ਵੀ ਇਸ ਦਾ ਜ਼ਿਕਰ ਨਹੀਂ ਕੀਤਾ। ਇਸ ਦੀ ਬਜਾਇ, ਅਸੀਂ ਦੂਜੀਆਂ ਪੱਤਰੀਆਂ ਵਿੱਚ ਵੇਖਦੇ ਹਾਂ (ਜਿਵੇਂ ਕਿ ਅਸੀਂ ਕੁਲੁੱਸੀਆਂ ਅਤੇ ਅਫ਼ਸੀਆਂ ਵਿੱਚ ਵੇਖਿਆ ਹੈ) ਕਿ ਅਸੀਂ ਪਰਮੇਸ਼ੁਰ ਦੀ ਸਿੱਧ ਇੱਛਾ ਨੂੰ ਸਪੱਸ਼ਟ ਤੌਰ ਤੇ ਜਾਣ ਸਕਦੇ ਹਾਂ।

ਚੌਥੀ ਗੱਲ, ਯਿਸੂ ਮਸੀਹ ਦੇ ਜੀਵਨ, ਉਪਦੇਸ਼ ਅਤੇ ਸੇਵਕਾਈ ਨੂੰ ਵੇਖੋ। ਸਾਨੂੰ ਇਹ ਨਹੀਂ ਲੱਗਦਾ ਕਿ ਯਿਸੂ ਪਰਮੇਸ਼ੁਰ ਦੀ ਇੱਛਾ ਦੀਆਂ ਵੱਖੋ-ਵੱਖਰੀਆਂ ਸ਼੍ਰੇਣੀਆਂ ਬਾਰੇ ਸਿਖਾ ਰਿਹਾ ਹੈ। ਜਦੋਂ ਬਿਮਾਰ ਉਸ ਕੋਲ ਆਏ, ਤਦ ਯਿਸੂ ਨੂੰ ਪਿਤਾ ਨੂੰ ਇਹ ਪ੍ਰਾਰਥਨਾ ਕਰਨ ਦੀ ਜ਼ਰੂਰਤ ਨਹੀਂ ਸੀ ਕਿ ਕੀ ਉਨ੍ਹਾਂ ਨੂੰ ਚੰਗਾ ਕਰਨਾ ਪਰਮੇਸ਼ੁਰ ਦੀ ਇੱਛਾ ਸੀ ਜਾਂ ਨਹੀਂ, ਉਨ੍ਹਾਂ ਦਾ ਬਿਮਾਰ ਰਹਿਣਾ ਉਸ ਦੀ "ਇਜਾਜ਼ਤਯੋਗ ਇੱਛਾ" ਸੀ। ਜਿਹੜਾ ਵੀ ਵਿਸ਼ਵਾਸ ਨਾਲ ਉਸ ਕੋਲ ਆਇਆ ਉਸ ਨੇ ਉਨ੍ਹਾਂ ਨੂੰ ਚੰਗਾ ਕੀਤਾ ਅਤੇ ਛੁਡਾਇਆ।

ਹੋਰ ਸਮੱਸਿਆਵਾਂ ਬਾਰੇ ਕੀ ਜਿਵੇਂ ਕਿ (ੳ) ਮਨੁੱਖ ਦਾ ਪਤਨ, (ਅ) ਜੰਗਲ ਵਿੱਚ ਇਬਰਾਨੀਆਂ ਦਾ ਮਾਸ ਮੰਗਣਾ, (ਅ) ਇਸਰਾਏਲ ਦੇ ਰਾਜੇ ਨੂੰ ਉਨ੍ਹਾਂ ਦੇ ਗੁਆਂਢੀਆਂ ਆਪਣੇ ਗੁਆਂਢੀਆਂ ਦੇਸ਼ਾਂ ਵਾਂਗੂ ਇਸਰਾਏਲ ਦਾ ਰਾਜੇ ਦੀ ਮੰਗ ਕਰਨਾ, ਆਦਿ। ਕੀ ਇਹ ਪਰਮੇਸ਼ੁਰ ਦੀ ਇੱਛਾ ਸੀ? ਨਹੀਂ। ਕੀ ਪਰਮੇਸ਼ੁਰ ਨੇ ਇਸ ਦੀ ਆਗਿਆ ਦਿੱਤੀ? ਜੀ ਹਾਂ। ਕੀ ਇਸ ਦਾ ਮਤਲਬ ਇਹ ਹੈ ਕਿ "ਸਵੀਕਾਰਯੋਗ ਵਸੀਅਤ" ਅਤੇ "ਪ੍ਰਵਾਨਿਤ ਵਸੀਅਤ" ਵਰਗੀ ਕੋਈ ਗੱਲ ਹੈ? ਇਹ ਠੀਕ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਜੋ ਕੁਝ ਹੋਇਆ ਉਹ ਪਰਮੇਸ਼ੁਰ ਦੀ ਇੱਛਾ ਨਹੀਂ ਸੀ ਅਤੇ ਫਿਰ ਵੀ ਕਿਉਂਕਿ ਪਰਮੇਸ਼ੁਰ ਨੇ ਲੋਕਾਂ ਨੂੰ ਸੁਤੰਤਰ ਇੱਛਾ ਅਤੇ ਉਨ੍ਹਾਂ ਦੇ ਫੈਸਲਿਆਂ ਵਿੱਚੋਂ ਇੱਕ ਦੀ ਚੋਣ ਕਰਨ ਦੀ ਅਜ਼ਾਦੀ ਦਿੱਤੀ ਹੈ। ਪਰਮੇਸ਼ੁਰ ਸਾਨੂੰ ਉਨ੍ਹਾਂ ਚੋਣਾਂ ਦੇ ਨਾਲ ਜਾਣ ਦੀ ਆਗਿਆ ਦਿੰਦਾ ਹੈ, ਜੋ ਅਸੀਂ ਕਰਦੇ ਹਾਂ ਅਤੇ ਉਹ ਸਾਡੇ ਨਾਲ ਕੰਮ ਕਰਦਾ ਹੈ, ਸਾਨੂੰ ਆਪਣੇ ਆਪ ਵੱਲ ਵਾਪਿਸ ਬੁਲਾਉਂਦਾ ਹੈ, ਤਾਂ ਕਿ ਉਸ ਦੇ ਉਦੇਸ਼ਾਂ ਨੂੰ ਸਥਾਪਿਤ ਵੇਖਣ ਲਈ, ਪਰਮੇਸ਼ੁਰ ਆਪਣੀ ਇੱਛਾ ਅਨੁਸਾਰ ਸਭ ਕੁਝ ਬਹਾਲ ਕਰਦਾ ਹੈ। ਇੱਕ ਉਦਾਹਰਣ ਦੇ ਤੌਰ ਤੇ, ਇਸ 'ਤੇ ਵਿਚਾਰ ਕਰੋ: ਸ਼ਹਿਰ ਵਿੱਚ ਸਰਕਾਰ ਦੀ ਇੱਛਾ (ਜਾਂ ਕਾਨੂੰਨ) ਨਹੀਂ ਹੈ ਕਿ ਕਤਲ ਹੋਣ। ਪਰ ਕੀ ਕਤਲ

ਹੁੰਦੇ ਹਨ? ਜੀ ਹਾਂ। ਕੀ ਇਸ ਦਾ ਮਤਲਬ ਇਹ ਹੈ ਕਿ ਸਰਕਾਰ ਕੋਲ ਇੱਕ "ਪ੍ਰਵਾਨਿਤ ਕਾਨੂੰਨ" ਹੈ ਜੋ ਕਤਲਾਂ ਦੀ ਆਗਿਆ ਦਿੰਦਾ ਹੈ? ਬਿਲਕੁਲ ਨਹੀਂ। ਸਾਰੇ ਕਤਲ ਕਾਨੂੰਨ ਦੇ ਵਿਰੁੱਧ ਹਨ। ਸਰਕਾਰ ਕਾਨੂੰਨ ਨੂੰ ਲਾਗੂ ਕਰਨ ਅਤੇ ਕਾਨੂੰਨ ਨੂੰ ਬਹਾਲ ਕਰਨ ਦੇ ਲਈ ਕੰਮ ਕਰਦੀ ਹੈ, ਜਿੱਥੇ ਚੀਜ਼ਾਂ ਦੀ ਉਲੰਘਣਾ ਕੀਤੀ ਗਈ ਹੈ।

ਇਸ ਲਈ, ਕੁਝ ਲੋਕ ਜਿਸ ਨੂੰ "ਇਜਾਜ਼ਤਯੋਗ ਇੱਛਾ" ਕਹਿੰਦੇ ਹਨ, ਉਹ ਅਸਲ ਵਿੱਚ ਉਹ ਚੀਜ਼ ਹੈ, ਜੋ "ਪਰਮੇਸ਼ੁਰ ਦੀ ਇੱਛਾ ਨਹੀਂ" ਹੈ ਅਤੇ ਕੁਝ ਅਜਿਹਾ ਹੈ ਜੋ ਪਰਮੇਸ਼ੁਰ ਦੀ ਇੱਛਾ ਤੋਂ ਬਾਹਰ ਹੈ।

ਪਰਮੇਸ਼ੁਰ ਦੀ "ਇਜਾਜ਼ਤਯੋਗ ਇੱਛਾ" ਦਾ ਖ਼ਤਰਾ ਇਹ ਹੈ ਕਿ ਇਹ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਇੱਛਾ ਪੂਰੀ ਕਰਨ ਦਾ ਬਹੁਤ ਸੌਖਾ ਤਰੀਕਾ ਪ੍ਰਦਾਨ ਕਰਦੀ ਹੈ। ਦਲੀਲ ਇਹ ਹੈ "ਕਿ ਜਿੰਨਾ ਚਿਰ ਮੈਂ ਪਰਮੇਸ਼ੁਰ ਦੀ ਇੱਛਾ ਤੋਂ ਬਾਹਰ ਨਹੀਂ ਹਾਂ ਅਤੇ ਜੇ ਮੈਂ ਪਰਮੇਸ਼ੁਰ ਦੀ ਆਗਿਆ ਦੀ ਇੱਛਾ ਵਿੱਚ ਹਾਂ ਤਾਂ ਮੈਂ ਠੀਕ ਹਾਂ।" ਇਸ ਨੂੰ ਸੌਖੇ ਸ਼ਬਦਾਂ ਵਿੱਚ ਕਹਿਣਾ ਹੈ—ਜਿਸ ਨੂੰ ਲੋਕ ਪਰਮੇਸ਼ੁਰ ਦੀ "ਆਗਿਆ ਵਾਲੀ" ਇੱਛਾ ਵਿੱਚ ਰਹਿਣਾ ਕਹਿੰਦੇ ਹਨ। ਇਹ ਸੱਚਮੁੱਚ ਪਰਮੇਸ਼ੁਰ ਦੀ ਇੱਛਾ ਤੋਂ ਬਾਹਰ ਜੀਉਣਾ ਹੈ।

ਪਰਮੇਸ਼ੁਰ ਚਾਨਣ ਹੈ ਅਤੇ ਉਸ ਵਿੱਚ ਕੋਈ ਹਨੇਰਾ ਨਹੀਂ ਹੈ ਅਤੇ ਉਸ ਵਿੱਚ ਕੋਈ "ਸ਼ੱਕ ਵਾਲੀ ਗੱਲ" ਨਹੀਂ ਹੈ। ਸਾਡਾ ਉਦੇਸ਼ ਹੈ, ਪਰਮੇਸ਼ੁਰ ਦੀ ਚੰਗੀ, ਮਨ ਭਾਉਂਦੀ ਅਤੇ ਪੂਰੀ ਇੱਛਿਆ ਨੂੰ ਸਮਝਣਾ ਅਤੇ ਉਸ ਉੱਤੇ ਚੱਲਣਾ ਹੈ।

## ਸਾਡੀ ਜ਼ਿੰਮੇਵਾਰੀ: ਖੋਜ ਕਰਨਾ, ਸੁਣਨਾ, ਆਗਿਆ ਮੰਗਣਾ

ਪਰਮੇਸ਼ੁਰ ਤੋਂ ਅਗਵਾਈ ਲੈਣ ਵੇਲੇ ਸਾਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਜਾਂ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਾਨੂੰ ਖੋਜਣ, ਸੁਣਨ ਅਤੇ ਆਗਿਆਕਾਰੀ ਕਰਨੀ ਚਾਹੀਦੀ ਹੈ।

### *ਖੋਜ ਕਰਨ ਲਈ*

ਖੋਜ ਕਰਨ ਦਾ ਮਤਲਬ ਇਹ ਹੈ ਕਿ ਅਸੀਂ ਸੱਚੇ ਦਿਲੋਂ ਚਾਹੁੰਦੇ ਹਾਂ ਕਿ ਪਰਮੇਸ਼ੁਰ ਸਾਡਾ ਮਾਰਗ ਦਰਸ਼ਨ ਕਰੇ ਅਤੇ ਅਸੀਂ ਸਾਡੀ ਅਗਵਾਈ ਕਰਨ ਲਈ ਬੇਨਤੀ

ਕਰਦੇ ਹਾਂ। ਅਸੀਂ ਉਸ ਦੀ ਇੱਛਾ ਨੂੰ ਜਾਣਨ ਦੀ ਇੱਛਾ ਜ਼ਾਹਿਰ ਕਰਦੇ ਹਾਂ ਤਾਂ ਜੋ ਅਸੀਂ ਉਸ ਦਾ ਆਦਰ ਕਰਦੇ ਹੋਏ ਅਤੇ ਉਸ ਨੂੰ ਪ੍ਰਸੰਨ ਕਰਦੇ ਹੋਏ ਚੱਲ ਸਕੀਏ।

ਪਰਮੇਸ਼ੁਰ ਸਾਨੂੰ ਉਸ ਨੂੰ ਲੱਭਣ ਲਈ ਸੱਦਾ ਦਿੰਦਾ ਹੈ ਅਤੇ ਅਸੀਂ ਬੇਨਤੀ ਕਰੀਏ ਤਾਂ ਕਿ ਉਨ੍ਹਾਂ ਗੱਲਾਂ ਦੇ ਪ੍ਰਗਟਾਵੇ ਨੂੰ ਪ੍ਰਾਪਤ ਕਰਨ ਲਈ ਕਰੀਏ ਜੋ ਗੱਲਾਂ ਅਸੀਂ ਨਹੀਂ ਜਾਣਦੇ।

**ਯਿਰਮਿਯਾਹ 29:12,13**
**12 ਤਦ ਤੁਸੀਂ ਮੈਨੂੰ ਪੁਕਾਰੋਗੇ ਅਤੇ ਜਾ ਕੇ ਮੈਥੋਂ ਪ੍ਰਾਰਥਨਾ ਕਰੋਗੇ ਤੇ ਮੈਂ ਤੁਹਾਡੀ ਸੁਣਾਂਗਾ**
**13 ਤੁਸੀਂ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਗੇ।**

ਸਾਡਾ ਖੋਜ ਕਰਨਾ ਸੰਪੂਰਨ ਦਿਲ ਤੋਂ ਹੋਣਾ ਚਾਹੀਦਾ। ਦਿਲ ਦੇ ਅਜਿਹੇ ਰੁਝਾਨ ਦਾ ਪਰਮੇਸ਼ੁਰ ਉੱਤਰ ਦਿੰਦਾ ਹੈ।

**ਯਿਰਮਿਯਾਹ 33:3**
**ਮੈਨੂੰ ਪੁਕਾਰ ਅਤੇ ਮੈਂ ਤੈਨੂੰ ਉੱਤਰ ਦਿਆਂਗਾ ਅਤੇ ਮੈਂ ਤੈਨੂੰ ਵੱਡੀਆਂ-ਵੱਡੀਆਂ ਅਤੇ ਔਖੀਆਂ ਗੱਲਾਂ ਦੱਸਾਂਗਾ ਜਿਨ੍ਹਾਂ ਨੂੰ ਤੂੰ ਨਹੀਂ ਜਾਣਦਾ।**

ਖੋਜ ਕਰਨਾ, ਪ੍ਰਾਪਤ ਕਰਨ ਦੀ ਵੱਲ ਲੈ ਜਾਂਦਾ ਹੈ। ਜਦੋਂ ਅਸੀਂ ਪਰਮੇਸ਼ੁਰ ਨੂੰ ਦਿਲੋਂ ਪੁੱਛਦੇ ਹਾਂ ਅਤੇ ਆਪਣੇ ਜੀਵਨ ਵਿੱਚ ਉਸ ਦੀ ਇੱਛਾ ਅਤੇ ਦਿਸ਼ਾ ਨੂੰ ਜਾਣਨ ਦੀ ਇੱਛਾ ਰੱਖਦੇ ਹਾਂ, ਤਾਂ ਅਸੀਂ ਉਸ ਦੀ ਅਗਵਾਈ ਨੂੰ ਸਮਝਾਂਗੇ ਅਤੇ ਪ੍ਰਾਪਤ ਕਰਾਂਗੇ।

**ਮੱਤੀ 7:7,8**
**7 ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਡੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ।**
**8 ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਡਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ।**

ਪਰਮੇਸ਼ੁਰ ਦੀ ਅਗਵਾਈ ਦੀ ਭਾਲ ਕਰਨਾ ਅਤੇ ਉਸ ਨੂੰ ਪ੍ਰਾਪਤ ਕਰਨਾ ਭਿੰਨ ਸਮੀਕਰਨ ਹਨ:

*ਸਭ ਕੁਝ ਆਮ ਹੁੰਦੇ ਹੋਏ ਵੀ ਉਸ ਦੀ ਅਗਵਾਈ ਦੀ ਮੰਗ ਕਰਨਾ*

ਰੋਜ਼ਮਰ੍ਹਾ ਦੇ ਜੀਵਨ ਵਿੱਚ, ਅਸੀਂ ਆਤਮਾ ਨਾਲ ਚੱਲਦੇ ਹਾਂ, ਇੱਕ ਨਵੇਂ ਦਿਮਾਗ਼

ਨਾਲ ਚੱਲਦੇ ਹਾਂ ਅਤੇ ਜਦੋਂ ਮਹੱਤਵਪੂਰਨ ਫੈਸਲੇ ਲੈਣ ਦਾ ਸਮਾਂ ਆਉਂਦਾ ਹੈ, ਤਾਂ ਉਸ ਨੂੰ ਸੁਣਨਾ ਸਿੱਖਦੇ ਹਾਂ। ਸ਼ਾਇਦ ਤੁਸੀਂ ਕਿਸੇ ਕਾਰੋਬਾਰੀ ਇਕੱਠ ਵਿੱਚ ਹੋਵੋਗੇ ਅਤੇ ਤੁਹਾਨੂੰ ਕੁਝ ਮਹੱਤਵਪੂਰਨ ਫੈਸਲੇ ਲੈਣੇ ਪੈਣਗੇ। ਆਪਣੇ ਦਿਲ ਵਿੱਚ ਪ੍ਰਾਰਥਨਾ ਕਰੋ। ਉਸ ਨਾਲ ਗੱਲ ਕਰੋ ਅਤੇ ਉਸ ਨੂੰ ਸਲਾਹ ਅਤੇ ਮਾਰਗ ਦਰਸ਼ਨ ਲਈ ਪੁੱਛੋ। ਦਿਨ ਭਰ ਵਿੱਚ ਜਦੋਂ ਅਸੀਂ ਆਮ ਹਾਲਾਤਾਂ ਵਿੱਚੋਂ ਦੀ ਲੰਘਦੇ ਹਾਂ ਤਾਂ ਉਹ ਸਾਡੀ ਅਗਵਾਈ ਕਰੇਗਾ।

*ਖੋਜ ਦੇ ਵਿਸ਼ੇ ਦੇ ਸਮੇਂ ਦੌਰਾਨ ਉਸ ਦੇ ਮਾਰਗ ਦਰਸ਼ਨ ਦੀ ਭਾਲ ਕਰਨਾ*
ਜੀਵਨ ਦੇ ਮਹੱਤਵਪੂਰਣ (ਵੱਡੇ) ਫੈਸਲੇ ਲੈਂਦੇ ਸਮੇਂ, ਅਸੀਂ ਪਰਮੇਸ਼ੁਰ ਦੀ ਭਾਲ ਕਰਨ ਲਈ ਸਮਾਂ ਕੱਢ ਸਕਦੇ ਹਾਂ, ਸਾਨੂੰ ਸਮਾਂ ਕੱਢ ਕੇ ਰੱਖਣਾ ਚਾਹੀਦਾ ਹੈ। ਇਸ ਦਾ ਅਰਥ ਇਹ ਹੋਵੇਗਾ ਕਿ ਅਸੀਂ ਉਸ ਦੇ ਨਾਲ ਪ੍ਰਾਰਥਨਾ ਵਿੱਚ, ਉਸਦੇ ਵਚਨ ਵਿੱਚ, ਅਰਾਧਨਾ ਵਿੱਚ ਇਕੱਲੇ ਵਾਧੂ ਸਮਾਂ ਬਿਤਾਉਂਦੇ ਹਾਂ ਅਤੇ ਆਪਣੇ ਆਪ ਨੂੰ ਉਸ ਦੁਆਰਾ ਸੇਧ ਦੇਣ ਲਈ ਤਿਆਰ ਕਰਦੇ ਹਾਂ। ਉਸ ਦੀ ਭਾਲ ਕਰਨ ਲਈ ਵਿਸ਼ੇਸ਼ ਸਮੇਂ ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਅਸੀਂ ਉਸ ਦੀ ਉਡੀਕ ਵਿੱਚ ਕਈ ਦਿਨ (ਹਫ਼ਤੇ) ਬਿਤਾਉਂਦੇ ਹਾਂ, ਜਦੋਂ ਤੱਕ ਅਸੀਂ ਨਿਸ਼ਚਿਤ ਤੌਰ ਤੇ ਨਹੀਂ ਜਾਣਦੇ ਕਿ ਉਹ ਕੀ ਕਰਨਾ ਚਾਹੁੰਦਾ ਹੈ ਕਿ ਅਸੀਂ ਕਰੀਏ।

ਕੁਝ ਲੋਕ ਪਰਮੇਸ਼ੁਰ ਤੋਂ ਅਗਵਾਈ ਦੀ ਭਾਲ ਵਿੱਚ ਵਰਤ ਰੱਖਣ ਅਤੇ ਪ੍ਰਾਰਥਨਾ ਕਰਨ ਦੀ ਚੋਣ ਕਰ ਸਕਦੇ ਹਨ, ਖ਼ਾਸ ਕਰ ਵੱਡੇ ਫੈਸਲਿਆਂ ਵਿੱਚ। ਯਸਾਯਾਹ 58 ਸਾਨੂੰ ਸਿਖਾਉਂਦਾ ਹੈ ਕਿ “ਚੁਣੇ ਹੋਏ ਵਰਤ” ਦੇ ਨਤੀਜਿਆਂ ਵਿੱਚੋਂ ਇੱਕ ਇਹ ਹੈ ਕਿ ਉਸ ਦਾ ਚਾਨਣ ਸਾਡੀ ਜ਼ਿੰਦਗੀ ਵਿੱਚ ਚਮਕਦਾ ਹੈ (ਯਸਾਯਾਹ 58:8) ਅਤੇ ਇਹ ਕਿ ਪਰਮੇਸ਼ੁਰ ਸਾਡੀ ਅਗਵਾਈ ਕਰਦਾ ਰਹਿੰਦਾ ਹੈ:

**ਯਸਾਯਾਹ 58:11**
**ਯਹੋਵਾਹ ਤੇਰੀ ਅਗਵਾਈ ਸਦਾ ਕਰਦਾ ਰਹੇਗਾ, ਝੁਲਸਿਆਂ ਥਾਵਾਂ ਵਿੱਚ ਤੇਰੀ ਜਾਨ ਨੂੰ ਤ੍ਰਿਪਤ ਕਰੇਗਾ**
**ਅਤੇ ਤੇਰੀਆਂ ਹੱਡੀਆਂ ਨੂੰ ਮਜ਼ਬੂਤ ਕਰੇਗਾ,**
**ਤੂੰ ਸਿੰਜੇ ਹੋਏ ਬਾਗ ਜਿਹਾ ਹੋਵੇਂਗਾ**
**ਅਤੇ ਉਸ ਸੁੰਬ ਜਿਹਾ ਜਿਹ ਹਾਹ ਦਾ ਪਾਣੀ ਮੁੱਕਦਾ ਨਹੀਂ।**

## *“ਪਰਮੇਸ਼ੁਰ ਦੇ ਅਣਕਿਆਸੇ ਪਲਾਂ” ਦੇ ਦੁਆਰਾ ਮਾਰਗ ਦਰਸ਼ਨ*

ਫਿਰ "ਪਰਮੇਸ਼ੁਰ ਦੇ ਉਹ ਅਚਾਨਕ ਪਲ" ਹੁੰਦੇ ਹਨ ਜਿੱਥੇ ਪਰਮੇਸ਼ੁਰ ਬੋਲਣਾ ਸ਼ੁਰੂ ਕਰਦਾ ਹੈ ਅਤੇ ਆਪਣੀ ਇੱਛਾ ਨੂੰ ਸਾਡੇ ਲਈ ਪ੍ਰਗਟ ਕਰਦਾ ਹੈ। ਜ਼ਰੂਰੀ ਨਹੀਂ ਕਿ ਅਸੀਂ ਮਾਰਗ ਦਰਸ਼ਨ ਦੀ ਮੰਗ ਕਰ ਰਹੇ ਹਾਂ ਜਾਂ ਇਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਪਰਮੇਸ਼ੁਰ ਦਖ਼ਲ ਦਿੰਦਾ ਹੈ ਅਤੇ ਸਾਡੇ ਨਾਲ ਗੱਲ ਕਰਦਾ ਹੈ। ਇਹ ਕਿਸੇ ਵੀ ਤਰੀਕਿਆਂ ਨਾਲ ਆ ਸਕਦਾ ਹੈ ਜਿਸ ਬਾਰੇ ਅਸੀਂ ਬਾਅਦ ਵਿੱਚ ਵਿਚਾਰ ਕਰਾਂਗੇ।

## *ਸੁਣਨ ਲਈ*

**ਯੂਹੰਨਾ 10:1-5,27**

**1 ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਿਹੜਾ ਭੇਡਾਂ ਦੇ ਬਾੜੇ ਵਿੱਚ ਬੂਹੇ ਥਾਣੀਂ ਨਹੀਂ ਵੜਦਾ ਪਰ ਹੋਰ ਪਾਸਿਓਂ ਵੜ੍ਹਦਾ ਹੈ ਉਹ ਚੋਰ ਅਤੇ ਡਾਕੂ ਹੈ**

**2 ਪਰ ਜਿਹੜਾ ਬੂਹੇ ਥਾਣੀਂ ਵੜਦਾ ਹੈ, ਉਹ ਭੇਡਾਂ ਦਾ ਅਯਾਲੀ ਹੈ**

**3 ਉਹ ਦੇ ਲਈ ਦਰਬਾਨ ਖੋਲ੍ਹ ਦਿੰਦਾ ਹੈ ਅਤੇ ਭੇਡਾਂ ਉਹ ਦਾ ਬੋਲ ਸੁਣਦੀਆਂ ਹਨ ਅਤੇ ਉਹ ਆਪਣੀਆਂ ਭੇਡਾਂ ਦਾ ਨਾਉਂ ਲੈ ਲੈ ਕੇ ਬੁਲਾਉਂਦਾ ਹੈ ਅਰ ਉਨ੍ਹਾਂ ਨੂੰ ਬਾਹਰ ਲੈ ਜਾਂਦਾ ਹੈ**

**4 ਜਦ ਉਹ ਆਪਣੀਆਂ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ-ਅੱਗੇ ਤੁਰ ਪੈਂਦਾ ਹੈ ਅਤੇ ਭੇਡਾਂ ਉਹ ਦੇ ਮਗਰ-ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸ ਦੀ ਅਵਾਜ਼ ਪਛਾਣਦੀਆਂ ਹਨ।**

**5 ਓਹ ਪਰਾਏ ਦੇ ਮਗਰ ਕਦੇ ਨਾ ਜਾਣਗੀਆਂ ਸਗੋਂ ਉਸ ਤੋਂ ਨੱਸ ਜਾਣਗੀਆਂ ਕਿਉਂਕਿ ਉਹ ਪਰਾਇਆਂ ਦੀ ਅਵਾਜ਼ ਨਹੀਂ ਪਛਾਣਦੀਆਂ।**

**27 ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।**

ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨ ਲਈ ਇੱਕ ਹੋਰ ਅਹਿਮ ਕਦਮ ਹੈ ਸੁਣਨਾ।

ਧਿਆਨ ਦਿਓ ਕਿ ਪ੍ਰਭੂ ਯਿਸੂ ਨੇ ਕਿਵੇਂ ਦੱਸਿਆ ਕਿ ਭੇਡਾਂ ਆਪਣੇ ਚਰਵਾਹੇ ਦੇ ਸੰਬੰਧ ਵਿੱਚ ਕੀ ਕਰਦੀਆਂ ਹਨ:

- ਭੇਡਾਂ ਉਸ ਦੀ ਅਵਾਜ਼ ਸੁਣਦੀਆਂ ਹਨ (ਆਇਤ 3)—ਉਹ ਚਰਵਾਹੇ ਦੀ ਅਵਾਜ਼ ਸੁਣਨ ਲਈ ਕੰਨ ਕਰਦੀਆਂ ਹਨ।
- ਭੇਡਾਂ ਉਸ ਦੀ ਨੁਮਾਇੰਦਗੀ ਕਰਦੀਆਂ ਹਨ ਕਿਉਂਕਿ ਉਹ ਉਸ ਦੀ ਅਵਾਜ਼ ਨੂੰ ਜਾਣਦੀਆਂ ਹਨ (ਆਇਤਾਂ 4, 27)—ਉਹ ਆਪਣੇ ਚਰਵਾਹੇ ਦਾ ਪਾਲਣ

ਕਰਨ ਦੇ ਯੋਗ ਹਨ ਕਿਉਂਕਿ ਉਹ ਉਸ ਦੀ ਅਵਾਜ਼ ਨੂੰ ਜਾਣਦੀਆਂ ਹਨ ਅਤੇ ਸੁਣਦੀਆਂ ਹਨ।

- ਭੇਡਾਂ ਅਜਨਬੀ ਦਾ ਪਿੱਛਾ ਨਹੀਂ ਕਰਦੀਆਂ (ਆਇਤ 5) ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਉਨ੍ਹਾਂ ਦੇ ਚਰਵਾਹੇ ਦੀ ਅਵਾਜ਼ ਨਹੀਂ ਹੈ।

ਇਹ ਭੇਡਾਂ ਦੀ ਸਰਗਰਮ ਭਾਗੀਦਾਰੀ ਦੀ ਕਿਰਿਆ ਹੈ।

ਇਸੇ ਤਰ੍ਹਾਂ, ਭੇਡਾਂ ਵਾਂਗ, ਜਦੋਂ ਅਸੀਂ ਉਸ ਦੀ ਅਵਾਜ਼ ਨੂੰ ਜਾਣਦੇ ਹਾਂ, ਪਛਾਣਦੇ ਹਾਂ ਅਤੇ ਸੁਣਦੇ ਹਾਂ, ਅਸੀਂ ਆਪਣੇ ਚਰਵਾਹੇ ਦੇ ਪਿੱਛੇ ਚੱਲ ਸਕਦੇ ਹਾਂ। ਪਰਮੇਸ਼ੁਰ ਬੋਲ ਰਿਹਾ ਹੈ। ਕੀ ਅਸੀਂ ਸੁਣ ਰਹੇ ਹਾਂ? ਕੀ ਅਸੀਂ ਸਹੀ ਥਾਵਾਂ 'ਤੇ ਹਾਂ ਅਤੇ ਸਹੀ ਅਵਾਜ਼ਾਂ ਸੁਣ ਰਹੇ ਹਾਂ? ਕੀ ਅਸੀਂ ਗ਼ਲਤ ਅਵਾਜ਼ਾਂ, ਅਜਨਬੀ ਦੀ ਅਵਾਜ਼ ਤੋਂ ਪਰਹੇਜ਼ ਕਰ ਰਹੇ ਹਾਂ ਜਾਂ ਉਸ ਨੂੰ ਗਲੇ ਲਗਾ ਰਹੇ ਹਾਂ।

**ਜ਼ਬੂਰਾਂ 23:3,4**
**3 ਉਹ ਮੇਰੀ ਜਾਨ ਵਿੱਚ ਜਾਨ ਪਾਉਂਦਾ ਹੈ, ਧਰਮ ਦੇ ਮਾਰਗਾਂ ਵਿੱਚ ਉਹ ਆਪਣੇ ਨਾਮ ਦੇ ਨਮਿੱਤ ਮੇਰੀ ਅਗਵਾਈ ਕਰਦਾ ਹੈ।**
**4 ਭਾਵੇਂ ਮੈਂ ਮੌਤ ਦੀ ਛਾਂ ਦੀ ਵਾਦੀ ਵਿੱਚ ਫਿਰਾਂ, ਮੈਂ ਕਿਸੇ ਬਦੀ ਤੋਂ ਨਹੀਂ ਡਰਾਂਗਾ, ਤੂੰ ਜੋ ਮੇਰੇ ਨਾਲ ਹੈਂ। ਤੇਰੀ ਸੋਟੀ ਤੇ ਤੇਰੀ ਲਾਠੀ, ਏਹ ਮੈਨੂੰ ਤਸੱਲੀ ਦਿੰਦੀਆਂ ਹਨ।**

ਚਰਵਾਹੇ ਦੀ ਲਾਠੀ ਅਤੇ ਸੋਟੀ ਨਾ ਸਿਰਫ਼ ਬਚਾਅ ਅਤੇ ਸੁਰੱਖਿਆ ਲਈ ਹੈ, ਸਗੋਂ ਭੇਡਾਂ ਨੂੰ ਸੇਧ ਦੇਣ ਅਤੇ ਇਕੱਠਿਆਂ ਕਰਨ ਦੇ ਲਈ ਵੀ ਹੈ। ਇੱਕ ਸਮਾਂ ਸੀ ਜਦੋਂ ਚਰਵਾਹੇ ਭੇਡਾਂ ਨੂੰ ਅੱਗੇ ਤੋਂ ਲੈ ਜਾਂਦੇ ਸਨ, ਉਨ੍ਹਾਂ ਨੂੰ ਅਵਾਜ਼ਾਂ ਨਾਲ ਬੁਲਾਉਂਦੇ ਸਨ ਅਤੇ ਭੇਡਾਂ ਉਸ ਦੀ ਅਵਾਜ਼ ਦਾ ਪਿੱਛਾ ਕਰਦੀਆਂ ਸੀ। ਕਈ ਵਾਰ ਭੇਡਾਂ ਜਾਣੇ-ਪਛਾਣੇ ਰਸਤੇ 'ਤੇ ਚੱਲਦੀਆਂ ਸਨ ਅਤੇ ਚਰਵਾਹਾ ਭੇਡਾਂ ਦਾ ਪਿੱਛੋਂ ਪਿੱਛਾ ਕਰਦਾ ਸੀ। ਚਰਵਾਹੇ ਨੇ ਭੇਡਾਂ ਨੂੰ ਅਵਾਜ਼ ਦਿੱਤੀ ਅਤੇ ਭੇਡਾਂ ਨੂੰ ਸਹੀ ਰਾਹ 'ਤੇ ਬਣਾਈ ਰੱਖਣ ਲਈ ਆਪਣੇ ਸੋਟੇ ਅਤੇ ਲਾਠੀ ਦੀ ਵਰਤੋਂ ਕਰਦਾ ਸੀ। ਚਰਵਾਹੇ ਦੀ ਅਵਾਜ਼, ਉਸ ਦੀ ਲਾਠੀ ਅਤੇ ਸੋਟੀ ਸਾਡੇ ਪ੍ਰਤੀ ਪਰਮੇਸ਼ੁਰ ਦੀ ਅਗਵਾਈ ਦੀ ਇੱਕ ਵੱਖਰੀ ਤਸਵੀਰ ਹਨ, ਜੋ ਉਸ ਦੀਆਂ ਭੇਡਾਂ ਹਨ, ਸਾਨੂੰ ਉਸ ਰਾਹ 'ਤੇ ਬਣਾਈ ਰੱਖਣ ਲਈ ਜਿੱਥੇ ਉਹ ਸਾਨੂੰ ਵੇਖਣਾ ਚਾਹੁੰਦਾ ਹੈ। ਸਾਡਾ ਚਰਵਾਹਾ, ਪਰਮੇਸ਼ੁਰ, ਸਾਡੀ ਅਗਵਾਈ ਕਰਦਾ ਹੈ। ਸਾਨੂੰ ਸੁਣਨ ਅਤੇ ਪਾਲਣਾ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ।

## *ਆਗਿਆ ਮੰਨਣਾ*

ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨ ਦਾ ਤੀਜਾ ਮਹੱਤਵਪੂਰਨ ਕਦਮ ਹੈ ਆਗਿਆਕਾਰੀ ਹੋਣਾ। ਪਰਮੇਸ਼ੁਰ ਸਾਡੀ ਅਗਵਾਈ ਕਰਦਾ ਹੈ ਤਾਂ ਜੋ ਅਸੀਂ ਉਸ ਦੇ ਪਿੱਛੇ ਚੱਲ ਸਕੀਏ।

**ਕਹਾਉਤਾਂ 3:32**
**ਕਿਉਂ ਜੋ ਕੱਬੇ ਤੋਂ ਯਹੋਵਾਹ ਨੂੰ ਘਿਣ ਆਉਂਦੀ ਹੈ, ਪਰ ਸੱਚਿਆਰਾਂ ਨਾਲ ਉਹ ਦੀ ਦੋਸਤੀ ਹੈ।**

ਪਰਮੇਸ਼ੁਰ ਆਪਣੇ ਗੁਪਤ ਭੇਤ ਨੂੰ ਸੱਚਿਆਰਾਂ ਉੱਤੇ ਪ੍ਰਗਟ ਕਰਦਾ ਹੈ। ਸੱਚਿਆਰ ਵਿਅਕਤੀ ਕਿਉਂ? ਇਸ ਦਾ ਉੱਤਰ ਇਹ ਹੈ ਕਿ ਉਹ ਉਹੀ ਕਰਨਾ ਚਾਹੁੰਦੇ ਹਨ ਜੋ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਸਹੀ ਹੈ। ਪਰਮੇਸ਼ੁਰ ਇਸ ਲਈ ਬੋਲਦਾ ਹੈ ਤਾਂ ਜੋ ਅਸੀਂ ਉਸ ਦਾ ਹੁਕਮ ਮੰਨ ਸਕੀਏ ਅਤੇ ਉਸ ਨੂੰ ਖੁਸ਼ ਕਰਨ ਵਾਲੀਆਂ ਚਾਲਾਂ ਚੱਲ ਸਕੀਏ।

ਪਰਮੇਸ਼ੁਰ ਅਗਵਾਈ ਕਰਦਾ ਹੈ, ਪਰ ਸਾਨੂੰ ਵਿਸ਼ਵਾਸ, ਆਗਿਆਕਾਰੀ ਅਤੇ ਧੀਰਜ ਨਾਲ ਉਸ ਦਾ ਅਨੁਸਰਣ ਕਰਨਾ ਚਾਹੀਦਾ ਹੈ। ਕਈ-ਕਈ ਵਾਰ ਅਣਆਗਿਆਕਾਰੀ ਸਰੀਰ ਦੇ ਲਈ ਅਤੇ ਸਾਡੇ ਮਨ ਦੀਆਂ ਇੱਛਾਵਾਂ ਦੇ ਲਈ “ਦਰਦਨਾਕ” ਹੋ ਸਕਦੀ ਹੈ। ਪਰ ਪਰਮੇਸ਼ੁਰ ਦੀ ਅਗਵਾਈ ਉੱਤੇ ਚੱਲਣ ਦਾ ਆਖ਼ਰੀ ਨਤੀਜ਼ਾ ਸ਼ਾਂਤੀ ਹੈ। ਸਭ ਕੁਝ ਚੰਗਾ ਹੋਵੇਗਾ।

**ਜ਼ਬੂਰਾਂ 37:37**
**ਸੰਪੂਰਨ ਮਨੁੱਖ ਵੱਲ ਤੱਕ ਅਤੇ ਸਿੱਧੇ ਪੁਰਖ ਵੱਲ ਵੇਖ, ਕਿ ਸਲਾਮਤੀ ਦੇ ਮਨੁੱਖ ਦੀ ਅੰਸ ਰਹਿੰਦੀ ਹੈ।**

## ਪ੍ਰਤੀਬਿੰਬ

1) ਜਦੋਂ ਤੁਸੀਂ ਇਹ ਸਿੱਖਣ ਲਈ ਯਾਤਰਾ ‘ਤੇ ਜਾਂਦੇ ਹੋ ਕਿ ਪਰਮੇਸ਼ੁਰ ਦੀ ਅਗਵਾਈ ਕਿਵੇਂ ਲੈਣੀ ਹੈ, ਆਪਣੇ ਜੀਵਨ ਦੇ ਇੱਕ ਜਾਂ ਵਧੇਰੇ ਖੇਤਰਾਂ ਬਾਰੇ ਲਿਖੋ, ਜਿੱਥੇ ਤੁਹਾਨੂੰ ਮੁੱਖ ਫੈਸਲੇ ਲੈਣ ਅਤੇ ਪਰਮੇਸ਼ੁਰ ਦੀ ਅਗਵਾਈ ਲੈਣ ਦੀ ਜ਼ਰੂਰਤ ਹੈ।

2) ਪਰਮੇਸ਼ੁਰ ਨਾਲ ਹੁਣ ਤੱਕ ਚੱਲਣ ਤੋਂ ਬਾਅਦ, ਕੀ ਤੁਹਾਨੂੰ ਕੋਈ ਉਦਾਹਰਣ ਮਿਲਦੀ ਹੈ, ਜਿੱਥੇ ਤੁਹਾਨੂੰ ਅਹਿਸਾਸ ਹੋਇਆ ਕਿ ਪਰਮੇਸ਼ੁਰ ਤੁਹਾਡੀ ਅਗਵਾਈ ਕਰ ਰਿਹਾ ਹੈ? ਇਨ੍ਹਾਂ ਵਿੱਚੋਂ ਕੁਝ ਘਟਨਾਵਾਂ 'ਤੇ ਵਿਚਾਰ ਕਰੋ। ਤੁਸੀਂ ਆਪਣੇ ਲਈ ਪਰਮੇਸ਼ੁਰ ਦੀ ਅਗਵਾਈ ਨੂੰ ਕਿਵੇਂ ਪਛਾਣਿਆ ਅਤੇ ਜਾਣਿਆ?

## 2

# ਦਾਊਦ ਨੇ ਪਰਮੇਸ਼ੁਰ ਨੂੰ ਪੁੱਛਿਆ

ਪੁਰਾਣੇ ਨੇਮ ਵਿੱਚ, ਰਾਜਾ ਦਾਊਦ ਇੱਕ ਅਜਿਹਾ ਆਦਮੀ ਸੀ ਜੋ ਪਰਮੇਸ਼ੁਰ ਨੂੰ ਡੂੰਘਾ ਪਿਆਰ ਕਰਦਾ ਸੀ ਅਤੇ ਆਪਣੀ ਸਾਰੀ ਉਮਰ ਉਹ ਪਰਮੇਸ਼ੁਰ ਦੇ ਪਿੱਛੇ ਚੱਲਣ ਦੀ ਕੋਸ਼ਿਸ਼ ਕਰਦਾ ਰਿਹਾ। ਪਰਮੇਸ਼ੁਰ ਨੇ ਨਬੀ ਸਮੂਏਲ ਰਾਹੀਂ ਦਾਊਦ ਬਾਰੇ ਕਿਹਾ, *"ਮੈਂ ਯੱਸੀ ਦੇ ਪੁੱਤ੍ਰ ਦਾਊਦ ਨੂੰ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ"* (ਰਸੂਲਾਂ ਦੇ ਕਰਤੱਬ 13:22, 1 ਸਮੂਏਲ 13:14 ਤੋਂ ਹਵਾਲਾ)। ਕਿੰਨੀ ਅਦਭੁੱਤ ਗਵਾਹੀ ਹੈ, ਕਿ ਪਰਮੇਸ਼ੁਰ ਦਾਊਦ ਨੂੰ *"ਮੇਰੇ ਦਿਲ ਦੇ ਅਨੁਸਾਰ ਇੱਕ ਆਦਮੀ"* ਕਹਿੰਦਾ ਹੈ ਅਤੇ ਉਹ ਕਿੰਨਾ ਭਰੋਸਾ ਰੱਖਦਾ ਹੈ ਜਦੋਂ ਉਹ ਦਾਊਦ ਬਾਰੇ ਕਹਿੰਦਾ ਹੈ ਕਿ *"ਉਹ ਮੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰੇਗਾ!"*

ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ, ਪੌਲੁਸ ਨੇ ਪ੍ਰਚਾਰ ਕਰਦੇ ਹੋਏ ਦਾਊਦ ਬਾਰੇ ਕਿਹਾ:

**ਰਸੂਲਾਂ ਦੇ ਕਰਤੱਬ 13:36**
**ਦਾਊਦ ਤਾਂ ਆਪਣੇ ਸਮੇਂ ਵਿੱਚ ਪਰਮੇਸ਼ੁਰ ਦੀ ਮਰਜ਼ੀ ਪੂਰੀ ਕਰ ਕੇ ਸੌਂ ਗਿਆ ਅਤੇ ਆਪਣੇ ਪਿਉ ਦਾਦਿਆਂ ਵਿੱਚ ਜਾ ਮਿਲਿਆ ਅਤੇ ਸੜ ਗਿਆ।**

ਦਾਊਦ ਨੇ ਪਰਮੇਸ਼ੁਰ ਦੀ ਇੱਛਾ ਅਨੁਸਾਰ ਸੇਵਾ ਕੀਤੀ। ਉਸ ਨੇ ਪਰਮੇਸ਼ੁਰ ਦੀ ਇੱਛਾ ਪੂਰੀ ਕੀਤੀ, ਪਰਮੇਸ਼ੁਰ ਦੇ ਉਦੇਸ਼ਾਂ ਦਾ ਪਾਲਣ ਕੀਤਾ ਅਤੇ ਆਪਣੇ ਜੀਵਨ ਦੇ ਲਈ ਪਰਮੇਸ਼ੁਰ ਦਾ ਕੰਮ ਪੂਰਾ ਕੀਤਾ।

ਦਾਊਦ ਦੇ ਜੀਵਨ ਦੀ ਕੁੰਜੀ ਇਹ ਸੀ ਕਿ ਉਹ ਅਜਿਹਾ ਵਿਅਕਤੀ ਸੀ ਜੋ ਲਗਾਤਾਰ ਉਨ੍ਹਾਂ ਫੈਸਲਿਆਂ ਬਾਰੇ ਪੁੱਛਦਾ ਸੀ, ਜੋ ਉਹ ਲੈਣ ਜਾ ਰਿਹਾ ਸੀ।

ਆਪਣੀ ਜਵਾਨੀ ਦੇ ਦਿਨਾਂ ਵਿੱਚ, ਦਾਊਦ ਆਪਣੀ ਵੀਣਾ ਵਜਾਉਣ ਦੇ ਲਈ ਮਸ਼ਹੂਰ ਸੀ, ਉਹ ਦਲੇਰ, ਬੁੱਧੀਮਾਨ, ਸੁੰਦਰ ਸੀ ਅਤੇ ਪਰਮੇਸ਼ੁਰ ਉਸ

ਦੇ ਨਾਲ ਸੀ (1 ਸਮੂਏਲ 16:18)। ਨਬੀ ਸਮੂਏਲ ਨੇ ਉਸ ਨੂੰ ਇਸਰਾਏਲ ਦਾ ਅਗਲਾ ਰਾਜਾ ਬਣਨ ਦੇ ਲਈ ਮਸਹ ਕੀਤਾ (1 ਸਸਮੂਏਲ 16:12,13)। ਗੋਲੀਅਥ ਨੂੰ ਮਾਰਨ ਤੋਂ ਬਾਅਦ, ਦਾਊਦ ਨੇ ਬੁੱਧੀਮਾਨ ਵਿਹਾਰ ਕੀਤਾ, ਇਸਰਾਏਲ ਵਿੱਚ ਉਸ ਨੂੰ ਬਹੁਤ ਪਸੰਦ ਕੀਤਾ ਗਿਆ ਸੀ ਅਤੇ ਉਸ ਦਾ ਆਦਰ ਕੀਤਾ ਜਾਂਦਾ ਸੀ ਅਤੇ ਲੋਕ ਜਾਣਦੇ ਸਨ ਕਿ ਪਰਮੇਸ਼ੁਰ ਉਸ ਦੇ ਨਾਲ ਸੀ (1 ਸਮੂਏਲ 18:5,7,12,14-16,30)। ਗੋਲੀਅਥ ਉੱਤੇ ਆਪਣੀ ਜਿੱਤ ਤੋਂ ਤੁਰੰਤ ਬਾਅਦ, ਦਾਊਦ ਨੂੰ ਆਪਣੇ ਆਪ ਨੂੰ ਬਚਾਉਣ ਲਈ ਭੱਜਣਾ ਪਿਆ, ਕਿਉਂਕਿ ਸ਼ਾਊਲ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਦਾਊਦ ਭੱਜ ਰਿਹਾ ਸੀ, ਤਕਰੀਬਨ ਚਾਰ ਸੌ ਆਦਮੀਆਂ ਦਾ ਇੱਕ ਸਮੂਹ ਦਾਊਦ ਕੋਲ ਆਇਆ ਅਤੇ ਉਸ ਨੂੰ ਆਪਣਾ ਆਗੂ ਮੰਨ ਲਿਆ (1 ਸਮੂਏਲ 22:1,2)। ਇਸ ਪਲ ਤੋਂ ਲੈ ਕੇ ਬਾਈਬਲ ਵਿੱਚ ਬਹੁਤ ਸਾਰੀਆਂ ਗੱਲਾਂ ਲਿਖੀਆਂ ਗਈਆਂ ਹਨ, ਜਦੋਂ ਦਾਊਦ ਨੇ ਫੈਸਲੇ ਲਏ ਅਤੇ ਆਪਣਾ ਕਦਮ ਵਧਾਉਣ ਤੋਂ ਪਹਿਲਾਂ ਪਰਮੇਸ਼ੁਰ ਨੂੰ ਪੁੱਛਿਆ। ਸਾਡੇ ਲਈ ਇਹ ਮੰਨਣਾ ਵਾਜਬ ਹੋਵੇਗਾ ਕਿ ਇਹ ਦਾਊਦ ਦਾ ਆਪਣੇ ਸ਼ੁਰੂਆਤੀ ਦਿਨਾਂ ਤੋਂ ਰਹਿਣ ਦਾ ਤਰੀਕਾ ਕੀ ਸੀ, ਹਾਲਾਂਕਿ ਇਹ ਸਾਡੇ ਲਈ ਸਪੱਸ਼ਟ ਤੌਰ ਤੇ ਨਹੀਂ ਲਿਖਿਆ ਗਿਆ ਹੈ।

ਵਿਚਾਰ ਕਰੋ ਕਿ ਪਵਿੱਤਰ ਬਾਈਬਲ ਸਾਡੇ ਲਈ ਕੀ ਲਿਖਦਾ ਹੈ।

## ਜਦੋਂ ਤੁਹਾਡੀ ਆਪਣੀ ਟੀਮ ਝਿਜਕਦੀ ਹੈ

**1 ਸਮੂਏਲ 23:1-5**

**1 ਤਦ ਉਨ੍ਹਾਂ ਨੇ ਦਾਊਦ ਨੂੰ ਖ਼ਬਰ ਦੇ ਕੇ ਆਖਿਆ ਵੇਖ ਫਲਿਸਤੀ ਕਈਲਾਹ ਨਾਲ ਲੜਦੇ ਹਨ ਅਤੇ ਖਲਵਾੜਿਆਂ ਨੂੰ ਲੁੱਟਦੇ ਹਨ।**

**2 ਤਦ ਦਾਊਦ ਨੇ ਯਹੋਵਾਹ ਕੋਲੋਂ ਪੁੱਛਿਆ, ਮੈਂ ਜਾਵਾਂ ਅਤੇ ਉਨ੍ਹਾਂ ਫਲਿਸਤੀਆਂ ਨੂੰ ਮਾਰਾਂ? ਯਹੋਵਾਹ ਨੇ ਦਾਊਦ ਨੂੰ ਆਖਿਆ, ਜਾਹ ਫਲਿਸਤੀਆਂ ਨੂੰ ਮਾਰ ਅਤੇ ਕਈਲਾਹ ਨੂੰ ਬਚਾ।**

**3 ਪਰ ਦਾਊਦ ਦੇ ਲੋਕਾਂ ਨੇ ਉਹ ਨੂੰ ਆਖਿਆ, ਵੇਖੋ, ਅਸੀਂ ਤਾਂ ਐੱਥੇ ਯਹੂਦਾਹ ਵਿੱਚ ਪਏ ਡਰਦੇ ਹਾਂ। ਫੇਰ ਜੇ ਅਸੀਂ ਕਈਲਾਹ ਵਿੱਚ ਜਾ ਕੇ ਫਲਿਸਤੀਆਂ ਦੇ ਦਲ ਦਾ ਸਾਹਮਣਾ ਕਰੀਏ ਤਾਂ ਕਿੰਨਾ ਵਧੀਕ ਨਾ ਡਰਾਂਗੇ?**

**4 ਤਾਂ ਦਾਊਦ ਨੇ ਯਹੋਵਾਹ ਕੋਲੋਂ ਫੇਰ ਪੁੱਛਿਆ ਸੋ ਯਹੋਵਾਹ ਨੇ ਉੱਤਰ ਦਿੱਤਾ ਭਈ ਉੱਠ ਕਈਲਾਹ ਵੱਲ ਲਹਿ ਜਾਹ ਕਿਉਂ ਜੋ ਮੈਂ ਫਲਿਸਤੀਆਂ ਨੂੰ ਤੇਰੇ ਹੱਥ ਵਿੱਚ ਕਰ ਦਿਆਂਗਾ।**

**5 ਸੋ ਦਾਊਦ ਅਤੇ ਉਹ ਦੇ ਮਨੁੱਖ ਕਈਲਾਹ ਗਏ ਅਤੇ ਫਲਿਸਤੀਆਂ ਨਾਲ ਲੜੇ ਅਤੇ ਉਨ੍ਹਾਂ ਦੇ ਡੰਗਰ ਲੈ ਆਏ ਅਤੇ ਉਨ੍ਹਾਂ ਵਿੱਚੋਂ ਕਈਆਂ ਨੂੰ ਵੱਢ ਸੁੱਟਿਆ ਸੋ ਦਾਊਦ ਨੇ ਕਈਲੀਆਂ ਨੂੰ ਬਚਾਇਆ।**

ਦਾਊਦ ਨੇ ਪ੍ਰਭੂ ਨੂੰ ਪੁੱਛਿਆ ਕਿ ਕੀ ਉਸ ਨੂੰ ਕਲੀਲਾਹ ਵਿਖੇ ਫਲਿਸਤੀਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਪ੍ਰਭੂ ਨੇ ਉਸ ਨੂੰ ਅਜਿਹਾ ਕਰਨ ਲਈ ਕਿਹਾ।

ਹਾਲਾਂਕਿ, ਦਾਊਦ ਦੀ ਚਾਰ ਸੌ ਆਦਮੀਆਂ ਦੀ ਛੋਟੀ ਜਿਹੀ ਟੁਕੜੀ ਡਰ ਗਈ ਸੀ ਅਤੇ ਲੜਾਈ ਵਿੱਚ ਜਾਣ ਤੋਂ ਝਿਜਕਦੀ ਸੀ। ਇਸ ਲਈ ਦਾਊਦ ਪਰਮੇਸ਼ੁਰ ਕੋਲ ਵਾਪਿਸ ਗਿਆ ਅਤੇ ਪ੍ਰਭੂ ਨੂੰ ਦੂਜੀ ਵਾਰ ਪੁੱਛਿਆ। ਉਹ ਯਕੀਨ ਕਰਨਾ ਚਾਹੁੰਦਾ ਸੀ। ਇੱਕ ਵਾਰ ਫਿਰ, ਪਰਮੇਸ਼ੁਰ ਨੇ ਦਾਊਦ ਨੂੰ ਜਾ ਕੇ ਲੜਨ ਦੇ ਲਈ ਕਿਹਾ ਅਤੇ ਉਸ ਨੂੰ ਜਿੱਤ ਦਾ ਭਰੋਸਾ ਦਿੱਤਾ। ਦਾਊਦ ਅਤੇ ਉਸ ਦੇ ਲੋਕਾਂ ਨੇ ਜਿੱਤ ਦਾ ਤਜ਼ਰਬਾ ਕੀਤਾ। ਇਹ ਦਾਊਦ ਦੇ ਆਦਮੀਆਂ ਲਈ ਆਤਮ-"ਵਿਸ਼ਵਾਸ ਵਧਾਉਣ" ਵਾਲੀ ਗੱਲ ਹੋਣੀ ਚਾਹੀਦੀ ਹੈ। ਉਹ ਜਾਣਦੇ ਸਨ ਕਿ ਉਨ੍ਹਾਂ ਦਾ ਆਗੂ ਪਰਮੇਸ਼ੁਰ ਦੀ ਗੱਲ ਸੁਣਦਾ ਹੈ ਅਤੇ ਜਦੋਂ ਪਰਮੇਸ਼ੁਰ ਉਨ੍ਹਾਂ ਦੀ ਅਗਵਾਈ ਕਰਦਾ ਹੈ, ਤਾਂ ਉਹ ਸਫਲਤਾ ਵੇਖਣਗੇ, ਭਾਵੇਂ ਉਹ ਗਿਣਤੀ ਵਿੱਚ ਘੱਟ ਕਿਉਂ ਨਾ ਹੋਣ।

ਤੁਹਾਡੀ ਟੀਮ ਉਹ ਲੋਕ ਹਨ ਜੋ ਤੁਹਾਡੇ ਆਲੇ-ਦੁਆਲੇ ਹਨ ਅਤੇ ਜਿਨ੍ਹਾਂ ਨੂੰ ਤੁਹਾਡੇ ਨਾਲ ਯਾਤਰਾ ਕਰਨ ਦੀ ਜ਼ਰੂਰਤ ਹੈ। ਇਹ ਤੁਹਾਡਾ ਆਪਣਾ ਪਰਿਵਾਰ, ਦੋਸਤ ਜਾਂ ਸਥਾਨਕ ਚਰਚ ਵਿੱਚ ਇੱਕ ਸਮੂਹ ਹੋ ਸਕਦਾ ਹੈ ਜਿਸ ਦੀ ਤੁਸੀਂ ਅਗਵਾਈ ਕਰ ਰਹੇ ਹੋ ਜਾਂ ਕੰਮ ਵਾਲੀ ਥਾਂ 'ਤੇ ਤੁਹਾਡੀ ਪ੍ਰੋਜੈਕਟ ਟੀਮ; ਜਾਂ ਅਗਵਾਈ ਦੇ ਹਲਾਤ ਵਿੱਚ, ਇਹ ਇੱਕ ਸੰਸਥਾ ਹੋ ਸਕਦੀ ਹੈ ਜਿਸ ਦੀ ਤੁਸੀਂ ਅਗਵਾਈ ਕਰ ਰਹੇ ਹੋ। ਜਦੋਂ ਤੁਸੀਂ ਪ੍ਰਭੂ ਤੋਂ ਅਗਵਾਈ ਪ੍ਰਾਪਤ ਕਰਦੇ ਹੋ, ਤਾਂ ਕਈ ਵਾਰ ਅਜਿਹਾ ਹੋ ਸਕਦਾ ਹੈ, ਜਦੋਂ ਤੁਹਾਡੀ ਟੀਮ ਨੂੰ ਯਕੀਨ ਨਹੀਂ ਹੁੰਦਾ। ਹੋ ਸਕਦਾ ਹੈ ਕਿ ਉਹ ਤੁਹਾਡੇ ਵਿਚਾਰ ਨਾਲ ਸਹਿਮਤ ਨਾ ਹੋਣ। ਪਰਮੇਸ਼ੁਰ ਕੋਲ ਵਾਪਿਸ ਜਾਓ। ਇਸ ਨੂੰ ਲੱਭੋ ਅਤੇ ਫਿਰ ਇਸ ਨੂੰ ਸੁਣੋ। ਇਹ ਨਿਸ਼ਚਿਤ ਕਰੋ ਕਿ ਤੁਸੀਂ ਉਸ ਦੀ ਗੱਲ ਸੁਣ ਰਹੇ ਹੋ। ਜੋ ਕੁਝ ਪ੍ਰਭੂ ਨੇ ਤੁਹਾਨੂੰ ਆਖਿਆ ਹੈ ਉਸ ਨੂੰ ਪੂਰਾ ਕਰੋ। ਤੁਹਾਡੀ ਟੀਮ ਸਫਲਤਾ ਵੇਖੇਗੀ ਅਤੇ ਜਾਣੇਗੀ ਕਿ ਪ੍ਰਭੂ ਤੁਹਾਡੇ ਨਾਲ ਹੈ।

## ਜਦੋਂ ਤੁਹਾਨੂੰ ਗੰਭੀਰ ਹਾਰ ਦਾ ਸਾਹਮਣਾ ਕਰਨਾ ਪੈਂਦਾ ਹ

**1 ਸਮੂਏਲ 30:1-8**

**1 ਅਜਿਹਾ ਹੋਇਆ ਜਾਂ ਦਾਊਦ ਅਤੇ ਉਹ ਦੇ ਮਨੁੱਖ ਤੀਜੇ ਦਿਨ ਸਿਕਲਗ ਵਿੱਚ ਅੱਪੜੇ ਤਾਂ**

**ਅਮਾਲੇਕੀਆਂ ਨੇ ਦੱਖਣ ਵੱਲੋਂ ਸਿਕਲਗ ਉੱਤੇ ਚੜ੍ਹਾਈ ਕੀਤੀ ਹੋਈ ਸੀ ਅਤੇ ਸਿਕਲਗ ਨੂੰ ਮਾਰਿਆ ਅਤੇ ਉਹ ਨੂੰ ਅੱਗ ਨਾਲ ਸਾੜ ਸੁੱਟਿਆ ਸੀ,**

**2 ਅਤੇ ਜਿਹੜੀਆਂ ਉਹ ਦੇ ਵਿੱਚ ਤੀਵੀਆਂ ਸਨ ਓਹਨਾਂ ਨੂੰ ਨਿੱਕੇ ਵੱਡੇ ਸਣੇ ਬੰਧੂਆ ਬਣਾ ਲਿਆ ਪਰ ਕਿਸੇ ਨੂੰ ਵੱਢਿਆ ਨਹੀਂ ਸੀ ਸਗੋਂ ਓਹਨਾਂ ਨੂੰ ਨਾਲ ਲੈ ਕੇ ਆਪਣੇ ਰਾਹ ਤੁਰ ਗਏ।**

**3 ਸੋ ਜਦ ਦਾਊਦ ਅਤੇ ਉਹ ਦੇ ਮਨੁੱਖ ਸ਼ਹਿਰ ਵਿੱਚ ਵੜੇ ਤਾਂ ਵੇਖੋ, ਉਹ ਅੱਗ ਨਾਲ ਸੜਿਆ ਪਿਆ ਹੈ ਅਤੇ ਉਨ੍ਹਾਂ ਦੀਆਂ ਤੀਵੀਆਂ ਅਤੇ ਉਨ੍ਹਾਂ ਦੇ ਪੁੱਤਰ ਅਤੇ ਉਨ੍ਹਾਂ ਦੀਆਂ ਧੀਆਂ ਸਾਰੇ ਬੰਧੂਏ ਹੋ ਗਏ ਸਨ।**

**4 ਤਦ ਦਾਊਦ ਅਤੇ ਉਹ ਦੇ ਨਾਲ ਦੇ ਲੋਕ ਉੱਚੀ ਅਵਾਜ਼ ਨਾਲ ਅਜਿਹੇ ਰੋਏ ਜੋ ਹੋਰ ਰੋਣ ਦਾ ਉਨ੍ਹਾਂ ਵਿੱਚ ਜ਼ੋਰ ਨਾ ਰਿਹਾ।**

**5 ਦਾਊਦ ਦੀਆਂ ਦੋਵੇਂ ਪਤਨੀਆਂ ਯਿਜ਼ਰੀਏਲੀ ਅਹੀਨੋਅਮ ਅਤੇ ਅਬੀਗੈਲ ਵੀ ਜੋ ਅੱਗੇ ਕਰਮਲੀ ਨਾਬਾਲ ਦੀ ਤੀਵੀਂ ਸੀ, ਬੰਧਨਾਂ ਬਣ ਗਈਆਂ ਸਨ।**

**6 ਦਾਊਦ ਵੱਡਾ ਔਖਾ ਹੋਇਆ ਕਿਉਂ ਜੋ ਲੋਕ ਉਹ ਨੂੰ ਵੱਟੇ ਮਾਰਨ ਦਾ ਉਪਾਓ ਕਰਦੇ ਸਨ ਏਸ ਲਈ ਜੋ ਸੱਭੇ ਆਪੋ ਆਪਣੇ ਪੁੱਤਰਾਂ ਧੀਆਂ ਵੱਲੋਂ ਬਹੁਤ ਦੁਖੀ ਸਨ ਪਰ ਦਾਊਦ ਨੇ ਯਹੋਵਾਹ ਆਪਣੇ ਪਰਮੇਸ਼ੁਰ ਵੱਲ ਆਪਣੇ ਮਨ ਨੂੰ ਤਕੜਾ ਕੀਤਾ।**

**7 ਅਤੇ ਦਾਊਦ ਨੇ ਅਹੀਮਲਕ ਦੇ ਪੁੱਤਰ ਅਬਯਾਥਾਰ ਯਾਜਕ ਨੂੰ ਆਖਿਆ, ਮੈਂ ਤੇਰੇ ਅੱਗੇ ਬੇਨਤੀ ਕਰਨਾ ਜੋ ਐੱਥੇ ਮੇਰੇ ਕੋਲ ਏਫ਼ੋਦ ਲੈ ਆ। ਸੋ ਅਬਯਾਥਾਰ ਉੱਥੇ ਦਾਊਦ ਕੋਲ ਏਫ਼ੋਦ ਲੈ ਆਇਆ।**

**8 ਤਾਂ ਦਾਊਦ ਨੇ ਯਹੋਵਾਹ ਕੋਲੋਂ ਗੱਲ ਪੁੱਛੀ ਅਤੇ ਆਖਿਆ, ਮੈਂ ਉਸ ਦਲ ਦੇ ਮਗਰ ਪਵਾਂ ਕਿ ਨਾ? ਕੀ ਮੈਂ ਉਨ੍ਹਾਂ ਕੋਲ ਅੱਪੜਾਂਗਾ ਯਾ ਨਹੀਂ? ਉਸ ਨੇ ਉੱਤਰ ਦਿੱਤਾ, ਮਗਰ ਪੈ ਕਿਉਂ ਜੋ ਜ਼ਰੂਰ ਤੂੰ ਉਨ੍ਹਾਂ ਕੋਲ ਅੱਪੜੇਂਗਾ ਅਤੇ ਨਿਸੰਗ ਤੂੰ ਉਨ੍ਹਾਂ ਕੋਲੋਂ ਸਭ ਕੁਝ ਛੁਡਾ ਲਵੇਂਗਾ।**

ਦਾਊਦ ਦਾ ਸਮੂਹ ਹੁਣ ਛੇ ਸੌ ਆਦਮੀਆਂ ਦਾ ਹੋ ਗਿਆ ਸੀ (1 ਸਮੂਏਲ 30:9)। ਇਸ ਸਮੇਂ, ਉਸ ਨੂੰ ਇੱਕ ਗੰਭੀਰ ਹਾਰ ਦਾ ਸਾਹਮਣਾ ਕਰਨਾ ਪਿਆ। ਜਦੋਂ ਉਹ ਰੁੱਝੇ ਹੋਏ ਅਤੇ ਦੂਰ ਸਨ, ਤਦ ਦੁਸ਼ਮਣ ਨੇ ਉਨ੍ਹਾਂ ‘ਤੇ ਹਮਲਾ ਕੀਤਾ ਅਤੇ ਲੁੱਟ ਲਿਆ ਅਤੇ ਉਨ੍ਹਾਂ ਦੇ ਸਾਰੇ ਪਰਿਵਾਰਾਂ ਨੂੰ ਬੰਦੀ ਬਣਾ ਲਿਆ। ਇਹ ਬਹੁਤ ਦੁਖਦਾਈ ਹਾਲਾਤ ਸੀ। ਭਾਵ, ਦਾਊਦ ਅਤੇ ਉਸ ਦੇ ਲੋਕਾਂ ਦਾ ਦਿਲ ਟੁੱਟ ਗਿਆ ਸੀ। ਉਹ ਰੋਏ। ਉਸ ਨੇ ਦੁੱਖ ਨਾਲ ਵਿਰਲਾਪ ਕੀਤਾ। ਦਾਊਦ ਦੇ ਆਦਮੀ ਦਾਊਦ ਉੱਤੇ ਨਰਾਜ਼ ਸਨ। ਦਾਊਦ ਦੀ ਦੁਰਦਸ਼ਾ ਦੀ ਕਲਪਨਾ ਕਰੋ। ਉਸ ਨੂੰ ਨਾ ਸਿਰਫ਼ ਨਿੱਜੀ ਦੁੱਖ ਅਤੇ ਪੀੜਾ ਦਾ ਸਾਹਮਣਾ ਕਰਨਾ ਪਿਆ, ਸਗੋਂ ਉਸ ਨੇ ਆਪਣੇ ਚਾਲਕ ਦਲ ਦੇ ਗੁੱਸੇ ਨੂੰ ਵੀ ਮਹਿਸੂਸ ਕੀਤਾ ਅਤੇ ਉਸ ਦਾ ਸਾਹਮਣਾ ਕੀਤਾ। ਫਿਰ ਵੀ ਅਸੀਂ ਦਾਊਦ ਦੀ ਤਾਕਤ ਅਤੇ ਹਿੰਮਤ ਵੇਖਦੇ ਹਾਂ। ਸਾਨੂੰ ਵਚਨ ਦੱਸਦਾ ਹੈ ਕਿ ਦਾਊਦ ਨੇ ਆਪਣੇ ਆਪ ਨੂੰ ਪਰਮੇਸ਼ੁਰ ਵਿੱਚ ਮਜ਼ਬੂਤ ਕੀਤਾ। ਆਪਣੇ ਹੰਝੂਆਂ ਦੇ ਵਿਚਕਾਰ, ਉਹ ਪਰਮੇਸ਼ੁਰ ਨੂੰ ਬੁਲਾ ਸਕਦਾ ਸੀ, ਪ੍ਰਾਰਥਨਾ

ਕਰ ਸਕਦਾ ਸੀ, ਗੀਤ ਗਾ ਸਕਦਾ ਸੀ ਅਤੇ ਉਹ ਪਰਮੇਸ਼ੁਰ ਨੂੰ ਵਧੇਰੇ ਪਿਆਰ ਕਰਦਾ ਸੀ। ਉਸ ਨੇ ਪਰਮੇਸ਼ੁਰ ਤੋਂ ਤਾਕਤ ਪ੍ਰਾਪਤ ਕੀਤੀ। ਅਗਲਾ ਕੰਮ ਦਾਊਦ ਨੇ ਜੋ ਕੀਤਾ ਉਹ ਇਹ ਸੀ ਕਿ ਉਸ ਨੇ ਪਰਮੇਸ਼ੁਰ ਨੂੰ ਪੁੱਛਿਆ। ਉਹ ਇਸ ਹਾਲਾਤ ਵਿੱਚ ਪਰਮੇਸ਼ੁਰ ਦੁਆਰਾ ਅਗਵਾਈ ਪ੍ਰਾਪਤ ਕਰਨਾ ਚਾਹੁੰਦਾ ਸੀ। ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਅਜਿਹਾ ਕੀ ਕਰੇ? ਦਾਊਦ ਨੇ ਇਸ ਬਿਪਤਾ ਦਾ ਕੀ ਜਵਾਬ ਦਿੱਤਾ ਸੀ? ਯਹੋਵਾਹ ਨੇ ਦਾਊਦ ਨੂੰ ਦੁਸ਼ਮਣ ਦਾ ਪਿੱਛਾ ਕਰਨ ਦੀ ਸਲਾਹ ਦਿੱਤੀ ਅਤੇ ਨਿਰਦੇਸ਼ ਦਿੱਤੇ ਅਤੇ ਦਾਊਦ ਨੂੰ ਭਰੋਸਾ ਦਿਵਾਇਆ ਕਿ ਉਹ ਅਤੇ ਉਸ ਦੇ ਲੋਕ ਸਭ ਕੁਝ ਵਾਪਿਸ ਲੈ ਲੈਣਗੇ ਅਤੇ ਉਨ੍ਹਾਂ ਨੇ ਇਸ ਨੂੰ ਵਾਪਿਸ ਲੱਭ ਲਿਆ।

ਇਹ ਸਾਡੇ ਲਈ ਕਿੰਨਾ ਸਮਰੱਥੀ ਸਬਕ ਹੈ। ਜਦੋਂ ਸਾਨੂੰ ਕਿਸੇ ਗੰਭੀਰ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ, ਇੱਕ ਬਿਪਤਾ ਜੋ ਸਾਨੂੰ ਪਿੱਛੇ ਧੱਕ ਦਿੰਦੀ ਹੈ, ਅਸੀਂ ਉਹੀ ਕਰਦੇ ਹਾਂ ਜੋ ਦਾਊਦ ਨੇ ਕੀਤਾ ਸੀ। ਸਾਨੂੰ ਆਪਣੇ ਆਪ ਨੂੰ ਪ੍ਰਭੂ ਵਿੱਚ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਫਿਰ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨੀ ਚਾਹੀਦੀ ਹੈ, ਇਹ ਇਸ ਬਾਰੇ ਅਗਵਾਈ ਪ੍ਰਾਪਤ ਕਰਨੀ ਹੈ ਕਿ ਹਾਲਾਤ ਦਾ ਸਾਹਮਣਾ ਕਿਵੇਂ ਕਰਨਾ ਹੈ ਅਤੇ ਕਿਹੜੇ ਕਦਮ ਚੁੱਕਣੇ ਹਨ।

## ਜਦੋਂ ਤੁਸੀਂ ਜੀਵਨ ਵਿੱਚ ਤਬਦੀਲੀ ਦਾ ਅਨੁਭਵ ਕਰਦੇ ਹੋ

**2 ਸਮੂਏਲ 2:1-4**

**1 ਇਹ ਦੇ ਪਿੱਛੋਂ ਅਜਿਹਾ ਹੋਇਆ ਜੋ ਦਾਊਦ ਨੇ ਯਹੋਵਾਹ ਕੋਲੋਂ ਪੁੱਛਿਆ ਭਈ ਮੈਂ ਯਹੂਦਾਹ ਦੇ ਨਗਰਾਂ ਵਿੱਚੋਂ ਕਿਸੇ ਉੱਤੇ ਚੜ੍ਹ ਜਾਵਾਂ? ਯਹੋਵਾਹ ਨੇ ਉਹ ਨੂੰ ਆਖਿਆ, ਚੜ੍ਹ ਜਾ! ਜਦ ਦਾਊਦ ਨੇ ਆਖਿਆ, ਕਿੱਥੇ ਜਾਵਾਂ? ਉਸ ਨੇ ਆਖਿਆ, ਹਬਰੋਨ ਵੱਲ**

**2 ਸੋ ਦਾਊਦ ਉੱਥੇ ਚੜ੍ਹ ਗਿਆ ਅਤੇ ਉਹ ਦੇ ਨਾਲ ਉਹ ਦੀਆਂ ਦੋਵੇਂ ਪਤਨੀਆਂ ਅਰਥਾਤ ਯਿਜ਼ਰੇਲਣ ਅਹੀਨੋਅਮ ਅਤੇ ਕਰਮਲੀ ਨਾਬਾਲ ਦੀ ਤੀਵੀਂ ਅਬੀਗੈਲ ਸਨ।**

**3 ਦਾਊਦ ਆਪਣੇ ਲੋਕਾਂ ਨੂੰ ਜੋ ਉਹ ਦੇ ਨਾਲ ਸਨ, ਸਭਨਾਂ ਨੂੰ ਉਨ੍ਹਾਂ ਦੇ ਟੱਬਰਾਂ ਸਣੇ ਉਤਾਹਾਂ ਲੈ ਆਇਆ ਸੋ ਓਹ ਹਬਰੋਨ ਦਿਆਂ ਪਿੰਡਾਂ ਵਿੱਚ ਆਣ ਵੱਸੇ।**

**4 ਤਦ ਯਹੂਦਾਹ ਦੇ ਲੋਕ ਆਏ ਅਤੇ ਉੱਥੇ ਉਨ੍ਹਾਂ ਨੇ ਦਾਊਦ ਨੂੰ ਮਸਹ ਕੀਤਾ ਜੋ ਉਹ ਯਹੂਦਾਹ ਦੇ ਘਰਾਣੇ ਦਾ ਪਾਤਸ਼ਾਹ ਬਣੇ ਅਤੇ ਲੋਕਾਂ ਨੇ ਇਹ ਆਖ ਕੇ ਦਾਊਦ ਨੂੰ ਖ਼ਬਰ ਦਿੱਤੀ ਭਈ ਜਿਨ੍ਹਾਂ ਨੇ ਸ਼ਾਊਲ ਨੂੰ ਦੱਬਿਆ ਸੀ ਸੋ ਯਾਬੇਸ਼ ਗਿਲਆਦ ਦੇ ਲੋਕ ਹਨ।**

ਦਾਊਦ ਆਪਣੀ ਜਾਨ ਛੁਡਾਉਣ ਲਈ ਭੱਜ ਰਿਹਾ ਸੀ, ਰਾਜਾ ਸ਼ਾਊਲ ਤੋਂ ਬਚਣ ਦੀ ਕੋਸ਼ਿਸ਼ ਵਿੱਚ ਇੱਕ ਜਗ੍ਹਾ ਤੋਂ ਦੂਜੀ ਥਾਂ ਭਟਕਦਾ ਰਿਹਾ, ਜੋ ਉਸ ਦਾ

ਪਿੱਛਾ ਕਰ ਰਿਹਾ ਸੀ। ਅਚਾਨਕ ਸਭ ਕੁਝ ਬਦਲ ਗਿਆ। ਦਾਊਦ ਨੂੰ ਖ਼ਬਰ ਮਿਲੀ ਕਿ ਸ਼ਾਊਲ ਦੀ ਮੌਤ ਹੋ ਗਈ ਹੈ। ਉਹ ਆਦਮੀ ਜਿਹੜਾ ਦਾਊਦ ਦੀ ਜਾਨ ਦਾ ਪਿੱਛਾ ਕਰ ਰਿਹਾ ਸੀ, ਹੁਣ ਨਹੀਂ ਰਿਹਾ। ਇਹ ਦਾਊਦ ਦੀ ਜ਼ਿੰਦਗੀ ਵਿੱਚ ਤਬਦੀਲੀ ਦਾ ਪਲ ਸੀ। ਹੁਣ ਦਾਊਦ ਭੱਜਣਾ ਨਹੀਂ ਚਾਹੁੰਦਾ ਸੀ। ਉਹ ਸਥਿਰਤਾ ਅਤੇ ਲਗਨ ਵਾਲੀ ਜਗ੍ਹਾ ‘ਤੇ ਜਾ ਸਕਦਾ ਸੀ। ਦੁਬਾਰਾ, ਸਭ ਤੋਂ ਪਹਿਲਾਂ ਜੋ ਦਾਊਦ ਕਰਦਾ ਹੈ ਉਹ ਹੈ ਪ੍ਰਭੂ ਨੂੰ ਪੁੱਛਣਾ। ਉਹ ਪ੍ਰਭੂ ਨੂੰ ਪੁੱਛਦਾ ਹੈ ਕਿ ਕੀ ਉਹ ਵਾਪਿਸ ਜਾ ਕੇ ਯਹੂਦਾਹ ਦੇ ਸ਼ਹਿਰਾਂ ਵਿੱਚੋਂ ਕਿਸੇ ਇੱਕ ਵਿੱਚ ਵੱਸ ਸਕਦਾ ਹੈ। ਜਦੋਂ ਪ੍ਰਭੂ ਨੇ ਹਾਂ-ਪੱਖੀ ਉੱਤਰ ਦਿੱਤਾ, ਤਾਂ ਦਾਊਦ ਨੇ ਪ੍ਰਭੂ ਨੂੰ ਪੁੱਛਿਆ ਕਿ ਉਸ ਨੂੰ ਕਿਹੜੇ ਖੇਤਰ ਵਿੱਚ ਜਾਣਾ ਚਾਹੀਦਾ ਹੈ। ਪਰਮੇਸ਼ੁਰ ਨੇ ਉਸ ਨੂੰ ਹਬਰੋਨ ਨੂੰ ਜਾਣ ਲਈ ਆਖਿਆ। ਜਦੋਂ ਦਾਊਦ ਫਿਰ ਹਬਰੋਨ ਵਿੱਚ ਵੱਸ ਗਿਆ, ਤਦ ਯਹੂਦਾਹ ਦੇ ਲੋਕ ਆਏ ਅਤੇ ਦਾਊਦ ਨੂੰ ਆਪਣਾ ਰਾਜਾ ਬਣਾ ਲਿਆ! ਇਹ ਸਭ ਇਸਰਾਏਲ ਦਾ ਰਾਜਾ ਬਣਨ ਲਈ ਉਸ ਦੇ ਜੀਵਨ ਦੇ ਸੱਦੇ ਦੀ ਪੂਰਤੀ ਵੱਲ ਇੱਕ ਕਦਮ ਸੀ। ਸਾਢੇ ਸੱਤ ਸਾਲਾਂ ਬਾਅਦ, ਜਦੋਂ ਦਾਊਦ ਹਬਰੋਨ ਵਿੱਚ ਸੀ, ਤਦ ਇਸਰਾਏਲ ਦੀਆਂ ਸਾਰੀਆਂ ਕੌਮਾਂ ਦੇ ਆਗੂ ਦਾਊਦ ਕੋਲ ਆਏ ਅਤੇ ਉਸ ਨੂੰ ਸਾਰੇ ਇਸਰਾਏਲ ਦਾ ਰਾਜਾ ਬਣਨ ਲਈ ਸੱਦਾ ਦਿੱਤਾ (2 ਸਮੂਏਲ 5:1-5)।

ਇੱਥੇ ਪਰਮੇਸ਼ੁਰ ਦੀ ਅਗਵਾਈ ਦੀ ਭਾਲ ਕਰਨ ਅਤੇ ਉਸ ਦੇ ਨਾਲ ਅੱਗੇ ਵੱਧਣ ਦੇ ਮੁੱਲ ਬਾਰੇ ਕਿੰਨਾ ਮਹੱਤਵਪੂਰਣ ਸਬਕ ਹੈ, ਜੋ ਉਹ ਸਾਡੀ ਅਗਵਾਈ ਕਰਦਾ ਹੈ ਅਤੇ ਨਿਰਦੇਸ਼ਤ ਕਰਦਾ ਹੈ। ਪਰਮੇਸ਼ੁਰ ਦੀ ਅਗਵਾਈ ਹੇਠ ਜੀਵਨ ਦੀਆਂ ਤਬਦੀਲੀਆਂ ਵਿੱਚੋਂ ਲੰਘਣਾ ਸਾਨੂੰ ਉਹ ਸਭ ਕੁਝ ਪੂਰਾ ਕਰਨ ਦੀ ਜਗ੍ਹਾ ਦੇਵੇਗਾ, ਜੋ ਪਰਮੇਸ਼ੁਰ ਨੇ ਸਾਡੇ ਜੀਵਨ ਲਈ ਨਿਰਧਾਰਤ ਕੀਤਾ ਹੈ ਅਤੇ ਉਹ ਸਾਨੂੰ ਉਸ ਦੇ ਨੇੜੇ ਲਿਆਵੇਗਾ।

## ਉਹੀ ਦੁਸ਼ਮਣ, ਉਹੀ ਯੁੱਧ ਦਾ ਮੈਦਾਨ, ਵੱਖੋ-ਵੱਖਰੀਆਂ ਰਣਨੀਤੀਆਂ।

**2 ਸਮੂਏਲ 5:17-25**

**17 ਜਾਂ ਫਲਿਸਤੀਆਂ ਨੇ ਸੁਣਿਆ ਜੋ ਉਨ੍ਹਾਂ ਦਾਊਦ ਨੂੰ ਮਸਹ ਕਰ ਕੇ ਇਸਰਾਏਲ ਦਾ ਪਾਤਸ਼ਾਹ ਬਣਾਇਆ ਹੈ ਤਦ ਸਾਰਿਆਂ ਫਲਿਸਤੀਆਂ ਨੇ ਦਾਊਦ ਦੇ ਲੱਭਣ ਲਈ ਚੜ੍ਹਾਈ ਕੀਤੀ ਅਤੇ ਦਾਊਦ ਨੇ ਸੁਣਿਆ ਸੋ ਉਹ ਕੋਟ ਵਿੱਚ ਲਹਿ ਗਿਆ।**

**18 ਅਤੇ ਫਲਿਸਤੀ ਆਏ ਅਰ ਰਫ਼ਾਈਆਂ ਦੀ ਦੂਣ ਵਿੱਚ ਖਿੰਡ ਗਏ।**

**19 ਤਦ ਦਾਊਦ ਨੇ ਯਹੋਵਾਹ ਕੋਲੋਂ ਮਤਾ ਪੁੱਛਿਆ, ਭਲਾ, ਮੈਂ ਫਲਿਸਤੀਆਂ ਉੱਤੇ ਚੜ੍ਹਾਈ ਕਰਾਂ? ਕੀ ਤੂੰ ਉਨ੍ਹਾਂ ਨੂੰ ਮੇਰੇ ਹੱਥ ਸੌਂਪ ਦੇਵੇਂਗਾ? ਯਹੋਵਾਹ ਨੇ ਦਾਊਦ ਨੂੰ ਆਖਿਆ, ਚੜ੍ਹਾਈ ਕਰ ਕਿਉਂ ਜੋ ਨਿਸੰਗ ਮੈਂ ਫਲਿਸਤੀਆਂ ਨੂੰ ਤੇਰੇ ਹੱਥ ਸੌਂਪਾਂਗਾ।**

**20 ਸੋ ਦਾਊਦ ਬਆਲ ਪਰਾਸੀਮ ਵਿੱਚ ਆਇਆ ਅਤੇ ਉੱਥੇ ਦਾਊਦ ਨੇ ਉਨ੍ਹਾਂ ਨੂੰ ਮਾਰਿਆ ਅਤੇ ਆਖਿਆ, ਯਹੋਵਾਹ ਨੇ ਮੇਰੇ ਸਾਹਮਣੇ ਮੇਰੇ ਵੈਰੀਆਂ ਤੇ ਇਉਂ ਢਹਿ ਪਿਆ ਜਿਵੇਂ ਮੋਘੇ ਵਿੱਚੋਂ ਪਾਣੀ ਰੋੜ ਲੈ ਜਾਂਦਾ ਹੈ! ਇਸ ਲਈ ਉਸ ਨੇ ਉਸ ਥਾਉਂ ਦਾ ਨਾਉਂ ਬਆਲ ਪਰਾਸੀਮ ਧਰਿਆ।**
**21 ਉਨ੍ਹਾਂ ਨੇ ਆਪਣੀਆਂ ਮੂਰਤਾਂ ਨੂੰ ਉੱਥੇ ਛੱਡਿਆ ਸੋ ਦਾਊਦ ਅਤੇ ਉਸ ਦੇ ਲੋਕਾਂ ਨੇ ਉਨ੍ਹਾਂ ਨੂੰ ਚੁੱਕ ਲਿਆ।**
**22 ਫਲਿਸਤੀ ਫੇਰ ਚੜ੍ਹੇ ਅਤੇ ਰਫ਼ਾਈਆਂ ਦੀ ਦੂਣ ਵਿੱਚ ਖਿੰਡ ਗਏ।**
**23 ਸੋ ਦਾਊਦ ਨੇ ਯਹੋਵਾਹ ਕੋਲੋਂ ਫੇਰ ਸਲਾਹ ਪੁੱਛੀ ਅਤੇ ਉਸ ਨੇ ਆਖਿਆ, ਤੂੰ ਚੜ੍ਹਾਈ ਨਾ ਕਰ ਪਰ ਮਗਰ ਹੋ ਕੇ ਉਨ੍ਹਾਂ ਨੂੰ ਘੇਰਾ ਪਾ ਅਤੇ ਤੂਤਾਂ ਦੇ ਬਿਰਛਾਂ ਦੇ ਸਾਹਮਣੇ ਹੋ ਕੇ ਉਨ੍ਹਾਂ ਉੱਤੇ ਹੱਲਾ ਕਰ।**
**24 ਅਤੇ ਅਜਿਹਾ ਹੋਵੇ ਭਈ ਜਿਸ ਵੇਲੇ ਤੂੰ ਤੂਤਾਂ ਦੇ ਬਿਰਛਾਂ ਦੀਆਂ ਉਤਲੀਆਂ ਟਾਹਣੀਆਂ ਵਿੱਚ ਤੁਰਨ ਦਾ ਖੜਕਾ ਸੁਣੇਂ ਤਾਂ ਸੁਚੇਤ ਹੋ ਕਿਉਂ ਜੋ ਉਸ ਵੇਲੇ ਯਹੋਵਾਹ ਤੇਰੇ ਅੱਗੇ-ਅੱਗੇ ਤੁਰ ਕੇ ਫਲਿਸਤੀਆਂ ਦੇ ਦਲ ਨੂੰ ਮਾਰੇਗਾ।**
**25 ਸੋ ਜਿਵੇਂ ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਸੀ ਦਾਊਦ ਨੇ ਤਿਵੇਂ ਹੀ ਕੀਤਾ ਅਤੇ ਫਲਿਸਤੀਆਂ ਨੂੰ ਗੱਬਾਹ ਤੋਂ ਲੈ ਕੇ ਗਜ਼ਰ ਵਿੱਚ ਅੱਪੜਨ ਤੀਕ ਮਾਰਿਆ।**

ਪੂਰੇ ਇਸਰਾਏਲ ਦਾ ਰਾਜਾ ਨਿਯੁਕਤ ਕੀਤੇ ਜਾਣ ਤੋਂ ਬਾਅਦ, ਦਾਊਦ ਨੇ ਸੀਯੋਨ ਨਾਮਕ ਕਿਲ੍ਹੇ (ਗੜ੍ਹ, ਟਿੱਲੇ) ਦਾ ਕਬਜ਼ਾ ਕਰ ਲਿਆ ਅਤੇ ਇਸ ਦੇ ਆਲੇ-ਦੁਆਲੇ ਪ੍ਰਾਚੀਨ ਯਰੂਸ਼ਲਮ ਦੀਆਂ ਦੋ ਪਹਾੜੀਆਂ ਦੇ ਪੂਰਬ ਵਿੱਚ ਦਾਊਦ ਦਾ ਸ਼ਹਿਰ ਬਣਾਇਆ। ਯਰੂਸ਼ਲਮ ਦੇ ਪੱਛਮ ਅਤੇ ਪੱਛਮੀ-ਦੱਖਣ ਵਿੱਚ ਪੁਰਾਣੇ ਦੁਸ਼ਮਣ ਫਲਿਸਤੀਨੀ ਆਪਣੇ ਆਪ ਨੂੰ ਰਫ਼ਾਈਮ ਦੀ ਦੂਣ ਵਿੱਚ ਤਾਇਨਾਤ ਕਰ ਰਹੇ ਸਨ। ਦਾਊਦ ਨੇ ਪਰਮੇਸ਼ੁਰ ਨੂੰ ਪੁੱਛਿਆ ਕਿ ਕੀ ਉਸ ਨੂੰ ਦੁਸ਼ਮਣ ਦਾ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਪਰਮੇਸ਼ੁਰ ਨੇ ਕਿਹਾ ਕਿ ਉਸ ਨੂੰ ਜਾਣਾ ਚਾਹੀਦਾ ਹੈ ਅਤੇ ਪਰਮੇਸ਼ੁਰ ਨੇ ਜਿੱਤ ਦਾ ਵਾਇਦਾ ਕੀਤਾ। ਦਾਊਦ ਅਤੇ ਉਸ ਦੇ ਆਦਮੀਆਂ ਨੇ ਜਿੱਤ ਦਾ ਤਜ਼ਰਬਾ ਕੀਤਾ ਅਤੇ ਪੁਸ਼ਟੀ ਕੀਤੀ ਕਿ ਪਰਮੇਸ਼ੁਰ ਨੇ ਉਸ ਨੂੰ ਇੱਕ ਸ਼ਕਤੀਸ਼ਾਲੀ ਦੁਸ਼ਮਣ ਦੇ ਡੇਰੇ ਵਿੱਚ ਜਿੱਤ ਦਿੱਤੀ ਸੀ। ਕੁਝ ਸਮੇਂ ਬਾਅਦ, ਉਹੀ ਦੁਸ਼ਮਣ ਰਫਾਈਆਂ ਦੀ ਦੂਣ ਵਿੱਚ ਉਸੇ ਜਗ੍ਹਾ ਤੇ ਵਾਪਿਸ ਆ ਗਿਆ। ਹੁਣ ਦਾਊਦ ਨੇ ਆਪਣਾ "ਕੰਮ ਆਮ ਵਾਂਗ" ਨਹੀਂ ਕੀਤਾ। ਆਪਣੀਆਂ ਪਿੱਛਲੀਆਂ ਜਿੱਤਾਂ ਦੇ ਅਧਾਰ ਤੇ, ਉਸ ਨੇ ਦੁਸ਼ਟਤਾ ਨਾਲ ਕੰਮ ਨਹੀਂ ਕੀਤਾ। ਉਸ ਨੇ ਇੱਕ ਵਾਰ ਫਿਰ ਪਰਮੇਸ਼ੁਰ ਨੂੰ ਪੁੱਛਿਆ। ਪਰਮੇਸ਼ੁਰ ਨੇ ਉਸ ਨੂੰ ਇਸ ਵਾਰ ਇੱਕ ਵੱਖਰੀ ਰਣਨੀਤੀ ਦਿੱਤੀ। ਪਰਮੇਸ਼ੁਰ ਨੇ ਦੁਸ਼ਮਣ ਨਾਲ ਲੜਨ ਲਈ ਸਵਰਗ ਦੂਤਾਂ ਦੀ ਇੱਕ ਫ਼ੌਜ ਭੇਜੀ। ਸਵਰਗ ਦੀ ਫ਼ੌਜ ਦੀ ਮਦਦ ਨਾਲ ਦਾਊਦ ਅਤੇ ਉਸ ਦੇ ਆਦਮੀਆਂ ਨੇ ਦੁਸ਼ਮਣ ਨੂੰ ਹਰਾਇਆ।

ਸਾਡੇ ਦੁਸ਼ਮਣ, ਸ਼ੈਤਾਨ ਅਤੇ ਉਸ ਦੀਆਂ ਦੁਸ਼ਟ-ਆਤਮਾਵਾਂ ਉੱਤੇ ਸਾਨੂੰ ਅਧਿਕਾਰ ਅਤੇ ਜਿੱਤ ਪ੍ਰਾਪਤ ਹੈ। ਇਸ ਵਿੱਚ ਜਾਣ ਲਈ ਇੱਥੇ ਕੁਝ ਮਹੱਤਵਪੂਰਣ ਸਬਕ ਹਨ। ਪਰਮੇਸ਼ੁਰ ਨੇ ਸਾਨੂੰ ਵਰਤਣ ਲਈ ਕੁਝ ਸਮਰੱਥੀ ਹਥਿਆਰ ਦਿੱਤੇ ਹਨ, ਜਿਨ੍ਹਾਂ ਦੁਆਰਾ ਅਸੀਂ ਬਿਨ੍ਹਾਂ ਸ਼ੱਕ ਦੁਸ਼ਮਣ ਉੱਤੇ ਰਾਜ ਵਿੱਚ ਚੱਲਾਂਗੇ। ਸ਼ੈਤਾਨ ਅਤੇ ਉਸ ਦੇ ਦੁਸ਼ਟ ਆਤਮਾ ਦੀ, ਸਾਡੇ ਪੈਰਾਂ ਦੇ ਹੇਠਾਂ ਸਿਰਫ਼ ਇੱਕ ਜਗ੍ਹਾ ਹੈ (ਲੂਕਾ 10:19; ਰੋਮੀਆਂ 16:20; ਅਫ਼ਸੀਆਂ 2:6)। ਹਾਲਾਂਕਿ, ਜਦੋਂ ਇਹ ਦੁਸ਼ਮਣ ਸਾਡੇ ਵਿਰੁੱਧ ਆਉਂਦਾ ਹੈ ਅਤੇ ਸਾਡੇ ਵਿਰੁੱਧ ਆਪਣੀਆਂ ਯੋਜਨਾਵਾਂ, ਯੁਕਤੀਆਂ ਅਤੇ ਚਾਲਾਂ ਨੂੰ ਅਪਣਾਉਂਦਾ ਹੈ, ਤਾਂ ਅਸੀਂ ਪਰਮੇਸ਼ੁਰ ਦੀ ਗੱਲ ਸੁਣ ਸਕਦੇ ਹਾਂ ਅਤੇ ਦੁਸ਼ਮਣ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਨ ਅਤੇ ਉਸ ਨੂੰ ਰੋਕਣ ਲਈ ਰਣਨੀਤੀਆਂ ਪ੍ਰਾਪਤ ਕਰਨ ਲਈ ਪਰਮੇਸ਼ੁਰ ਦੁਆਰਾ ਸਾਨੂੰ ਦਿੱਤੇ ਹਥਿਆਰਾਂ ਦੀ ਵਰਤੋਂ ਕਰ ਸਕਦੇ ਹਾਂ। ਹਰ ਲੜਾਈ ਵਿੱਚ, ਪਰਮੇਸ਼ੁਰ ਸਾਡੇ ਨਾਲ ਇਸ ਬਾਰੇ ਗੱਲ ਕਰੇਗਾ ਕਿ ਅਸੀਂ ਕਿਵੇਂ ਦ੍ਰਿੜਤਾ ਨਾਲ ਖੜ੍ਹੇ ਹੋਣਾ ਹੈ ਅਤੇ ਹਾਰੇ ਹੋਏ ਦੁਸ਼ਮਣ ਉੱਤੇ ਰਾਜ ਵਿੱਚ ਕਿਵੇਂ ਚੱਲਣਾ ਹੈ।

## ਜਦੋਂ ਬਿਨ੍ਹਾਂ ਕਿਸੇ ਸਪੱਸ਼ਟ ਕਾਰਨ ਦੇ ਸਭ ਕੁਝ ਗ਼ਲਤ ਹੋ ਜਾਂਦਾ ਹੈ

**2 ਸਮੂਏਲ 21:1**

**ਫੇਰ ਦਾਊਦ ਦੇ ਸਮੇਂ ਵਿੱਚ ਤਿੰਨ ਵਰ੍ਹੇ ਉੱਤੋਂ ਥੱਲੀ ਅੰਨਕਾਲ ਪਿਆ ਅਤੇ ਦਾਊਦ ਨੇ ਯਹੋਵਾਹ ਦੀ ਹਜ਼ੂਰੀ ਨੂੰ ਭਾਲਿਆ ਸੋ ਯਹੋਵਾਹ ਨੇ ਆਖਿਆ, ਏਹ ਸ਼ਾਊਲ ਦੇ ਅਤੇ ਉਹ ਦੇ ਹਤਿਆਰੇ ਘਰਾਣੇ ਦੇ ਕਾਰਨ ਹੈ ਕਿਉਂ ਜੋ ਉਸ ਨੇ ਗਿਬਓਨੀਆਂ ਨੂੰ ਵੱਢ ਸੁੱਟਿਆ।**

ਇਸਰਾਏਲ ਦਾ ਰਾਜਾ ਹੋਣ ਦੇ ਨਾਤੇ ਦਾਊਦ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇੱਕ ਸਮੇਂ ਉਸ ਦੇ ਰਾਜ ਦੌਰਾਨ ਤਿੰਨ ਸਾਲ ਲਗਾਤਾਰ ਅਕਾਲ ਪਿਆ। ਦਾਊਦ ਜ਼ਰੂਰ ਬਹੁਤ ਚਿੰਤਿਤ ਸੀ। ਇਸ ਲਈ ਉਸ ਨੇ ਪ੍ਰਭੂ ਨੂੰ ਇਸ ਬਾਰੇ ਪੁੱਛਿਆ। ਪਰਮੇਸ਼ੁਰ ਨੇ ਉਸ ਨੂੰ ਮੂਲ ਕਾਰਨ ਦੱਸਿਆ। ਉਸ ਦਾ ਸੰਬੰਧ ਉਸ ਦੇ ਪੂਰਵਗਾਮੀ ਰਾਜਾ ਸ਼ਾਊਲ ਦੁਆਰਾ ਕੀਤੀ ਗਈ ਹਿੰਸਾ ਨਾਲ ਸੀ, ਜਿਸ ਨੇ ਗਿਬਓਨੀਆਂ 'ਤੇ ਹਮਲਾ ਕੀਤਾ ਸੀ, ਜਿਸ ਨੂੰ ਇਸਰਾਏਲ ਨੇ ਬਚਾਉਣ ਦਾ ਵਾਇਦਾ ਕੀਤਾ ਸੀ (2 ਸਮੂਏਲ 21:2)। ਇਸ ਲਈ ਦਾਊਦ ਨੇ ਤੋਬਾ ਕੀਤੀ ਅਤੇ ਗਿਬਓਨੀਆਂ ਨਾਲ ਮੇਲ ਮਿਲਾਪ ਕੀਤਾ। ਅਕਾਲ ਖ਼ਤਮ ਹੋ ਗਿਆ ਹੈ।

ਉਨ੍ਹਾਂ ਹਲਾਤਾਂ ਵਿੱਚ ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ, ਪਰਮੇਸ਼ੁਰ ਦੀ ਗੱਲ ਸੁਣਨਾ ਅਤੇ ਉਸ ਤੋਂ ਅਗਵਾਈ ਲੈਣਾ ਬਹੁਤ ਮਹੱਤਵਪੂਰਨ ਹੈ। ਜਦੋਂ ਸਭ ਕੁਝ ਬਿਨ੍ਹਾਂ ਕਿਸੇ ਸਪੱਸ਼ਟ ਕਾਰਨ ਦੇ ਗ਼ਲਤ ਹੋ ਰਿਹਾ ਜਾਪਦਾ ਹੈ, ਤਾਂ ਸਾਨੂੰ ਪ੍ਰਭੂ ਨੂੰ ਪੁੱਛਣ ਦੀ ਜ਼ਰੂਰਤ ਹੈ। ਕਿਉਂ? ਅਜਿਹਾ ਹੋਣ ਦੇ ਕਿਹੜੇ ਕਾਰਨ ਹਨ? ਫਿਰ ਪਰਮੇਸ਼ੁਰ ਦੀ ਗੱਲ ਸੁਣੋ। ਪਰਮੇਸ਼ੁਰ ਸਾਡੇ ਨਾਲ ਆਪਣੀ ਇੱਛਾ ਅਨੁਸਾਰ ਗੱਲ ਕਰੇਗਾ ਤਾਂ ਜੋ ਅਸੀਂ ਕਦਮ ਚੁੱਕ ਸਕੀਏ ਅਤੇ ਤਬਦੀਲੀ ਦੇਖ ਸਕੀਏ।

## ਪ੍ਰਭੂ ਨੂੰ ਪੁੱਛਣ ਦੇ ਵੱਖੋ-ਵੱਖਰੇ ਤਰੀਕੇ

ਅਸੀਂ ਸਿਰਫ ਕੁਝ ਉਦਾਹਰਣਾਂ 'ਤੇ ਵਿਚਾਰ ਕੀਤਾ ਹੈ ਜਿੱਥੇ ਦਾਊਦ ਨੇ ਆਪਣੇ ਜੀਵਨ ਵਿੱਚ, ਪਰਮੇਸ਼ੁਰ ਤੋਂ ਸੁਣਿਆ ਸੀ ਅਤੇ ਉਹ ਪਰਮੇਸ਼ੁਰ ਦੁਆਰਾ ਨਿਰਦੇਸ਼ਤ ਕੀਤਾ ਗਿਆ ਸੀ। ਸਪੱਸ਼ਟ ਤੌਰ 'ਤੇ ਦੂਸਰੀਆਂ ਉਦਾਹਰਣਾਂ ਹੋ ਸਕਦੀਆਂ ਹਨ, ਜੋ ਸਾਡੇ ਲਈ ਨਹੀਂ ਲਿਖੀਆਂ ਗਈਆਂ ਹਨ। ਪਰ ਇਹ ਸਾਡੇ ਲਈ ਸਪੱਸ਼ਟ ਹੋ ਜਾਂਦਾ ਹੈ ਕਿ ਦਾਊਦ ਪਰਮੇਸ਼ੁਰ ਦੇ ਦਿਲ ਦੇ ਯੋਗ ਆਦਮੀ ਕਿਉਂ ਸੀ ਅਤੇ ਦਾਊਦ ਨੇ ਆਪਣੇ ਜੀਵਨ ਕਾਲ ਦੌਰਾਨ ਪਰਮੇਸ਼ੁਰ ਦੀ ਸਾਰੀ ਇੱਛਾ ਪੂਰੀ ਕਿਉਂ ਕੀਤੀ ਇਸ ਦਾ ਇੱਕ ਕਾਰਨ ਇਹ ਸੀ ਕਿ ਉਸ ਨੇ ਆਪਣੇ ਜੀਵਨ ਦੇ ਸਾਰੇ ਮੌਸਮਾਂ ਵਿੱਚ ਪਰਮੇਸ਼ੁਰ ਦੀ ਅਗਵਾਈ ਦੀ ਭਾਲ ਕੀਤੀ ਅਤੇ ਉਸ ਨੂੰ ਪ੍ਰਾਪਤ ਕੀਤਾ।

ਸਾਡੇ ਕੋਲ ਇਸ ਬਾਰੇ ਸਾਰੇ ਵੇਰਵੇ ਨਹੀਂ ਹਨ ਕਿ ਦਾਊਦ ਨੇ ਹਰ ਵਾਰ ਪਰਮੇਸ਼ੁਰ ਤੋਂ ਕਿਵੇਂ ਸੁਣਿਆ। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਨੇ ਦਾਊਦ ਨਾਲ ਉਸ ਦੇ ਆਤਮਾ ਵਿੱਚ ਪ੍ਰਕਾਸ਼ਨ ਦੁਆਰਾ, ਸੁਫ਼ਨਿਆਂ ਦੁਆਰਾ, ਯੂਰੀਮ ਅਤੇ ਤੁਮੀਮ ਦੁਆਰਾ, ਦਾਊਦ ਦੇ ਆਲੇ-ਦੁਆਲੇ ਦੇ ਨਬੀਆਂ ਦੁਆਰਾ ਗੱਲ ਕੀਤੀ ਹੋਵੇਗੀ। ਮਹੱਤਵਪੂਰਣ ਗੱਲ ਇਹ ਹੈ ਕਿ ਦਾਊਦ ਨੇ ਪ੍ਰਭੂ ਤੋਂ ਮਾਰਗ ਦਰਸ਼ਨ ਲੈਣਾ, ਉਸ ਦੀ ਅਗਵਾਈ ਲੈਣਾ ਅਤੇ ਪਰਮੇਸ਼ੁਰ ਦੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਸਿੱਖਿਆ। ਇਨ੍ਹਾਂ ਗੱਲਾਂ ਨੇ ਦਾਊਦ ਦੇ ਬਣਨ ਵਿੱਚ ਵੱਡੀ ਭੂਮਿਕਾ ਨਿਭਾਈ। ਇੱਕ ਅਜਿਹਾ ਵਿਅਕਤੀ ਜੋ ਲਗਾਤਾਰ ਪਰਮੇਸ਼ੁਰ ਤੋਂ ਪ੍ਰਾਰਥਨਾ ਕਰਦਾ ਸੀ ਅਤੇ ਪਰਮੇਸ਼ੁਰ ਦੀ ਅਗਵਾਈ ਵਿੱਚ ਰਹਿੰਦਾ ਸੀ ਅਤੇ ਉਸ ਦੀ ਅਗਵਾਈ ਹੇਠ ਚੱਲਦਾ ਸੀ।

ਇਸ ਪੁਸਤਕ ਵਿੱਚ ਸਾਡਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ ਕਿਵੇਂ ਨਵੇਂ ਨੇਮ ਦੇ ਅਧੀਨ ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ ਅਸੀਂ ਪਰਮੇਸ਼ੁਰ ਤੋਂ ਸੁਣ

ਸਕਦੇ ਹਾਂ ਅਤੇ ਉਸ ਤੋਂ ਮਾਰਗ ਦਰਸ਼ਨ ਪ੍ਰਾਪਤ ਕਰ ਸਕਦੇ ਹਾਂ, ਜਦੋਂ ਅਸੀਂ ਜੀਵਨ ਦੀ ਯਾਤਰਾ ਕਰਦੇ ਹਾਂ। ਮੈਂ ਚਾਹੁੰਦਾ ਹਾਂ ਕਿ ਸਾਡੇ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਮਨ ਦੇ ਯੋਗ ਹਾਂ ਅਤੇ ਇਹ ਕਿ ਅਸੀਂ ਆਪਣੀ ਪੀੜ੍ਹੀ ਵਿੱਚ ਪਰਮੇਸ਼ੁਰ ਦੀ ਸਾਰੀ ਇੱਛਾ ਪੂਰੀ ਕੀਤੀ ਹੈ।

## ਪ੍ਰਤੀਬਿੰਬ

ਦਾਊਦ ਨੇ ਜਿਸ ਹਾਲਾਤ ਦਾ ਸਾਹਮਣਾ ਕੀਤਾ, ਉਸ ਤਰ੍ਹਾਂ ਦੇ ਹਾਲਾਤਾਂ ਤੋਂ ਹੋ ਕੇ ਕੀ ਤੁਸੀਂ ਗਏ ਹੋ, ਜਿਸ ਬਾਰੇ ਅਸੀਂ ਇਸ ਅਧਿਆਇ ਵਿੱਚ ਵਿਚਾਰ ਕੀਤਾ ਹੈ? ਇਨ੍ਹਾਂ ਤਜ਼ਰਬਿਆਂ ‘ਤੇ ਵਿਚਾਰ ਕਰੋ। ਕੀ ਤੁਸੀਂ ਪਰਮੇਸ਼ੁਰ ਨੂੰ ਪੁੱਛਿਆ? ਨਤੀਜ਼ਾ ਕੀ ਨਿਕਲਿਆ? ਕੀ ਤੁਸੀਂ ਅਗਲੀ ਵਾਰ ਵੱਖਰੇ ਤਰੀਕੇ ਨਾਲ ਕੰਮ ਕਰੋਗੇ?

1) ਜਦੋਂ ਤੁਹਾਡੀ ਆਪਣੀ ਟੀਮ ਝਿਜਕਦੀ ਹੈ

2) ਜਦੋਂ ਤੁਸੀਂ ਕਿਸੇ ਗੰਭੀਰ ਹਾਰ ਦਾ ਸਾਹਮਣਾ ਕਰਦੇ ਹੋ

3) ਜਦੋਂ ਤੁਸੀਂ ਜੀਵਨ ਵਿੱਚ ਤਬਦੀਲੀ ਦਾ ਤਜ਼ਰਬਾ ਕਰਦੇ ਹੋ

4) ਉਹੀ ਦੁਸ਼ਮਣ, ਉਹੀ ਯੁੱਧ ਦਾ ਮੈਦਾਨ, ਵੱਖੋ-ਵੱਖਰੀਆਂ ਰਣਨੀਤੀਆਂ

5) ਜਦੋਂ ਬਿਨ੍ਹਾਂ ਕਿਸੇ ਸਪੱਸ਼ਟ ਕਾਰਨ ਦੇ ਸਭ ਕੁਝ ਗ਼ਲਤ ਹੋ ਜਾਂਦਾ ਹੈ

# 3
# ਵਚਨ

ਪਰਮੇਸ਼ੁਰ ਮੁੱਖ ਤੌਰ ਤੇ ਆਪਣੇ ਵਚਨ ਦੁਆਰਾ ਅਤੇ ਪਵਿੱਤਰ ਆਤਮਾ ਦੁਆਰਾ ਸਾਡਾ ਮਾਰਗ ਦਰਸ਼ਨ ਕਰਦਾ ਹੈ ਅਤੇ ਸਾਡੀ ਅਗਵਾਈ ਕਰਦਾ ਹੈ। ਲਿਖਤੀ ਵਚਨ ਇਹ ਨਿਰਧਾਰਤ ਕਰਨ ਦਾ ਸਭ ਤੋਂ ਮਹੱਤਵਪੂਰਣ ਤਰੀਕਾ ਹੈ ਕਿ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਕੀ ਸਹੀ ਹੈ, ਉਸ ਦੀ ਇੱਛਾ ਕੀ ਹੈ ਅਤੇ ਉਹ ਸਾਡੇ ਲਈ ਕੀ ਕਰਨਾ ਚਾਹੁੰਦਾ ਹੈ। ਰੱਬੀ ਮਾਰਗ ਦਰਸ਼ਨ ਦੇ ਹਰ ਦੂਸਰੇ ਰੂਪ ਨੂੰ ਲਿਖਤੀ ਵਚਨ ਦੇ ਅਨੁਸਾਰ ਅਧੀਨ ਕੀਤਾ ਗਿਆ ਹੈ ਅਤੇ ਪਰਖਿਆ ਗਿਆ ਹੈ।

ਇਸ ਅਧਿਆਇ ਵਿੱਚ, ਅਸੀਂ ਪਰਮੇਸ਼ੁਰ ਦੇ ਲਿਖਤੀ ਵਚਨ ਦੁਆਰਾ ਮਾਰਗ ਦਰਸ਼ਨ ਪ੍ਰਾਪਤ ਕਰਨ ਦੀ ਅੰਤਰ ਦ੍ਰਿਸ਼ਟੀ ਪ੍ਰਾਪਤ ਕਰਦੇ ਹਾਂ।

ਆਓ ਪਹਿਲਾਂ ਕੁਝ ਆਇਤਾਂ ‘ਤੇ ਵਿਚਾਰ ਕਰੀਏ।

**ਜ਼ਬੂਰਾਂ 119:105**
**ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ ਅਤੇ ਮੇਰੇ ਰਾਹ ਦਾ ਚਾਨਣ ਹੈ।**

ਕਲਪਨਾ ਕਰੋ ਕਿ ਤੁਹਾਨੂੰ ਹਨੇਰੇ ਵਿੱਚ ਤੁਰਨਾ ਪਏ। ਇਹ ਬਹੁਤ ਖ਼ਤਰਨਾਕ ਗੱਲ ਹੋਵੇਗੀ। ਸਾਨੂੰ ਨਹੀਂ ਪਤਾ ਹੋਵੇਗਾ ਕਿ ਅਸੀਂ ਕਿੱਥੇ ਜਾ ਰਹੇ ਹਾਂ, ਅਸੀਂ ਆਪਣਾ ਕਦਮ ਕਿੱਥੇ ਰੱਖਦੇ ਹਾਂ, ਖ਼ਤਰਿਆਂ ਤੋਂ ਕਿਵੇਂ ਬਚਣਾ ਹੈ, ਆਦਿ। ਅਸੀਂ ਆਪਣੇ ਅੱਗੇ ਦੇ ਰਸਤੇ ਨੂੰ ਰੌਸ਼ਨ ਕਰਨ ਲਈ ਸਹਿਜ ਤੌਰ ‘ਤੇ ਆਪਣੀ ਮਸ਼ਾਲ ਚੁੱਕਦੇ ਹਾਂ। ਜਦੋਂ ਮਸ਼ਾਲ ਦੀ ਰੌਸ਼ਨੀ ਸਾਡੇ ਸਾਹਮਣੇ ਚਮਕਦੀ ਹੈ, ਤਾਂ ਅਸੀਂ ਆਤਮ-ਵਿਸ਼ਵਾਸ ਦੇ ਨਾਲ ਚੱਲ ਸਕਦੇ ਹਾਂ। ਅਸੀਂ ਆਪਣੇ ਅਗਲੇ ਕਦਮਾਂ ਬਾਰੇ ਨਿਸ਼ਚਿੰਤ ਹਾਂ। ਅਸੀਂ ਆਪਣੇ ਅੱਗੇ ਇੱਕ ਰੌਸ਼ਨੀ ਚਮਕਦੀ ਵੇਖ ਸਕਦੇ ਹਾਂ ਅਤੇ ਥੋੜ੍ਹਾ ਹੋਰ ਵੇਖ ਸਕਦੇ ਹਾਂ ਅਤੇ ਅਸੀਂ ਕਿਸ ਦਿਸ਼ਾ ਵੱਲ ਜਾ ਰਹੇ ਹਾਂ, ਉਸ ਬਾਰੇ ਸਿੱਖ ਸਕਦੇ ਹਾਂ। ਪਰਮੇਸ਼ੁਰ ਦਾ ਵਚਨ ਜੀਵਨ ਦੀ ਯਾਤਰਾ ਲਈ ਸਾਡੀ ਟਾਰਚ ਜਾਂ ਮਸ਼ਾਲ ਹੈ। ਪਰਮੇਸ਼ੁਰ ਦਾ ਵਚਨ ਇੱਕ ਦੀਵੇ (ਟਾਰਚ ਜਾਂ ਮਸ਼ਾਲ)

ਵਰਗਾ ਹੈ, ਜੋ ਸਾਡੇ ਕਦਮਾਂ ਦੀ ਅਗਵਾਈ ਕਰਦਾ ਹੈ, ਉਹ ਚਾਨਣ ਜੋ ਸਾਨੂੰ ਉਹ ਰਾਹ ਦਿਖਾਉਂਦਾ ਹੈ ਜੋ ਸਾਨੂੰ ਲੈਣਾ ਚਾਹੀਦਾ ਹੈ।

**ਜ਼ਬੂਰਾਂ 119:130**
**ਤੇਰੇ ਵਚਨਾਂ ਦਾ ਖੋਲ੍ਹਣਾ ਚਾਨਣ ਦਿੰਦਾ ਹੈ,**
**ਉਹ ਸਿੱਧੇ ਸਾਧੇ ਲੋਕਾਂ ਨੂੰ ਸਮਝ ਬਖ਼ਸ਼ਦਾ ਹੈ।**

ਪਰਮੇਸ਼ੁਰ ਦਾ ਵਚਨ ਸਾਨੂੰ ਸਿਖਾਉਂਦਾ ਹੈ ਅਤੇ ਸਾਨੂੰ ਚਾਨਣ, ਸਮਝ ਅਤੇ ਬੁੱਧੀ ਦਿੰਦਾ ਹੈ। ਕਲਪਨਾ ਕਰੋ ਕਿ ਤੁਹਾਨੂੰ ਇੱਕ ਕਮਰੇ ਵਿੱਚ ਲਿਜਾਇਆ ਗਿਆ ਹੈ, ਜੋ ਪੂਰੀ ਤਰ੍ਹਾਂ ਹਨੇਰਾ ਹੈ। ਹੋ ਸਕਦਾ ਹੈ ਉਸ ਕਮਰੇ ਵਿੱਚ ਦੂਸਰੇ ਲੋਕ ਬੈਠੇ ਹੋਣਗੇ, ਹੋ ਸਕਦਾ ਹੈ ਉਹ ਕਮਰਾ ਸਜਾਇਆ ਗਿਆ ਹੋਵੇ। ਇੱਥੇ ਇੱਕ ਮੇਜ਼ ਹੋਵੇਗਾ ਜਿਸ ‘ਤੇ ਖਾਣ ਲਈ ਚੰਗੀਆਂ ਚੀਜ਼ਾਂ ਆਦਿ ਹੋ ਸਕਦੀਆਂ ਹਨ, ਪਰ ਇਹ ਕੋਈ ਵੀ ਮਾਇਨੇ ਨਹੀਂ ਰੱਖਦਾ ਅਤੇ ਇਹ ਬੇਕਾਰ ਹੈ। ਹਨੇਰੇ ਵਿੱਚ ਗੱਲਾਂ ਨੂੰ ਸਮਝਣਾ ਮੁਸ਼ਕਿਲ ਹੈ। ਜਿਵੇਂ ਹੀ ਲਾਈਟ ਜਗਦੀ ਹੈ, ਲੋਕ ਸੁੱਖ ਦਾ ਸਾਹ ਲੈਂਦੇ ਹਨ ਕਿਉਂਕਿ ਹੁਣ ਸਭ ਕੁਝ ਮਹੱਤਵਪੂਰਨ ਹੋ ਗਿਆ ਹੈ। ਇਸੇ ਤਰ੍ਹਾਂ ਜੀਵਨ ਵਿੱਚ ਅਸੀਂ ਆਪਣੇ ਆਪ ਨੂੰ ਅਜਿਹੇ ਹਾਲਾਤਾਂ ਵਿੱਚ ਪਾ ਸਕਦੇ ਹਾਂ, ਜਿੱਥੇ ਗੱਲਾਂ ਦਾ ਕੋਈ ਅਰਥ ਨਹੀਂ ਹੁੰਦਾ। ਸਾਨੂੰ ਨਹੀਂ ਪਤਾ ਕਿ ਕੀ ਕਰਨਾ ਹੈ। ਪਰ ਉਨ੍ਹਾਂ ਪਲਾਂ ਵਿੱਚ ਪਰਮੇਸ਼ੁਰ ਦਾ ਵਚਨ ਸਾਨੂੰ ਪ੍ਰਕਾਸ਼ਮਾਨ ਕਰਦਾ ਹੈ। ਅਸੀਂ ਉਸ ਹਾਲਾਤ ਵਿੱਚ ਪਰਮੇਸ਼ੁਰ ਦੇ ਉਦੇਸ਼, ਅਰਥ ਅਤੇ ਦਿਸ਼ਾ ਨੂੰ ਦੇਖ ਸਕਦੇ ਹਾਂ ਅਤੇ ਸਮਝ ਸਕਦੇ ਹਾਂ। ਅਸੀਂ ਇਸ ਬਾਰੇ ਸਿਆਣਪ ਅਤੇ ਸਮਝ ਪ੍ਰਾਪਤ ਕਰਦੇ ਹਾਂ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਉਸ ਹਾਲਾਤ ਵਿੱਚੋਂ ਕਿਵੇਂ ਅੱਗੇ ਵੱਧਣਾ ਹੈ। ਪਰਮੇਸ਼ੁਰ ਆਪਣੇ ਵਚਨ ਦੁਆਰਾ ਸਾਡੀ ਅਗਵਾਈ ਕਰਦਾ ਹੈ।

**ਜ਼ਬੂਰਾਂ 37:31**
**ਉਹ ਦੇ ਪਰਮੇਸ਼ੁਰ ਦੀ ਬਿਵਸਥਾ ਉਹ ਦੇ ਮਨ ਵਿੱਚ ਹੈ, ਉਹ ਦੇ ਪੈਰ ਕਦੀ ਨਾ ਤਿਲਕਣਗੇ।**

ਪਰਮੇਸ਼ੁਰ ਦਾ ਵਚਨ ਜੋ ਸਾਡੇ ਵਿੱਚ ਹੈ, ਸਾਡੇ ਕਦਮਾਂ ਨੂੰ ਸਥਿਰ ਕਰਦਾ ਹੈ, ਉਨ੍ਹਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਸੁਰੱਖਿਅਤ ਕਰਦਾ ਹੈ ਤਾਂ ਜੋ ਅਸੀਂ ਠੋਕਰ ਨਾ ਖਾਈਏ ਅਤੇ ਡਿੱਗ ਨਾ ਪਈਏ। ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਦੀ ਅਗਵਾਈ ਹੇਠ ਚੱਲਦੇ ਹਾਂ, ਤਾਂ ਸਾਡਾ ਹਰ ਕਦਮ ਮਜ਼ਬੂਤ ਅਤੇ ਠੋਸ ਹੁੰਦਾ ਹੈ। ਹਵਾਵਾਂ, ਲਹਿਰਾਂ ਅਤੇ ਤੂਫ਼ਾਨ ਸਾਡੇ ਨਾਲ ਟਕਰਾਅ ਸਕਦੇ ਹਨ, ਪਰ

ਅਸੀਂ ਖੜ੍ਹੇ ਹੋਣ ਦੇ ਯੋਗ ਹਾਂ ਕਿਉਂਕਿ ਪਰਮੇਸ਼ੁਰ ਦੇ ਵਚਨ ਦੁਆਰਾ ਸਾਡੇ ਕਦਮ ਸਥਿਰ ਹਨ। ਪਰਮੇਸ਼ੁਰ ਦਾ ਵਚਨ ਮਜ਼ਬੂਤ, ਅਟੱਲ ਅਤੇ ਪੱਕੀ ਬੁਨਿਆਦ ਉੱਤੇ ਹੈ।

ਇੱਥੇ ਕੁਝ ਤਰੀਕੇ ਹਨ ਜਿਨ੍ਹਾਂ ਵਿੱਚ ਪਰਮੇਸ਼ੁਰ ਆਪਣੇ ਲਿਖਤੀ ਵਚਨ ਦੁਆਰਾ ਬੋਲਦਾ ਹੈ, ਉਹ ਸਾਡਾ ਮਾਰਗ ਦਰਸ਼ਨ ਕਰਦਾ ਹੈ ਅਤੇ ਸਾਡੀ ਅਗਵਾਈ ਕਰਦਾ ਹੈ।

## ਪਰਮੇਸ਼ੁਰ ਦੇ ਵਚਨ ਵਿੱਚੋਂ ਹਿਦਾਇਤਾਂ

**2 ਤਿਮੋਥਿਉਸ 3:16,17**

**16 ਸਾਡੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ**
**17 ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ।**

ਸਾਰੇ ਪਵਿੱਤਰ ਬਾਈਬਲ ਦੇ ਵਚਨ ਰੱਬੀ ਪ੍ਰੇਰਿਤ ਹਨ ਅਤੇ ਸਾਨੂੰ **ਸਿੱਖਿਆ** ਦੇਣ ("ਸਿਧਾਂਤ" ਦਾ ਅਰਥ ਹੈ "ਸਿੱਖਿਆ"), ਸਾਨੂੰ **ਪ੍ਰੇਰਿਤ** ਕਰਨ ਦੇ ਲਈ (ਸਾਨੂੰ "ਮਨਾਉਣ" ਲਈ, ਸਾਨੂੰ ਯਕੀਨ "ਦਿਵਾਉਣ" ਲਈ), ਸਾਨੂੰ **ਸੁਧਾਰਨ** ਲਈ (ਸਾਨੂੰ ਸੌਖੇ ਮਾਰਗ 'ਤੇ ਲਿਜਾਣ ਲਈ, ਅਗਵਾਈ ਕਰਨ ਲਈ, ਮਾਰਗ ਦਰਸ਼ਨ ਕਰਨ ਲਈ, ਨਿਰਦੇਸ਼ ਦੇਣ ਲਈ) ਅਤੇ **ਸਹੀ** ਜੀਵਨ ਜੀਉਣ ਲਈ ਧਰਮ ਕੀ ਸਿਖਾਉਂਦਾ ਹੈ, (ਸਿੱਖਿਆ ਦੇਣਾ, ਪ੍ਰਕਾਸ਼ਿਤ ਕਰਨਾ, ਅਨੁਸ਼ਾਸ਼ਿਤ ਕਰਨਾ, ਸੁਚੱਜਿਤ ਕਰਨਾ, ਕੁਸ਼ਲ ਬਣਾਉਣਾ) ਪ੍ਰਦਾਨ ਕਰਦਾ ਹੈ।

ਧਿਆਨ ਦਿਓ ਕਿ ਇਹ ਆਇਤ ਕਹਿੰਦੀ ਹੈ "ਪੂਰੀ ਬਾਈਬਲ"। ਇਸ ਲਈ ਸਾਨੂੰ ਹੌਲੀ-ਹੌਲੀ ਸਾਰੇ ਵਚਨ ਤੋਂ ਜਾਣੂ ਹੋਣ ਦੀ ਜ਼ਰੂਰਤ ਹੈ, ਪਰਮੇਸ਼ੁਰ ਦੀ ਸਾਰੀ ਇੱਛਾ ਨਾਲ, ਨਾ ਕਿ ਸਿਰਫ਼ ਇੱਕ ਹਿੱਸੇ ਨਾਲ। ਨਿਸ਼ਚਾਵਾਨ ਹੋਣ ਦੇ ਨਾਤੇ, ਸਾਨੂੰ ਸੰਪੂਰਨ ਪਵਿੱਤਰ ਬਾਈਬਲ ਨੂੰ ਪੜ੍ਹਨਾ ਅਤੇ ਉਨ੍ਹਾਂ ਦੀ ਭਾਲ ਕਰਨਾ ਜ਼ਾਰੀ ਰੱਖਣ ਦੀ ਲੋੜ ਹੈ।

ਸਾਨੂੰ ਉਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਜੋ ਪਰਮੇਸ਼ੁਰ ਨੇ ਪਹਿਲਾਂ ਹੀ ਆਪਣੇ ਲਿਖਤੀ ਵਚਨ ਵਿੱਚ ਬੇਨਤੀ ਕੀਤੀ ਹੈ, ਜੋ ਸਾਡੇ ਜੀਵਨ ਦੇ ਵੱਖ-ਵੱਖ ਖੇਤਰਾਂ ਬਾਰੇ ਕੀਤੀ ਗਈ ਹੈ। ਇਹ ਉਹ ਹਿਦਾਇਤਾਂ ਹਨ ਜਿਨ੍ਹਾਂ ਦੀ ਸਾਨੂੰ ਪਾਲਣਾ ਕਰਨੀ ਪਵੇਗੀ। ਮਿਸਾਲ ਦੇ ਤੌਰ ਤੇ, ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ

ਨੇ ਪਹਿਲਾਂ ਹੀ ਆਪਣੇ ਵਚਨ ਵਿੱਚ ਕਿਹਾ ਹੈ ਕਿ ਪਤੀ ਨੂੰ ਆਪਣੀ ਪਤਨੀ ਨਾਲ ਅਤੇ ਪਤਨੀ ਨੂੰ ਆਪਣੇ ਪਤੀ ਨਾਲ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ। ਪਰਮੇਸ਼ੁਰ ਨੇ ਪਹਿਲਾਂ ਹੀ ਆਪਣੇ ਵਚਨ ਵਿੱਚ ਦੱਸਿਆ ਹੈ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਅਤੇ ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਕਿਵੇਂ ਪੇਸ਼ ਆਉਣਾ ਚਾਹੀਦਾ ਹੈ। ਪਰਮੇਸ਼ੁਰ ਨੇ ਸਾਨੂੰ ਨਿਰਦੇਸ਼ ਦਿੱਤੇ ਹਨ ਕਿ ਅਸੀਂ ਆਪਣੇ ਪੈਸੇ ਦਾ ਇਸਤੇਮਾਲ ਕਿਵੇਂ ਕਰਨਾ ਹੈ, ਆਦਿ।

ਉਨ੍ਹਾਂ ਗੱਲਾਂ ਵਿੱਚ ਜਿਨ੍ਹਾਂ ਵਿੱਚ ਪਵਿੱਤਰ ਬਾਈਬਲ ਨੇ ਪਹਿਲਾਂ ਹੀ ਪਰਮੇਸ਼ੁਰ ਦੇ ਦਿਲ, ਮਨ ਅਤੇ ਇੱਛਾ ਨੂੰ ਪ੍ਰਗਟ ਕੀਤਾ ਹੈ, ਸਾਨੂੰ ਪਰਮੇਸ਼ੁਰ ਨੂੰ ਪੁੱਛਣ ਦੀ ਜ਼ਰੂਰਤ ਨਹੀਂ ਹੈ ਕਿ ਕੀ ਸਾਨੂੰ ਉਸ ਦੀ ਪਾਲਣਾ ਕਰਨ ਦੀ ਜ਼ਰੂਰਤ ਹੈ ਜਾਂ ਨਹੀਂ। ਪ੍ਰਾਰਥਨਾ ਕਰਨ ਅਤੇ ਪਰਮੇਸ਼ੁਰ ਨੂੰ ਪੁੱਛਣ ਦੀ ਕੋਈ ਲੋੜ ਨਹੀਂ ਹੈ ਕਿ ਕੀ ਸਾਨੂੰ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਾਂ ਨਹੀਂ ਜੋ ਪਰਮੇਸ਼ੁਰ ਨੇ ਸਾਨੂੰ ਪਹਿਲਾਂ ਹੀ ਪਵਿੱਤਰ ਬਾਈਬਲ ਵਿੱਚ ਹੁਕਮ ਦਿੱਤਾ ਹੈ। ਇਹ ਸਪੱਸ਼ਟ ਹੈ ਕਿ ਉਹ ਚਾਹੁੰਦਾ ਹੈ ਕਿ ਅਸੀਂ ਉਸ ਦੀਆਂ ਸਿੱਖਿਆਵਾਂ ਜਾਂ ਹਿਦਾਇਤਾਂ ਦੀ ਪਾਲਣਾ ਕਰੀਏ। ਇਸ ਲਈ, ਜਦੋਂ ਅਸੀਂ ਕੋਈ ਫੈਸਲਾ ਕਰਦੇ ਹਾਂ, ਪਰਮੇਸ਼ੁਰ ਦਾ ਵਚਨ, ਲਿਖਤੀ ਪਵਿੱਤਰ ਬਾਈਬਲ, ਸਾਡਾ ਸ਼ੁਰੂਆਤੀ ਬਿੰਦੂ ਬਣ ਜਾਂਦਾ ਹੈ। ਆਪਣੀਆਂ ਚੋਣਾਂ ਕਰਨ ਵੇਲੇ, ਸਾਨੂੰ ਪਰਮੇਸ਼ੁਰ ਦੇ ਵਚਨ ਦੀ ਸਿੱਖਿਆ ‘ਤੇ ਕਾਇਮ ਰਹਿਣਾ ਚਾਹੀਦਾ ਹੈ।

ਇੱਕ ਸਮਾਂ ਆਵੇਗਾ ਜਦੋਂ ਤੁਹਾਨੂੰ ਅਧਿਐਨ ਕਰਨ ਦੀ ਲੋੜ ਪਵੇਗੀ ਕਿ ਪਰਮੇਸ਼ੁਰ ਦਾ ਵਚਨ ਕੁਝ ਗੱਲਾਂ ਬਾਰੇ ਕੀ ਕਹਿੰਦਾ ਹੈ, ਤਾਂ ਕਿ ਤੁਹਾਨੂੰ ਪਤਾ ਲੱਗ ਸਕੇ ਕਿ ਪਰਮੇਸ਼ੁਰ ਨੇ ਅਜਿਹੇ ਹਾਲਾਤ ਬਾਰੇ ਕੀ ਕਿਹਾ ਹੈ। ਤੁਸੀਂ ਪਰਮੇਸ਼ੁਰ ਕੋਲ ਜਾਂਦੇ ਹੋ ਅਤੇ ਉਸ ਨੂੰ ਉਸ ਦੇ ਵਚਨ ਦੁਆਰਾ ਤੁਹਾਡੇ ਨਾਲ ਗੱਲ ਕਰਨ ਲਈ ਕਹਿੰਦੇ ਹੋ। ਫਿਰ ਤੁਸੀਂ ਸ਼ਾਸਤਰਾਂ ਦੀ ਭਾਲ ਕਰਨਾ ਸ਼ੁਰੂ ਕਰਦੇ ਹੋ। ਤੁਸੀਂ ਸਾਰੀਆਂ ਗੱਲਾਂ ਨੂੰ ਇਕੱਠਾ ਜੋੜਦੇ ਹੋ। ਤੁਹਾਨੂੰ ਪਰਮੇਸ਼ੁਰ ਦੇ ਵਚਨ ਤੋਂ ਮਾਰਗ ਦਰਸ਼ਨ ਅਤੇ ਹਿਦਾਇਤ ਮਿਲਦੀ ਹੈ ਕਿ ਤੁਸੀਂ ਜਿਸ ਸਥਿਤੀ ਦਾ ਸਾਹਮਣਾ ਕਰ ਰਹੇ ਹੋ ਉਸ ਬਾਰੇ ਕੀ ਕਰਨਾ ਹੈ। ਜਦੋਂ ਮੈਂ ਆਪਣਾ ਤਕਨੀਕੀ ਕਾਰੋਬਾਰ (2001-2014) ਚਲਾ ਰਿਹਾ ਸੀ, ਤਾਂ ਮੈਨੂੰ ਅਕਸਰ ਗਾਹਕਾਂ, ਕਰਮਚਾਰੀਆਂ ਅਤੇ ਕਾਰੋਬਾਰ ਦੇ ਮੁਸ਼ਕਿਲ ਹਾਲਾਤਾਂ ਨਾਲ ਨਜਿੱਠਣ ਵੇਲੇ ਮੁਸ਼ਕਿਲ ਫੈਸਲੇ ਲੈਣੇ ਪੈਂਦੇ ਸਨ ਅਤੇ ਮੈਂ ਪਵਿੱਤਰ ਬਾਈਬਲ ਦੀ ਖੋਜ ਕਰਦਾ ਅਤੇ ਪਰਮੇਸ਼ੁਰ

ਦੇ ਵਚਨ ਦਾ ਅਧਿਐਨ ਕਰਦਾ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਪਰਮੇਸ਼ੁਰ ਦਾ ਵਚਨ ਖਾਸ ਤੌਰ 'ਤੇ ਉਨ੍ਹਾਂ ਹਲਾਤਾਂ ਬਾਰੇ ਕੀ ਕਹਿੰਦਾ ਹੈ। ਮੈਂ ਪਰਮੇਸ਼ੁਰ ਦੇ ਵਚਨ ਦੇ ਆਧਾਰ 'ਤੇ ਫ਼ੈਸਲੇ ਕਰਦਾ ਸੀ। ਇਹ ਪਰਮੇਸ਼ੁਰ ਦੇ ਵਚਨ ਰਾਹੀਂ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨ ਦੀ ਇੱਕ ਉਦਾਹਰਣ ਹੈ। ਮੈਂ ਜੀਵਨ ਦੇ ਵੱਖ-ਵੱਖ ਹਾਲਾਤਾਂ ਵਿੱਚ ਅਜਿਹਾ ਕਰਦਾ ਹਾਂ। ਜੀਵਨ ਵਿੱਚ ਫ਼ੈਸਲੇ ਕਰਦੇ ਸਮੇਂ, ਹਮੇਸ਼ਾਂ ਪਰਮੇਸ਼ੁਰ ਦੇ ਲਿਖਤੀ ਵਚਨ ਤੋਂ ਸ਼ੁਰੂ ਕਰੋ।

## ਜੀਉਂਦਾ ਵਚਨ

ਅਤੇ ਫਿਰ ਇੱਕ ਸਮਾਂ ਹੁੰਦਾ ਹੈ, ਜਦੋਂ ਪਰਮੇਸ਼ੁਰ ਦੀ ਅਗਵਾਈ ਦੀ ਭਾਲ ਕਰਦੇ ਸਮੇਂ, ਪਰਮੇਸ਼ੁਰ ਸਾਡੇ ਹਾਲਾਤ ਦੇ ਲਈ ਵਿਸ਼ੇਸ਼ ਤੌਰ 'ਤੇ ਲਿਖਤੀ ਵਚਨ ਦੇ ਜੀਅ ਉੱਠਣ ਦੁਆਰਾ ਸਾਡੇ ਨਾਲ ਗੱਲ ਕਰਦਾ ਹੈ। ਪਰਮੇਸ਼ੁਰ ਦੇ ਵਚਨ ਦਾ ਜੀਉਂਦਾ ਹੋਣਾ ਕਈ ਤਰੀਕਿਆਂ ਨਾਲ ਹੋ ਸਕਦਾ ਹੈ। ਅਸੀਂ ਉਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਕਰਦੇ ਹਾਂ।

ਹੋ ਸਕਦਾ ਹੈ ਕਿ ਤੁਸੀਂ ਕਿਸੇ ਫੈਸਲੇ ਬਾਰੇ ਪ੍ਰਾਰਥਨਾ ਕਰ ਰਹੇ ਹੋ ਅਤੇ ਫਿਰ ਤੁਸੀਂ ਵਚਨ ਦੇ ਇੱਕ ਹਿੱਸੇ ਵਿੱਚ, ਤੁਹਾਡੇ ਮਾਮਲੇ ਨੂੰ ਸਿੱਧ ਤੌਰ 'ਤੇ ਸੰਬੋਧਿਤ ਕਰਨ ਵਾਲੀਆਂ ਸੂਝਾਂ ਦੇਖਦੇ ਹੋ। ਪ੍ਰਭੂ ਦਾ ਮਨ ਤੁਹਾਡੇ ਲਈ ਸਪੱਸ਼ਟ ਹੋ ਜਾਂਦਾ ਹੈ। ਤੁਸੀਂ ਪਛਾਣਦੇ ਹੋ ਕਿ ਪਰਮੇਸ਼ੁਰ ਤੁਹਾਡੇ ਤੋਂ ਕੀ ਚਾਹੁੰਦਾ ਹੈ ਅਤੇ ਉਹ ਤੁਹਾਡੇ ਹਾਲਾਤ ਵਿੱਚ ਤੁਹਾਡੇ ਤੋਂ ਕੀ ਫੈਸਲਾ ਚਾਹੁੰਦਾ ਹੈ।

ਇਹ ਉਦੋਂ ਹੋ ਸਕਦਾ ਹੈ ਜਦੋਂ ਤੁਸੀਂ ਪਵਿੱਤਰ ਬਾਈਬਲ ਪੜ੍ਹਦੇ ਹੋ, ਸ਼ਾਇਦ ਆਪਣੇ ਰੋਜ਼ਾਨਾ ਦੇ ਵਚਨਾਂ ਵਿੱਚ ਪੜ੍ਹਦੇ ਹੋ। ਬਾਈਬਲ ਦੇ ਪੰਨਿਆਂ ਤੋਂ ਇੱਕ ਆਇਤ ਜਾਂ ਹਵਾਲਾ "ਤੁਹਾਡੇ ਨਾਲ ਗੱਲ ਕਰਦਾ ਹੈ"। ਇੱਕ ਜਾਣਿਆ-ਪਛਾਣਿਆ ਹਵਾਲਾ ਅਚਾਨਕ ਤੁਹਾਡੇ ਲਈ ਸਮਝ, ਨਵੀਂ ਸੂਝ ਨੂੰ ਪ੍ਰਗਟ ਕਰਦਾ ਜਾਪਦਾ ਹੈ। ਜਿਵੇਂ ਕਿ ਜ਼ਬੂਰਾਂ ਦੇ ਲਿਖਾਰੀ ਨੇ ਪ੍ਰਾਰਥਨਾ ਕੀਤੀ, ਤੁਹਾਡੀਆਂ ਅੱਖਾਂ ਉਸ ਦੇ ਵਚਨ ਤੋਂ ਕੁਝ ਅਦਭੁੱਤ ਵੇਖਣ ਲਈ ਖੋਲ੍ਹੀਆਂ ਗਈਆਂ ਸਨ (ਜ਼ਬੂਰਾਂ 119:18)। ਆਪਣੇ ਵਚਨ ਵਿੱਚ ਸਮਾਂ ਬਿਤਾਉਂਦੇ ਸਮੇਂ, ਪਰਮੇਸ਼ੁਰ ਦੀ ਉਂਗਲ ਤੁਹਾਨੂੰ ਕਿਸੇ ਵਚਨ ਜਾਂ ਹਵਾਲੇ ਦੁਆਰਾ ਇੱਕ ਖਾਸ ਦਿਸ਼ਾ ਵੱਲ ਇਸ਼ਾਰਾ ਕਰਦੀ ਜਾਪਦੀ ਹੈ।

ਦੂਸਰੀ ਵਾਰ, ਤੁਸੀਂ ਆਪਣੇ ਰੋਜ਼ਾਨਾ ਦੇ ਕੰਮ ਬਾਰੇ ਜਾਂਦੇ ਹੋ ਅਤੇ ਅਚਾਨਕ

ਪਵਿੱਤਰ ਬਾਈਬਲ ਦਾ ਵਚਨ ਤੁਹਾਡੇ ਦਿਮਾਗ਼ ਵਿੱਚ ਆਉਂਦਾ ਹੈ। ਯਿਸੂ ਨੇ ਕਿਹਾ ਕਿ ਪਵਿੱਤਰ ਆਤਮਾ ਸਾਨੂੰ ਉਹ ਚੀਜ਼ਾਂ *"ਯਾਦ ਦਿਵਾਏਗਾ"* ਜੋ ਪ੍ਰਭੂ ਨੇ ਸਾਨੂੰ ਸਿਖਾਈਆਂ ਹਨ (ਯੂਹੰਨਾ 14:26)। ਪਵਿੱਤਰ ਬਾਈਬਲ ਦਾ ਵਚਨ ਜੋ ਤੁਹਾਡੇ ਦਿਮਾਗ਼ ਵਿੱਚ ਆਉਂਦਾ ਹੈ, ਉਹ ਦੂਸਰੀਆਂ ਗੱਲਾਂ ਦੇ ਨਾਲ-ਨਾਲ ਤੁਹਾਡੀ ਅਗਵਾਈ ਕਰੇਗਾ। ਇਸ ਤਰ੍ਹਾਂ ਪਰਮੇਸ਼ੁਰ ਦੇ ਵਚਨ ਨੂੰ ਮੁੜ ਜੀਉਂਦਾ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰ ਸਕੀਏ।

ਪਰਮੇਸ਼ੁਰ ਦੇ ਵਚਨ ਨੂੰ ਸਾਂਝਾ ਕਰਨਾ ਮੇਰੇ ਲਈ ਨਿੱਜੀ ਤੌਰ 'ਤੇ ਪਰਮੇਸ਼ੁਰ ਦੀ ਅਗਵਾਈ ਲੈਣ ਦਾ ਇੱਕ ਸਾਧਨ ਰਿਹਾ ਹੈ। ਕਈ ਮੌਕਿਆਂ 'ਤੇ, ਜਦੋਂ ਮੈਨੂੰ ਮਹੱਤਵਪੂਰਨ ਫੈਸਲੇ ਲੈਣੇ ਪੈਂਦੇ ਹਨ, ਤਾਂ ਮੈਂ ਇਕੱਲਾ ਆਪਣੇ ਕਮਰੇ ਵਿੱਚ ਜਾਂਦਾ ਹਾਂ, ਇਸ ਵਿਸ਼ੇ 'ਤੇ ਪਰਮੇਸ਼ੁਰ ਦੀ ਅਗਵਾਈ ਦੇ ਲਈ ਆਪਣੀ ਪ੍ਰਾਰਥਨਾ ਕਰਦਾ ਹਾਂ ਅਤੇ ਪਰਾਈ ਭਾਖਿਆ ਵਿੱਚ ਪ੍ਰਾਰਥਨਾ ਕਰਨਾ ਸ਼ੁਰੂ ਕਰਦਾ ਹਾਂ। ਪਰਾਈ ਭਾਖਿਆ ਵਿੱਚ ਪ੍ਰਾਰਥਨਾ ਕਰਦੇ ਸਮੇਂ ਅਕਸਰ ਬਾਈਬਲ ਦੀ ਇੱਕ ਆਇਤ ਜਾਂ ਹਵਾਲਾ ਮੇਰੀ ਆਤਮਾ ਵਿੱਚ ਆਉਂਦਾ ਹੈ। ਇਹ ਪਰਮੇਸ਼ੁਰ ਹੈ, ਜੋ ਮੈਨੂੰ ਆਪਣੇ ਵਚਨ ਲਈ ਜੀਉਂਦਾ ਕਰਦਾ ਹੈ ਤਾਂ ਜੋ ਮੈਂ ਜਿਸ ਲਈ ਪ੍ਰਾਰਥਨਾ ਕਰਦਾ ਹਾਂ ਉਸ ਵਿੱਚ ਉਹ ਮੇਰੀ ਅਗਵਾਈ ਕਰੇ। ਮੈਂ ਜਾਣਦਾ ਹਾਂ ਕਿ ਪਰਮੇਸ਼ੁਰ ਨੇ ਬੋਲਿਆ ਹੈ ਅਤੇ ਮੈਨੂੰ ਉਹ ਅਗਵਾਈ ਮਿਲੀ ਹੈ ਜਿਸ ਦੀ ਮੈਂ ਮੰਗ ਕੀਤੀ ਸੀ। ਹੁਣ ਉਸ ਹਾਲਾਤ ਵਿੱਚ ਉਸ ਦੇ ਵਚਨ ਨੂੰ ਪੂਰਾ ਕਰਨਾ ਮੇਰਾ ਕੰਮ ਹੈ।

## *ਮਾਰਚ 1990: ਆਤਮਿਕ ਹੁਨਰ ਕੋਰਸ, ਮਨੀਪਾਲ*

ਮੈਂ 1986-1990 ਵਿੱਚ ਮਨੀਪਾਲ ਤੋਂ ਇੰਜੀਨੀਅਰਿੰਗ ਡਿਗਰੀ ਦੀ ਪ੍ਰੀਖਿਆ ਪਾਸ ਕੀਤੀ। ਜਨਵਰੀ 1989 ਵਿੱਚ, ਤੀਜੇ ਸਾਲ ਦੇ ਦੌਰਾਨ, ਮੈਂ ਹਫ਼ਤਾਵਾਰੀ ਸ਼ਨੀਵਾਰ ਦੀਆਂ ਮੀਟਿੰਗਾਂ ਸ਼ੁਰੂ ਕੀਤੀਆਂ ਜਿਨ੍ਹਾਂ ਨੂੰ ਅਸੀਂ "ਵਿਸ਼ਵਾਸੀਆਂ ਦੀਆਂ ਸੰਗਤੀ ਮੀਟਿੰਗਾਂ" ਕਿਹਾ ਸੀ (ਮੈਂ ਇਸ ਬਾਰੇ ਬਾਅਦ ਵਿੱਚ ਦੂਸਰੀਆਂ ਗੱਲਾਂ ਕਰਾਂਗਾ)। ਡੇਵਿਸ ਜੌਨ ਰੋਜ਼ ਮੈਡੀਕਲ ਕਾਲਜ ਦਾ ਵਿਦਿਆਰਥੀ ਸੀ ਜੋ ਉਸ ਸੰਗਤੀ ਦਾ ਹਿੱਸਾ ਸੀ ਅਤੇ ਗ੍ਰੈਜੂਏਟ ਹੋਣ ਤੋਂ ਬਾਅਦ, ਮੈਂ ਡੇਵਿਸ ਨੂੰ ਅਗਵਾਈ ਲਈ ਸੇਵਾ ਸੌਂਪਣਾ ਚਾਹੁੰਦਾ ਸੀ। ਮਾਰਚ 1990 ਵਿੱਚ, ਡੇਵਿਸ ਡਾ. ਮਾਰਕ ਅਤੇ ਬੈਟਸੀ ਨੀਨਸ਼ਵਾਂਡਰ ਦੁਆਰਾ ਕਰਵਾਏ ਗਏ ਇੱਕ ਆਤਮਿਕ ਯੋਗਤਾ

ਕੋਰਸ ਵਿੱਚ ਸ਼ਾਮਿਲ ਹੋਣ ਲਈ ਵੇਲੋਰ ਵਿੱਚ ਸੀ। ਉਹ ਅਮਰੀਕੀ ਬੋਰਡ ਦੁਆਰਾ ਮਾਨਤਾ ਪ੍ਰਾਪਤ ਡਾਕਟਰ ਸਨ, ਜਿਨ੍ਹਾਂ ਦੋਵਾਂ ਨੇ ਦੁੱਗਣੀ ਵਿਸ਼ੇਸ਼ਤਾ ਪ੍ਰਾਪਤ ਕੀਤੀ ਸੀ। ਡੇਵਿਸ ਨੇ ਫੋਨ ਕਰਕੇ ਪੁੱਛਿਆ ਕਿ ਕੀ ਅਸੀਂ ਡਾ. ਮਾਰਕ ਅਤੇ ਬੇਟਸੀ ਨੂੰ ਮਨੀਪਾਲ ਬੁਲਾ ਸਕਦੇ ਹਾਂ ਅਤੇ ਉੱਥੋਂ ਦੇ ਵਿਦਿਆਰਥੀਆਂ ਲਈ ਇੱਕ ਆਤਮਿਕ ਯੋਗਤਾ ਕੋਰਸ ਦਾ ਆਯੋਜਨ ਕਰ ਸਕਦੇ ਹਾਂ। ਇਹ ਦੋ ਦਿਨਾਂ ਦੀ ਸੰਖੇਪ ਮੀਟਿੰਗ ਹੋਵੇਗੀ। ਮੈਨੂੰ ਇੱਕ ਫੈਸਲਾ ਲੈਣਾ ਪਿਆ। ਵਿਦਿਆਰਥੀਆਂ ਦੀ ਉਸ ਭਾਗੀਦਾਰੀ ਵਿੱਚ ਮੈਡੀਕਲ ਕਾਲਜ ਅਤੇ ਇੰਜੀਨੀਅਰਿੰਗ ਕਾਲਜ ਦੇ ਵਿਦਿਆਰਥੀ ਸਨ ਅਤੇ ਇਸ ਦੇ ਆਗੂ ਹੋਣ ਦੇ ਨਾਤੇ ਮੇਰੇ ਮਨ ਵਿੱਚ ਦੋ ਗੱਲਾਂ ਸਨ। ਇੰਜੀਨੀਅਰਿੰਗ ਕਾਲਜਾਂ ਦੀਆਂ ਸਮੈਸਟਰ ਪ੍ਰੀਖਿਆਵਾਂ ਸਿਰਫ਼ ਕੁਝ ਹਫ਼ਤਿਆਂ ਦੀ ਦੂਰੀ 'ਤੇ ਸਨ। ਅਜਿਹੇ ਸਮਾਗਮ ਦਾ ਆਯੋਜਨ ਕਰਨ ਅਤੇ ਉਸ ਵਿੱਚ ਸ਼ਾਮਿਲ ਹੋਣ ਦਾ ਮਤਲਬ ਇਹ ਸੀ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਆਪਣੇ ਸਮੈਸਟਰ ਦੀਆਂ ਪ੍ਰੀਖਿਆਵਾਂ ਤੋਂ ਤਿੰਨ ਜਾਂ ਚਾਰ ਦਿਨ ਪਹਿਲਾਂ ਇਹ ਦਿਨ ਗੁਆਉਣੇ ਪੈਣਗੇ। ਕੀ ਇਹ ਸਾਡੇ ਇਮਤਿਹਾਨ ਦੇ ਫਲਾਂ ਨੂੰ ਪ੍ਰਭਾਵਿਤ ਕਰੇਗਾ? ਦੂਜੀ ਚਿੰਤਾ ਇਹ ਸੀ ਕਿ ਸਮਾਗਮ ਆਯੋਜਿਤ ਕਰਨ ਦੇ ਲਈ ਅਤੇ ਦੋ ਵਾਧੂ ਦਿਨਾਂ ਦੇ ਲਈ ਹੋਟਲ ਵਿੱਚ ਆਡੀਟੋਰੀਅਮ ਲੈਣ ਲਈ ਪੈਸੇ ਅਦਾ ਕਰਨੇ ਪੈਣਗੇ। ਜਦੋਂ ਇਹ ਸਾਰੇ ਵਿਚਾਰ ਮੇਰੇ ਦਿਮਾਗ਼ ਵਿੱਚ ਚੱਲ ਰਹੇ ਸਨ, ਮੈਂ ਡੇਵਿਸ ਨੂੰ ਕਿਹਾ ਕਿ ਮੈਂ ਉਸ ਨਾਲ ਦੁਬਾਰਾ ਗੱਲ ਕਰਾਂਗਾ। ਮੈਨੂੰ ਯਾਦ ਹੈ ਕਿ ਕੋਈ ਆਤਮਿਕ ਯੋਗਤਾ ਦਾ ਕੋਰਸ ਨਹੀਂ ਕਰਨਾ ਪਿਆ। ਪਰ ਇਹ ਹੋਇਆ, ਅਗਲੀ ਸਵੇਰ, ਜਦੋਂ ਮੈਂ ਨੀਂਦ ਤੋਂ ਜਾਗ ਰਿਹਾ ਸੀ, ਮੈਂ ਆਪਣੇ ਦਿਲ ਵਿੱਚ ਇੱਕ ਛੋਟਾ ਜਿਹਾ ਦਰਸ਼ਨ ਵੇਖਿਆ ਅਤੇ ਕੁਝ ਲੰਘਦਾ ਵੇਖਿਆ, ਜਿਵੇਂ ਕਿ ਇੱਕ ਕਾਰ ਦੇ ਵਿੰਡ ਸ਼ੀਲਡ ਵਾਈਪਰ ਬਲੇਡ ਦੇ ਸਮਾਨ ਅਤੇ ਕਹਾਉਤਾਂ 3:5,6 ਦੇ ਵਚਨਾਂ ਨੂੰ "ਸੁਣਿਆ" (ਸੁਣਨ ਯੋਗ ਅਵਾਜ਼ ਵਿੱਚ ਨਹੀਂ)। ਇਹ ਇੱਕ ਪਲ ਵਿੱਚ ਹੋਇਆ। ਇੱਕ ਪਲ ਵਿੱਚ, ਮੈਨੂੰ ਤੁਰੰਤ ਪਤਾ ਲੱਗ ਗਿਆ ਕਿ ਪਰਮੇਸ਼ੁਰ ਜੀਉਂਦੇ ਵਚਨ ਦੁਆਰਾ ਬਹੁਤ ਸਪੱਸ਼ਟ ਤੌਰ ਤੇ ਬੋਲਦਾ ਹੈ। ਹਾਲਾਂਕਿ ਮੇਰੇ ਕੋਲ ਅਜੇ ਵੀ ਪ੍ਰਸ਼ਨ ਅਤੇ ਚਿੰਤਾਵਾਂ ਸਨ, ਪਰ ਪਰਮੇਸ਼ੁਰ ਨੇ ਫਿਰ ਵੀ ਮੇਰੇ ਨਾਲ ਗੱਲ ਕੀਤੀ। ਮੈਂ ਡੇਵਿਸ ਨੂੰ ਕਿਹਾ ਕਿ ਅਸੀਂ ਅੱਗੇ ਵਧਾਂਗੇ ਅਤੇ ਡਾ. ਮਾਰਕ ਅਤੇ ਬੇਟਸੀ ਨਿਊਏਂਸਵੈਂਡਰ ਨਾਲ ਮਨੀਪਾਲ ਵਿੱਚ ਇੱਕ ਆਤਮਿਕ ਯੋਗਤਾ ਦਾ ਕੋਰਸ ਕਰਾਂਗੇ। ਇਹ ਮਨੀਪਾਲ ਦੇ ਵਿਦਿਆਰਥੀਆਂ ਦੀ ਸੰਗਤੀ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਗੱਲ ਦੀ ਸ਼ੁਰੂਆਤ ਸੀ। ਅਗਲੇ ਸਾਲਾਂ ਵਿੱਚ, ਡਾ. ਮਾਰਕ ਅਤੇ ਬੇਟਸੀ ਮਨੀਪਾਲ ਵਾਪਿਸ ਆਏ ਅਤੇ ਪਰਮੇਸ਼ੁਰ ਦੀ ਆਤਮਾ ਦੇ

ਸਮਰੱਥੀ ਕੰਮ ਨੂੰ ਵੇਖਿਆ ਜਿਸ ਨੇ ਬਹੁਤ ਸਾਰੇ ਵਿਦਿਆਰਥੀਆਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ। ਸੇਵਕਾਈ ਦੇ ਉਸ ਸਮੇਂ ਦੇ ਫਲਾਂ ਬਾਰੇ ਅੱਜ ਵੀ ਉਨ੍ਹਾਂ ਵਿਦਿਆਰਥੀਆਂ ਦੁਆਰਾ ਗੱਲ ਕੀਤੀ ਜਾਂਦੀ ਹੈ, ਜਿਨ੍ਹਾਂ ਦੇ ਜੀਵਨ ਨੂੰ ਉਸ ਮੀਟਿੰਗ ਦੌਰਾਨ ਛੂਹਿਆ ਗਿਆ ਸੀ।

ਅਤੇ ਇਸ ਲਈ ਬਹੁਤ ਸਾਰੇ ਮੌਕੇ ਆਏ ਹਨ, ਜਦੋਂ ਅਸੀਂ ਜੀਉਂਦੇ ਵਚਨ ਦੁਆਰਾ ਪਰਮੇਸ਼ੁਰ ਦੁਆਰਾ ਕਹੇ ਗਏ ਫੈਸਲੇ ਲੈਂਦੇ ਹਾਂ।

## *ਜਨਵਰੀ 2013: ਏਪੀਸੀ ਮੰਗਲੌਰ*

ਇੱਕ ਸਮਾਂ ਸੀ ਜਦੋਂ ਮੰਗਲੌਰ ਵਿੱਚ ਸਾਡੀ ਕਲੀਸਿਆ ਦੀ ਹਾਲਤ ਚੰਗੀ ਨਹੀਂ ਸੀ। ਲੋਕਾਂ ਦੀ ਗਿਣਤੀ ਘੱਟ ਗਈ ਸੀ ਅਤੇ ਸਾਡੇ ਕੋਲ ਸਥਾਨਕ ਕਲੀਸਿਆ ਦੀ ਅਗਵਾਈ ਕਰਨ ਵਾਲਾ ਕੋਈ ਨਹੀਂ ਸੀ। ਮੈਂ ਬਹੁਤ ਨਿਰਾਸ਼ ਸੀ ਅਤੇ ਸਾਰੇ ਵਿਵਹਾਰਿਕ ਦ੍ਰਿਸ਼ਟੀਕੋਣਾਂ ਤੋਂ, ਕਾਰਵਾਈ ਦਾ ਇੱਕੋ-ਇੱਕ ਤਰਕਸ਼ੀਲ ਤਰੀਕਾ ਸੀ ਕਿ ਸਥਾਨਕ ਚਰਚ ਨੂੰ ਬੰਦ ਕੀਤਾ ਜਾਵੇ ਅਤੇ ਕੁਝ ਲੋਕਾਂ ਨੂੰ ਪੁੱਛਣਾ ਜੋ ਕਿਸੇ ਦੂਸਰੀ ਸਥਾਨਕ ਕਲੀਸਿਆ ਵਿੱਚ ਜਾਣ ਲਈ ਆਏ ਸਨ। ਇਸ ਤੋਂ ਇਲਾਵਾ ਦੂਸਰਾ ਕੋਈ ਵਿਕੱਲਪ ਨਜ਼ਰ ਨਹੀਂ ਆਇਆ। ਮੈਂ ਪ੍ਰਭੂ ਨੂੰ ਪ੍ਰਾਰਥਨਾ ਕਰ ਰਿਹਾ ਸੀ ਅਤੇ ਉਸ ਨੂੰ ਬੇਨਤੀ ਕਰ ਰਿਹਾ ਸੀ ਕਿ ਇਸ ਬਾਰੇ ਕੀ ਕਰਨਾ ਹੈ। ਕੀ ਸਾਨੂੰ ਕਲੀਸਿਆ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਜ਼ਾਰੀ ਰੱਖਣਾ ਚਾਹੀਦਾ ਹੈ? ਜੇ ਅਸੀਂ ਜ਼ਾਰੀ ਰੱਖੀਏ, ਤਾਂ ਇਸ ਕੰਮ ਦੀ ਅਗਵਾਈ ਕੌਣ ਕਰੇਗਾ? ਉਸ ਸਮੇਂ ਸਾਡੇ ਕੋਲ ਕੋਈ ਅਜਿਹਾ ਨਹੀਂ ਸੀ ਜੋ ਉੱਥੇ ਮੰਗਲੌਰ ਵਿੱਚ ਉਸ ਕੰਮ ਦੀ ਪੂਰੀ ਜ਼ਿੰਮੇਵਾਰੀ ਲੈ ਲਵੇ। ਐਤਵਾਰ, 13 ਜਨਵਰੀ, 2013 ਨੂੰ, ਜਦੋਂ ਮੈਂ ਇਸ ਸੰਬੰਧ ਵਿੱਚ ਪਰਮੇਸ਼ੁਰ ਦੀ ਭਾਲ ਕਰ ਰਿਹਾ ਸੀ, ਤਦ ਪਰਮੇਸ਼ੁਰ ਨੇ ਮੇਰੇ ਦਿਲ ਵਿੱਚ ਯਸਾਯਾਹ 40:1-11 ਨੂੰ ਮੁੜ ਜੀਉਂਦਾ ਕੀਤਾ। ਮੈਂ ਇਸ ਨੂੰ ਆਪਣੀ ਬਾਈਬਲ ਵਿੱਚ ਚਿੰਨ੍ਹਿਤ ਕੀਤਾ। ਇਹ ਪਰਮੇਸ਼ੁਰ ਦਾ ਉੱਤਰ ਸੀ। ਇਸ ਲਈ ਮੈਂ ਏਪੀਸੀ ਮੰਗਲੌਰ ਨਾਲ ਜ਼ਾਰੀ ਰੱਖਣ ਦਾ ਫੈਸਲਾ ਕੀਤਾ। ਉਸ ਸਮੇਂ ਮੈਂ ਏਪੀਸੀ ਮੰਗਲੌਰ ਦੀ ਅਗਵਾਈ ਆਪਣੇ ਹੱਥਾਂ ਵਿੱਚ ਲੈ ਲਈ। ਇਹ ਸੌਖਾ ਨਹੀਂ ਸੀ। ਬੰਗਲੌਰ ਦੀਆਂ ਸਥਾਨਕ ਕਲੀਸਿਆਵਾਂ ਦੀ ਅਗਵਾਈ ਕਰਨਾ ਅਤੇ ਹਰ ਐਤਵਾਰ ਨੂੰ ਮੰਗਲੌਰ ਜਾਣਾ ਅਤੇ ਉੱਥੋਂ ਸਭ ਕੁਝ ਵਿਵਸਥਿਤ ਕਰਨਾ ਸੌਖਾ ਨਹੀਂ ਸੀ। ਇਸ ਸਮੇਂ ਦੌਰਾਨ ਕਈ ਵਾਰ, ਮੇਰਾ ਮਨ ਉਸ ਦੀ ਵਿਹਾਰਕਤਾ 'ਤੇ ਸਵਾਲ ਕਰਦਾ ਸੀ ਜੋ ਮੈਂ ਕਰ ਰਿਹਾ ਸੀ। ਹਰ ਸਮੇਂ ਮੇਰੇ ਦਿਮਾਗ਼ ਵਿੱਚ ਪ੍ਰਸ਼ਨ ਆਉਂਦੇ ਸਨ,

ਮੈਂ ਵਾਪਿਸ ਯਸਾਯਾਹ 40:1-11 ਨੂੰ ਪੜ੍ਹਦਾ ਸੀ ਅਤੇ ਇਸ ਨੂੰ ਏਪੀਸੀ ਮੰਗਲੌਰ 'ਤੇ ਘੋਸ਼ਿਤ ਕਰਦਾ ਸੀ। ਮੈਂ ਉਸ ਜੀਉਂਦੇ ਵਚਨ ਨੂੰ ਫੜਨ ਦੀ ਚੋਣ ਕੀਤੀ ਜੋ ਪਰਮੇਸ਼ੁਰ ਨੇ ਮੈਨੂੰ ਏਪੀਸੀ ਮੰਗਲੌਰ ਲਈ ਦਿੱਤਾ ਸੀ। ਹਾਲਾਂਕਿ ਇਹ ਇੱਕ ਚੁਣੌਤੀਪੂਰਨ ਸਮਾਂ ਸੀ, ਆਖ਼ਿਰਕਾਰ ਇਸ ਦਾ ਭੁਗਤਾਨ ਹੋਇਆ। ਅੱਜ ਜਦੋਂ ਮੈਂ ਲਿਖਦਾ ਹਾਂ (ਜੂਨ 2019), ਮੈਂ ਵੇਖਦਾ ਹਾਂ ਕਿ ਏਪੀਸੀ ਮੰਗਲੌਰ ਵਿੱਚ ਇੱਕ ਸ਼ਾਨਦਾਰ ਪਾਦਰੀ ਜੋੜਾ ਹੈ ਜੋ ਕੰਮ ਦੀ ਅਗਵਾਈ ਕਰ ਰਿਹਾ ਹੈ ਅਤੇ ਇਹ ਇੱਕ ਸੰਪੰਨ ਸਥਾਨਕ ਕਲੀਸਿਆ ਹੈ।

## ਪ੍ਰਚਾਰ ਕੀਤਾ ਗਿਆ ਵਚਨ

ਇੱਕ ਦੂਸਰਾ ਆਮ ਤਜ਼ਰਬੇਕਾਰ ਤਰੀਕਾ ਜਿਸ ਵਿੱਚ ਪਰਮੇਸ਼ੁਰ ਸਾਡੀ ਜ਼ਿੰਦਗੀ ਵਿੱਚ ਸਾਡੀ ਅਗਵਾਈ ਕਰਦਾ ਹੈ, ਉਹ ਹੈ ਲਿਖਤੀ ਵਚਨ ਦੀ ਵਰਤੋਂ ਕਰਨਾ, ਜਦੋਂ ਅਸੀਂ ਸੁਣਦੇ ਹਾਂ ਕਿ ਵਚਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਹੋ ਸਕਦਾ ਹੈ ਕਿ ਤੁਸੀਂ ਕਿਸੇ ਕਲੀਸਿਆ ਦੀ ਅਰਾਧਨਾ ਵਿੱਚ ਜਾਂ ਕਿਸੇ ਮੀਟਿੰਗ ਵਿੱਚ ਕਿਸੇ ਗੱਲ ਦੇ ਲਈ ਪ੍ਰਾਰਥਨਾ ਕਰਦੇ ਹੋ ਅਤੇ ਉਸ ਵਚਨ ਦੁਆਰਾ ਜੋ ਪ੍ਰਚਾਰ ਕੀਤਾ ਜਾ ਰਿਹਾ ਹੈ, ਇਹ ਜਾਪਦਾ ਹੈ ਕਿ ਪਰਮੇਸ਼ੁਰ ਬਿਲਕੁਲ ਉਨ੍ਹਾਂ ਗੱਲਾਂ ਨੂੰ ਸੰਬੋਧਿਤ ਕਰ ਰਿਹਾ ਹੈ ਜੋ ਤੁਹਾਡੇ ਦਿਲ ਵਿੱਚ ਹਨ। ਦਿਲਚਸਪ ਗੱਲ ਇਹ ਹੈ ਕਿ ਬਹੁਤ ਸਾਰੇ ਲੋਕ ਉਸ ਸੰਦੇਸ਼ ਨੂੰ ਸੁਣ ਰਹੇ ਹਨ ਅਤੇ ਸਾਰੇ ਮਹਿਸੂਸ ਕਰਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਗੱਲ ਕਰ ਰਿਹਾ ਹੈ, ਹਾਲਾਂਕਿ ਹਰੇਕ ਵਿਅਕਤੀ ਦੇ ਦਿਲ ਦੀਆਂ ਗੱਲਾਂ ਵੱਖਰੀਆਂ ਹੋ ਸਕਦੀਆਂ ਹਨ। ਸਿਰਫ਼ ਪਰਮੇਸ਼ੁਰ ਹੀ ਅਜਿਹਾ ਕੁਝ ਕਰ ਸਕਦਾ ਹੈ, ਜਿੱਥੇ ਪ੍ਰਚਾਰ ਕੀਤਾ ਗਿਆ ਲਿਖਤੀ ਵਚਨ ਪਰਮੇਸ਼ੁਰ ਦੇ ਬਹੁਤ ਸਾਰੇ ਲੋਕਾਂ ਦੇ ਲਈ ਇੱਕੋ ਸਮੇਂ ਵੱਖੋ-ਵੱਖਰੇ ਵਿਸ਼ਿਆਂ 'ਤੇ ਪਰਮੇਸ਼ੁਰ ਦੀ ਸਲਾਹ ਬਣ ਜਾਂਦਾ ਹੈ। ਕਈ-ਕਈ ਵਾਰ ਤੁਸੀਂ ਵੱਖੋ-ਵੱਖਰੇ ਲੋਕਾਂ ਤੋਂ ਕਈ ਉਪਦੇਸ਼ ਸੁਣਦੇ ਹੋ ਅਤੇ ਉਨ੍ਹਾਂ ਸਾਰੇ ਸੰਦੇਸ਼ਾਂ ਦੁਆਰਾ, ਇਹ ਜਾਪਦਾ ਹੈ ਕਿ ਪਰਮੇਸ਼ੁਰ ਤੁਹਾਡੇ ਨਾਲ ਉਹੀ ਗੱਲ ਕਰ ਰਿਹਾ ਹੈ। ਕਈ-ਕਈ ਵਾਰ ਇਹ ਮਸੀਹੀ ਟੀਵੀ ਪ੍ਰੋਗਰਾਮਾਂ, ਪੋਡਕਾਸਟ ਦੁਆਰਾ ਹੋ ਸਕਦਾ ਹੈ, ਜੋ ਤੁਸੀਂ ਸੁਣਦੇ ਹੋ ਜਾਂ ਉਹ ਕਿਤਾਬ ਜੋ ਤੁਸੀਂ ਪੜ੍ਹਦੇ ਹੋ। ਪਰਮੇਸ਼ੁਰ ਦੇ ਵਚਨ ਦਾ ਪ੍ਰਚਾਰ ਕਈ ਤਰ੍ਹਾਂ ਦੇ ਮਾਧਿਅਮਾਂ ਰਾਹੀਂ ਕੀਤਾ ਜਾ ਸਕਦਾ ਹੈ। ਜਦੋਂ ਪ੍ਰਚਾਰ ਦਾ ਵਚਨ ਤੁਹਾਡੇ ਦਿਲ ਵਿੱਚ ਆਉਂਦਾ ਹੈ, ਤਾਂ ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਨੇ ਤੁਹਾਡੇ ਨਾਲ ਗੱਲ ਕੀਤੀ ਹੈ ਅਤੇ ਤੁਹਾਨੂੰ ਉਹ ਮਾਰਗ ਦਰਸ਼ਣ ਅਤੇ ਦਿਸ਼ਾ ਪ੍ਰਦਾਨ ਕੀਤੀ ਹੈ, ਜਿਸ ਦੀ ਤੁਸੀਂ ਭਾਲ ਕਰ ਰਹੇ ਸੀ। ਹੁਣ ਪ੍ਰਭੂ ਦਾ ਹੁਕਮ

ਮੰਨਣ ਦੀ ਤੁਹਾਡੀ ਵਾਰੀ ਹੈ।

## ਅੰਦਰਲੀ ਅਵਾਜ਼—ਸਾਡੀ ਜ਼ਮੀਰ ਦੀ ਅਵਾਜ਼

ਚੌਥਾ ਤਰੀਕਾ ਜਿਸ ਵਿੱਚ ਪਰਮੇਸ਼ੁਰ ਆਪਣੇ ਲਿਖਤੀ ਵਚਨ ਦੀ ਵਰਤੋਂ ਸਾਨੂੰ ਸਲਾਹ ਦੇਣ, ਮਾਰਗ ਦਰਸ਼ਨ ਕਰਨ ਅਤੇ ਸਿੱਖਿਆ ਦੇਣ ਲਈ ਕਰਦਾ ਹੈ, ਉਹ ਹੈ ਅੰਦਰੂਨੀ ਅਵਾਜ਼ ਦੁਆਰਾ, ਸਾਡੀ ਆਪਣੀ ਜ਼ਮੀਰ ਦੁਆਰਾ। ਸਾਡੀ ਜ਼ਮੀਰ ਸਾਡੀ ਆਪਣੀ ਆਤਮਾ ਹੈ, ਜੋ ਸਾਡੇ ਨਾਲ ਗੱਲ ਕਰਦੀ ਹੈ। ਸਾਡੀ ਮਨੁੱਖੀ ਆਤਮਾ ਦੀ ਅਵਾਜ਼ ਨੂੰ ਜ਼ਮੀਰ ਕਿਹਾ ਜਾਂਦਾ ਹੈ।

**ਅੱਯੂਬ 32:8**
**ਪਰੰਤੂ ਮਨੁੱਖ ਵਿੱਚ ਇੱਕ ਆਤਮਾ ਹੈ ਅਤੇ ਸਰਬ-ਸ਼ਕਤੀਮਾਨ ਦਾ ਸਾਹ ਉਨ੍ਹਾਂ ਨੂੰ ਸਮਝ ਦਿੰਦਾ ਹੈ।**

**ਜ਼ਬੂਰਾਂ 51:6**
**ਵੇਖ, ਤੂੰ ਅੰਦਰਲੀ ਸੱਚਿਆਈ ਚਾਹੁੰਦਾ ਹੈਂ ਅਤੇ ਗੁਪਤ ਮਨ ਵਿੱਚ ਮੈਨੂੰ ਬੁੱਧੀ ਸਿਖਾਵੇਂਗਾ।**

**ਕਹਾਉਤਾਂ 20:27**
**ਮਨੁੱਖ ਦਾ ਆਤਮਾ ਯਹੋਵਾਹ ਦਾ ਦੀਵਾ ਹੈ, ਜਿਹੜਾ ਸਾਰੇ ਅੰਦਰਲੇ ਹਿੱਸਿਆਂ ਨੂੰ ਖੋਜਦਾ ਹੈ।**

ਪਰਮੇਸ਼ੁਰ ਮਨੁੱਖ ਦੀ ਆਤਮਾ ਵਿੱਚ ਸਾਹ ਲੈਂਦਾ ਹੈ (ਪ੍ਰੇਰਿਤ ਕਰਦਾ ਹੈ, ਪਰਕਾਸ਼ ਭੇਜਦਾ ਹੈ) ਉਹ ਸਾਡੀਆਂ ਰੂਹਾਂ ਵਿੱਚ ਬੁੱਧੀ ਦਾ ਗਿਆਨ ਪੈਦਾ ਕਰਦਾ ਹੈ। ਸਾਡੀ ਮਨੁੱਖੀ ਆਤਮਾ ਉਸ ਦੀਵੇ ਵਰਗੀ ਹੈ ਜਿਸ ਦੀ ਵਰਤੋਂ ਪਰਮੇਸ਼ੁਰ ਸਾਨੂੰ ਲੱਭਣ ਅਤੇ ਸਾਡੀ ਅਗਵਾਈ ਕਰਨ ਲਈ ਕਰਦਾ ਹੈ।

ਸਾਡਾ ਜ਼ਮੀਰ ਗਵਾਹੀ ਦਿੰਦਾ ਹੈ ਜਾਂ ਉਸ ਅਨੁਸਾਰ ਬੋਲਦਾ ਹੈ, ਜੋ ਸਾਡੇ ਦਿਲਾਂ ਉੱਤੇ ਲਿਖਿਆ ਗਿਆ ਹੈ (ਰੋਮੀਆਂ 2:15)। ਜਦੋਂ ਸਾਡੀ ਮਨੁੱਖੀ ਆਤਮਾ ਪਰਮੇਸ਼ੁਰ ਦੇ ਵਚਨ ਦੀ ਸਿੱਖਿਆ ਪ੍ਰਾਪਤ ਕਰਦੀ ਹੈ ਅਤੇ ਪਵਿੱਤਰ ਆਤਮਾ ਦੇ ਅਧੀਨ ਹੁੰਦੀ ਹੈ, ਤਾਂ ਸਾਡੀ ਆਤਮਾ ਦੀ ਅਵਾਜ਼ ਸਾਡੀ ਆਪਣੀ ਜ਼ਮੀਰ-ਭਰੋਸੇਮੰਦ ਮਾਰਗ ਦਰਸ਼ਕ ਬਣ ਜਾਂਦੀ ਹੈ। ਅਸੀਂ ਆਪਣੇ ਜ਼ਮੀਰ ਅਨੁਸਾਰ ਚੱਲਦੇ ਹਾਂ, ਜੋ ਪਰਮੇਸ਼ੁਰ ਦੇ ਵਚਨ ਅਤੇ ਪਰਮੇਸ਼ੁਰ ਦੀ ਪ੍ਰੇਰਣਾ ਦੇ ਅਨੁਸਾਰ ਸਾਡੇ ਨਾਲ ਗੱਲ ਕਰਦੀ ਹੈ। ਪੌਲੁਸ ਰਸੂਲ ਨੇ ਕਿਹਾ ਕਿ ਉਹ ਪਰਮੇਸ਼ੁਰ ਦੇ ਸਾਹਮਣੇ *"ਸੱਚੀ ਜ਼ਮੀਰ ਨਾਲ ਜੀਉਂਦਾ ਸੀ"* (ਰਸੂਲਾਂ ਦੇ ਕਰਤੱਬ 23:1)। ਉਹ

ਹਮੇਸ਼ਾਂ ਕੋਸ਼ਿਸ਼ ਕਰਦਾ ਸੀ ਕਿ ਉਹ *"ਪਰਮੇਸ਼ੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈਨੂੰ ਦੋਸ਼ੀ ਨਾ ਕਰੇ"* (ਰਸੂਲਾਂ ਦੇ ਕਰਤੱਬ 24:16)।

ਇਹ ਨਵੇਂ ਨੇਮ ਦੇ ਜੀਵਨ ਦਾ ਹਿੱਸਾ ਹੈ। ਪਰਮੇਸ਼ੁਰ ਸਾਡੇ ਮਨਾਂ ਅਤੇ ਦਿਲਾਂ ਉੱਤੇ ਵਚਨ ਲਿਖਦਾ ਹੈ ਅਤੇ ਹਰ ਕੋਈ ਪ੍ਰਭੂ ਨੂੰ ਜਾਣੇਗਾ (ਇਬਰਾਨੀਆਂ 8:10,11)।

ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਆਪਣੀ ਜ਼ਮੀਰ ਦੁਆਰਾ ਪਰਮੇਸ਼ੁਰ ਦੀ ਅਗਵਾਈ ਦੀ ਭਾਲ ਕਰਦੇ ਹਾਂ, ਜਦੋਂ ਉਸ ਦਾ ਵਚਨ ਸਾਡੇ ਦਿਲਾਂ ਅਤੇ ਦਿਮਾਗ਼ਾਂ 'ਤੇ ਲਿਖਿਆ ਜਾਂਦਾ ਹੈ। ਆਪਣੀ ਜ਼ਮੀਰ ਦੀ ਗੱਲ ਸੁਣਨਾ ਸਿੱਖੋ। ਕੀ ਤੁਹਾਡੀ ਜ਼ਮੀਰ ਸਾਫ਼ ਅਤੇ ਸ਼ੁੱਧ ਹੈ? ਜਾਂ ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਜ਼ਮੀਰ ਨਾਲ ਜ਼ਬਰਦਸਤੀ ਕੀਤੀ ਗਈ ਹੈ, ਉਸ ਨੂੰ ਦੁੱਖ ਪਹੁੰਚਾਇਆ ਗਿਆ ਹੈ, ਉਸ ਨੂੰ ਕਿਸੇ ਤਰ੍ਹਾਂ ਦੁੱਖ ਦਿੱਤਾ ਗਿਆ ਹੈ? ਜੇ ਤੁਸੀਂ ਆਪਣੀ ਜ਼ਮੀਰ ਨਾਲ ਗ਼ਲਤ ਕੀਤਾ ਹੈ, ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਕੁਝ ਅਜਿਹਾ ਕੀਤਾ ਹੈ, ਜੋ ਪਰਮੇਸ਼ੁਰ ਦੇ ਵਚਨ ਦੇ ਉਲਟ ਹੈ। ਜਦੋਂ ਤੁਸੀਂ ਕੋਈ ਫ਼ੈਸਲਾ ਕਰਨ ਦੇ ਕੰਢੇ 'ਤੇ ਹੋਵੋਗੇ, ਤਾਂ ਤੁਹਾਨੂੰ ਕੁਝ ਗ਼ਲਤ ਲੱਗੇਗਾ, ਤੁਸੀਂ ਆਪਣੇ ਅੰਦਰ ਕੁਝ ਗ਼ਲਤ ਮਹਿਸੂਸ ਕਰੋਗੇ। ਅਸੀਂ ਅਕਸਰ ਕਹਿੰਦੇ ਹਾਂ: "ਮੇਰੀ ਜ਼ਮੀਰ ਮੈਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ।" ਤੁਹਾਡੇ ਅੰਦਰ ਇੱਕ ਪਾਬੰਦੀ ਹੈ, ਜੋ ਤੁਹਾਡੀ ਆਪਣੀ ਜ਼ਮੀਰ ਤੋਂ ਆਉਂਦੀ ਹੈ-ਤੁਹਾਡੀ ਆਤਮਾ ਦੀ ਅਵਾਜ਼ ਜਿਸ ਵਿੱਚ ਪਰਮੇਸ਼ੁਰ ਦਾ ਵਚਨ ਲਿਖਿਆ ਗਿਆ ਹੈ। ਤੁਹਾਨੂੰ ਆਪਣੀ ਜ਼ਮੀਰ ਦੀ ਪਾਲਣਾ ਕਰਨੀ ਪਵੇਗੀ। ਜਦੋਂ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਪਰਮੇਸ਼ੁਰ ਦੇ ਵਚਨ ਦੀ ਪਾਲਣਾ ਕਰੋਗੇ ਅਤੇ ਆਪਣੇ ਜੀਵਨ ਦੇ ਲਈ ਉਸ ਦੀ ਅਗਵਾਈ ਹੇਠ ਚੱਲੋਗੇ।

## ਸਚਾਈ ਦੇ ਵਚਨ ਨੂੰ ਸਹੀ ਢੰਗ ਨਾਲ ਲਾਗੂ ਕਰਨਾ

**2 ਤਿਮੋਥਿਉਸ 2:15**

**ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਜਤਨ ਕਰ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸੱਚਿਆਈ ਦੇ ਵਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ।**

ਸਾਨੂੰ ਇਸ ਬਾਰੇ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਵਚਨ ਨਾਲ ਕਿਵੇਂ ਪੇਸ਼ ਆਉਂਦੇ ਹਾਂ। ਸਾਨੂੰ ਸੱਚ ਦੇ ਵਚਨ ਨੂੰ "ਸਹੀ ਢੰਗ ਨਾਲ ਵੰਡਣਾ" ਹੈ (ਸਹੀ ਵੰਡ, ਵਿਭਾਜਨ ਜਾਂ ਸਪੱਸ਼ਟ ਕਰਨ ਲਈ)।

ਪਰਮੇਸ਼ੁਰ ਸਾਡੇ ਗ਼ਲਤ ਸਪੱਸ਼ਟੀਕਰਨ ਅਤੇ ਉਸ ਦੇ ਵਚਨ ਦੀ ਗ਼ਲਤ ਵਿਆਖਿਆ ਲਈ ਜ਼ਿੰਮੇਵਾਰ ਨਹੀਂ ਹੈ। ਪਰਮੇਸ਼ੁਰ ਦੇ ਵਚਨ ਦੀ ਗ਼ਲਤ ਫਹਿਮੀ ਸਾਨੂੰ ਵਚਨ ਦੀ ਗ਼ਲਤ ਵਰਤੋਂ ਵੱਲ ਲੈ ਜਾਵੇਗੀ ਜਿਸ ਨਾਲ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ। ਪਰਮੇਸ਼ੁਰ ਦੇ ਵਚਨ ਦੀ ਗ਼ਲਤਫਹਿਮੀ ਅਜੀਬ ਸਿੱਖਿਆਵਾਂ ਵੱਲ ਲੈ ਜਾਵੇਗੀ, ਜੋ ਗੰਦੇ ਭੋਜਨ ਵਾਂਗ ਹਨ, ਜੋ ਸਾਨੂੰ ਲਾਭ ਨਹੀਂ ਪਹੁੰਚਾਉਂਦਾ, ਪਰ ਉਹ ਸਾਨੂੰ ਆਤਮਿਕ ਤੌਰ ‘ਤੇ ਬਿਮਾਰ ਬਣਾਉਂਦਾ ਹੈ (ਇਬਰਾਨੀਆਂ 13:9)। ਇਸ ਲਈ ਪਰਮੇਸ਼ੁਰ ਦੇ ਰਾਹਾਂ ਅਤੇ ਵਿਚਾਰਾਂ ਨੂੰ ਸਮਝਣ ਦੇ ਲਈ ਪਰਮੇਸ਼ੁਰ ਦੀ ਪੂਰੀ ਇੱਛਾ ਦਾ ਅਧਿਐਨ ਕਰਨਾ ਜ਼ਰੂਰੀ ਹੈ।

## ਪਵਿੱਤਰ ਬਾਈਬਲ ਦੇ ਵਚਨਾਂ ਦੀ ਦੁਰ-ਵਰਤੋਂ ਨਾ ਕਰੋ

ਅਸੀਂ ਕਿਹਾ ਹੈ ਕਿ ਪਰਮੇਸ਼ੁਰ ਆਪਣੇ ਲਿਖਤੀ ਵਚਨ ਦੁਆਰਾ ਸਾਡਾ ਮਾਰਗ ਦਰਸ਼ਨ ਕਰਦਾ ਹੈ ਅਤੇ ਅਗਵਾਈ ਕਰਦਾ ਹੈ, ਪਰ ਕਈ ਵਾਰ ਲੋਕ ਪਵਿੱਤਰ ਬਾਈਬਲ ਲਈ ਕੁਝ ਅਜੀਬ ਗੱਲਾਂ ਕਰਦੇ ਹਨ। ਕਈ ਵਾਰ ਜਦੋਂ ਕੋਈ ਪਰਮੇਸ਼ੁਰ ਦੁਆਰਾ ਅਗਵਾਈ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਪਵਿੱਤਰ ਬਾਈਬਲ ਨੂੰ ਬੰਦ ਕਰ ਦਿੰਦੇ ਹਨ, ਫਿਰ ਪਵਿੱਤਰ ਬਾਈਬਲ ਖੋਲ੍ਹਦੇ ਹਨ ਅਤੇ ਆਪਣੀ ਉਂਗਲ ਕਿਤੇ ਰੱਖਦੇ ਹਨ ਅਤੇ ਫਿਰ ਵੇਖੋ ਕਿ ਪਵਿੱਤਰ ਬਾਈਬਲ ਦਾ ਵਚਨ ਕੀ ਕਹਿੰਦਾ ਹੈ। ਉਹ ਇਸ ਨੂੰ ਆਪਣੇ ਜੀਵਨ ਦੇ ਲਈ ਪਰਮੇਸ਼ੁਰ ਦੀ ਅਗਵਾਈ ਵਜੋਂ ਪ੍ਰਾਪਤ ਕਰ ਸਕਦੇ ਹਨ। ਪਰਮੇਸ਼ੁਰ ਇਸ ਦੀ ਵਰਤੋਂ ਕਰ ਸਕਦਾ ਹੈ, ਜੇ ਉਹ ਚਾਹੁੰਦਾ ਹੈ, ਪਰ ਕਿਰਪਾ ਕਰਕੇ ਸਮਝੋ ਕਿ ਪਰਮੇਸ਼ੁਰ ਨੇ ਸਾਨੂੰ ਇਸ ਤਰੀਕੇ ਨਾਲ ਵਚਨ ਦੀ ਵਰਤੋਂ ਕਰਨ ਲਈ ਨਹੀਂ ਬੁਲਾਇਆ ਹੈ। ਸਾਨੂੰ ਉਸ ਦੇ ਵਚਨ ਨੂੰ ਪੜ੍ਹਨਾ ਚਾਹੀਦਾ ਹੈ, ਉਸ ‘ਤੇ ਮਨਨ ਕਰਨਾ ਚਾਹੀਦਾ ਹੈ, ਉਸ ਦਾ ਅਧਿਐਨ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਉਸ ਦੇ ਵਚਨ ਦੇ ਅਨੁਸਾਰ ਰਹਿ ਸਕੀਏ, ਨਾ ਕਿ ਛੋਟੇ ਬੱਚਿਆਂ ਵਾਂਗ ਉਸ ਦੇ ਵਚਨਾਂ ਨਾਲ “ਖੇਡਣਾ”।

ਸਾਨੂੰ ਪਵਿੱਤਰ ਬਾਈਬਲ ਦੇ ਵਚਨਾਂ ਦੀ ਦੁਰ-ਵਰਤੋਂ ਨਹੀਂ ਕਰਨੀ ਚਾਹੀਦੀ ਹੈ। ਇਹ ਸੰਭਾਵਨਾ ਹੈ ਕਿ ਅਸੀਂ ਵਚਨਾਂ ਨੂੰ ਉਨ੍ਹਾਂ ਦੇ ਪ੍ਰਸੰਗ ਤੋਂ ਬਾਹਰ ਕੱਢੀਏ ਅਤੇ ਆਪਣੇ ਖ਼ੁਦ ਦੇ ਸੁਆਰਥੀ ਇਰਾਦਿਆਂ ਦਾ ਸਮਰਥਨ ਕਰਨ ਦੇ ਲਈ ਉਨ੍ਹਾਂ ਨੂੰ ਵਿਗਾੜ ਦੇਈਏ। ਉਹ ਨਾ ਕਰੋ। ਉਦਾਹਰਣ ਦੇ

ਲਈ, ਜੇ ਕੋਈ ਨੌਜਵਾਨ ਕਿਸੇ ਔਰਤ ਨਾਲ ਪਿਆਰ ਕਰਦਾ ਹੈ, ਤਾਂ ਉਹ ਉਸ ਨੂੰ ਪਵਿੱਤਰ ਬਾਈਬਲ ਦੇ ਹਰ ਹਿੱਸੇ ਵਿੱਚ "ਵੇਖ ਸਕਦਾ ਹੈ"। ਪਵਿੱਤਰ ਬਾਈਬਲ ਦੀ ਲੱਗਭੱਗ ਹਰ ਆਇਤ ਉਸ ਨੂੰ ਪੁਸ਼ਟੀ ਕਰਦੀ ਜਾਪਦੀ ਹੈ ਕਿ ਇਹ ਉਹੀ ਹੈ, ਜੋ ਉਸ ਲਈ ਹੈ। ਉਹ ਉਸ ਨੂੰ ਪਵਿੱਤਰ ਬਾਈਬਲ ਤੋਂ ਬੇਅੰਤ ਵਚਨ ਭੇਜਦਾ ਹੈ, ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਲੜਕੀ ਨੂੰ ਉਸ ਨਾਲ ਵਿਆਹ ਕਿਉਂ ਕਰਨਾ ਚਾਹੀਦਾ ਹੈ। ਪਰ ਇਸ ਪਿਆਰੀ ਮੁਟਿਆਰ ਨੂੰ ਪਵਿੱਤਰ ਬਾਈਬਲ ਵਿੱਚੋਂ ਇੱਕ ਵੀ ਵਚਨ ਨਹੀਂ ਮਿਲਿਆ। ਉਹ ਉਹੀ ਹਵਾਲੇ ਪੜ੍ਹਦੀ ਹੈ ਅਤੇ ਸਪੱਸ਼ਟ ਤੌਰ 'ਤੇ ਵੇਖਦੀ ਹੈ ਕਿ ਉਨ੍ਹਾਂ ਦਾ ਵਿਆਹ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਉਹ ਵਚਨ ਉਨ੍ਹਾਂ ਦੋਵਾਂ ਬਾਰੇ ਕੁਝ ਨਹੀਂ ਕਹਿੰਦੇ। ਉਹ ਉਲਝਣ ਵਿੱਚ ਹੈ ਅਤੇ ਉਸ ਬਹੁਤ ਹੀ ਆਤਮਿਕ ਨੌਜਵਾਨ ਦੇ ਕਾਰਨ ਭਿਆਨਕ ਦਬਾਅ ਵਿੱਚ ਹੈ, ਜੋ ਹਰ ਸਮੇਂ ਉਸ ਦਾ ਦਰਸ਼ਣ ਪ੍ਰਾਪਤ ਕਰਦਾ ਹੈ ਅਤੇ ਪਵਿੱਤਰ ਬਾਈਬਲ ਦੇ ਲੱਗਭੱਗ ਹਰ ਹਿੱਸੇ ਵਿੱਚ ਉਸ ਦੇ ਪ੍ਰਗਟਾਵੇ ਪ੍ਰਾਪਤ ਕਰਦਾ ਹੈ। ਇਹ ਇੱਕ ਮਜ਼ਾਕੀਆ ਗੱਲ ਵਰਗਾ ਲੱਗ ਸਕਦਾ ਹੈ, ਪਰ ਇਹ ਅਸਧਾਰਨ ਨਹੀਂ ਹੈ। ਇਹ ਪਵਿੱਤਰ ਬਾਈਬਲ ਦੀ ਦੁਰ-ਵਰਤੋਂ ਹੈ। ਇਸ ਲਈ ਨੌਜਵਾਨਾਂ ਨੂੰ ਪਰਮੇਸ਼ੁਰ ਦਾ ਵਚਨ ਸਿਖਾਉਣ ਅਤੇ ਪਰਮੇਸ਼ੁਰ ਤੋਂ ਸਹੀ ਢੰਗ ਨਾਲ ਅਗਵਾਈ ਪ੍ਰਾਪਤ ਕਰਨੀ ਸਿੱਖਣ ਦੀ ਲੋੜ ਹੈ। ਇਸ ਕਿਤਾਬ ਵਿੱਚ ਉਨ੍ਹਾਂ ਸਾਰੇ ਨੌਜਵਾਨਾਂ ਨੂੰ ਬਹੁਤ ਸਾਰੀਆਂ ਗੱਲਾਂ ਵਿੱਚ ਬਹੁਤ ਪਿਆਰ ਅਤੇ ਅਨੰਦ ਨਾਲ ਪੇਸ਼ ਕੀਤਾ ਗਿਆ ਹੈ ਜੋ ਪਰਮੇਸ਼ੁਰ ਤੋਂ ਸੁਣਨਾ ਚਾਹੁੰਦੇ ਹਨ ਅਤੇ ਆਪਣੇ ਜੀਵਨ ਦੇ ਲਈ ਉਸ ਦੀ ਅਗਵਾਈ ਚਾਹੁੰਦੇ ਹਨ।

## ਪ੍ਰਤੀਬਿੰਬ

1) ਆਪਣੇ ਜੀਵਨ ਦੇ ਇਸ ਪੜਾਅ 'ਤੇ ਤੁਹਾਨੂੰ ਕਿਹੜੇ ਮੁੱਖ ਫੈਸਲੇ ਲੈਣ ਦੀ ਜ਼ਰੂਰਤ ਹੈ (**ਉਦਾਹਰਣ ਲਈ:** ਮਾਪਿਆਂ ਦੇ ਨਾਲ ਵਿਵਹਾਰ, ਵਿਆਹ, ਕਰੀਅਰ, ਕਲੀਸਿਆ, ਸੇਵਕਾਈ ਨਾਲ ਨਜਿੱਠਣਾ)? ਪਰਮੇਸ਼ੁਰ ਦੇ ਵਚਨ ਵਿੱਚਲੀਆਂ ਆਮ ਹਿਦਾਇਤਾਂ ਬਾਰੇ ਜੋ ਤੁਸੀਂ ਜਾਣਦੇ ਹੋ, ਉਸ ਬਾਰੇ ਲਿਖੋ ਜਿਸ ਦੀ ਤੁਹਾਨੂੰ ਪਾਲਣਾ ਕਰਨ ਦੀ ਲੋੜ ਹੈ।

2) ਪਰਮੇਸ਼ੁਰ ਨੂੰ ਲਿਖਤੀ ਵਚਨ ਦੁਆਰਾ ਤੁਹਾਡੇ ਨਾਲ ਉਨ੍ਹਾਂ ਫੈਸਲਿਆਂ ਬਾਰੇ

ਗੱਲ ਕਰਨ ਲਈ ਕਹੋ, ਜੋ ਤੁਹਾਨੂੰ ਕਰਨ ਦੀ ਜ਼ਰੂਰਤ ਹੈ। ਉਸ ਦੇ ਨਾਲ ਬਿਤਾਏ ਸਮੇਂ ਵਿੱਚ ਉਸ ਦੇ ਵਚਨ ਨੂੰ ਪੜ੍ਹ ਕੇ ਜਾਂ ਆਪਣੇ ਦਿਨ ਦੇ ਦੂਸਰੇ ਪਲਾਂ 'ਤੇ ਵਚਨ ਦੁਆਰਾ ਜੀਅ ਉੱਠ ਕੇ ਜਾਂ ਪ੍ਰਚਾਰ ਕੀਤੇ ਜਾ ਰਹੇ ਵਚਨ ਨੂੰ ਸੁਣ ਕੇ ਹਰ ਰੋਜ਼ ਉਸ ਨੂੰ ਸੁਣਨ ਲਈ ਤਿਆਰ ਰਹੋ।

# 4

# ਆਤਮਾ ਦੀ ਅੰਦਰੂਨੀ ਗਵਾਹੀ

ਪ੍ਰਭੂ ਯਿਸੂ ਨੇ ਸਾਡੇ ਨਾਲ ਵਾਇਦਾ ਕੀਤਾ ਸੀ ਕਿ ਉਹ ਦੂਜੇ ਸਹਾਇਕ ਪਵਿੱਤਰ ਆਤਮਾ ਨੂੰ ਭੇਜੇਗਾ ਤਾਂ ਜੋ ਯਿਸੂ ਮਸੀਹ ਸਾਡੇ ਲਈ ਸਭ ਕੁਝ ਹੋਵੇ। ਪ੍ਰਭੂ ਯਿਸੂ ਸਾਡੇ ਚਰਵਾਹੇ ਵਜੋਂ ਸਾਡਾ ਮਾਰਗ ਦਰਸ਼ਕ ਹੈ। ਪਵਿੱਤਰ ਆਤਮਾ ਸਾਡਾ ਮਾਰਗ ਦਰਸ਼ਕ ਹੈ। ਪਵਿੱਤਰ ਆਤਮਾ ਸਾਡੇ ਨਾਲ ਉਹੀ ਬੋਲਦਾ ਹੈ, ਜੋ ਪ੍ਰਭੂ ਯਿਸੂ ਸਾਡੇ ਚਰਵਾਹੇ ਵਜੋਂ ਸਾਡੇ ਨਾਲ ਬੋਲਦਾ ਹੈ।

**ਯੂਹੰਨਾ 16:13,14**

**[13] ਪਰ ਜਦ ਉਹ ਅਰਥਾਤ ਸੱਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਰੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ।**
**[14] ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ।**

ਆਇਤ 13 ਵਿੱਚ, *"ਅਗਵਾਈ"* ਦਾ ਅਰਥ ਹੈ "ਰਾਹ ਦਿਖਾਉਣਾ।" ਪਵਿੱਤਰ ਆਤਮਾ ਸਾਨੂੰ ਸਾਰੀ ਸਚਾਈ ਦਾ ਰਾਹ ਦਿਖਾਏਗਾ। ਪਵਿੱਤਰ ਆਤਮਾ ਸਾਰੀ ਸਚਾਈ ਦਾ ਰਾਹ ਦਿਖਾਉਂਦਾ ਹੈ। ਇਸ ਲਈ, ਉਹ ਨਿੱਜੀ ਤੌਰ 'ਤੇ ਉਨ੍ਹਾਂ ਸਾਰੀਆਂ ਗੱਲਾਂ ਦੁਆਰਾ ਸਾਡੀ ਅਗਵਾਈ ਕਰ ਸਕਦਾ ਹੈ, ਜੋ ਸਾਨੂੰ ਉਨ੍ਹਾਂ ਸਾਰੇ ਫੈਸਲਿਆਂ ਵਿੱਚ ਪ੍ਰਸੰਨ ਅਤੇ ਸਵੀਕਾਰਯੋਗ ਹਨ, ਜੋ ਸਾਨੂੰ ਕਰਨ ਦੀ ਜ਼ਰੂਰਤ ਹੈ। ਉਹ ਸਮੇਂ ਤੋਂ ਪਹਿਲਾਂ ਗੱਲਾਂ ਨੂੰ ਸਾਡੇ ਉੱਤੇ ਪ੍ਰਗਟ ਕਰੇਗਾ ਅਤੇ ਸਾਨੂੰ ਦੱਸ ਦੇਵੇਗਾ। ਉਹ ਯਿਸੂ ਸਾਨੂੰ ਜੋ ਕਹਿ ਰਿਹਾ ਹੈ, ਉਸ ਨੂੰ ਲਵੇਗਾ ਅਤੇ ਸਾਨੂੰ ਦੱਸੇਗਾ।

ਆਓ ਅਸੀਂ 1 ਕੁਰਿੰਥੀਆਂ 2 ਦੇ ਇਸ ਹਵਾਲੇ ਨੂੰ ਨੇੜਿਓਂ ਵੇਖੀਏ:

**1 ਕੁਰਿੰਥੀਆਂ 2:9-16**

**[9] ਪਰੰਤੂ ਜਿਵੇਂ ਲਿਖਿਆ ਹੋਇਆ ਹੈ-ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ।**

**10 ਓਹਨਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪ੍ਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ।**
**11 ਮਨੁੱਖ ਦੇ ਆਤਮਾ ਤੋਂ ਬਿਨ੍ਹਾਂ ਜੋ ਉਹ ਦੇ ਅੰਦਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਪ੍ਰਕਾਰ ਪਰਮੇਸ਼ੁਰ ਦੇ ਆਤਮਾ ਤੋਂ ਬਿਨ੍ਹਾਂ ਪਰਮੇਸ਼ੁਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ।**
**12 ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ।**
**13 ਅਸੀਂ ਇਨ੍ਹਾਂ ਗੱਲਾਂ ਨੂੰ ਮਾਣਸ ਗਿਆਨ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ।**
**14 ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਉਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸਕਦਾ ਇਸ ਲਈ ਜੋ ਆਤਮਿਕ ਰੀਤ ਨਾਲ ਉਨ੍ਹਾਂ ਦੀ ਜਾਂਚ ਕਰੀਦੀ ਹੈ।**
**15 ਪਰ ਜਿਹੜਾ ਆਤਮਿਕ ਹੈ ਉਹ ਤਾਂ ਸਭਨਾਂ ਗੱਲਾਂ ਦੀ ਜਾਂਚ ਕਰਦਾ ਹੈ ਪਰ ਆਪ ਕਿਸੇ ਤੋਂ ਜਾਂਚਿਆ ਨਹੀਂ ਜਾਂਦਾ।**
**16 ਕਿਉਂ ਜੋ ਪ੍ਰਭੂ ਦੀ ਬੁੱਧੀ ਨੂੰ ਕਿਨ ਜਾਣਿਆ ਹੈ ਭਈ ਉਹ ਨੂੰ ਸਮਝਾਵੇ? ਪਰ ਮਸੀਹ ਦੀ ਬੁੱਧੀ ਸਾਡੇ ਵਿੱਚ ਹੈ।**

**ਆਇਤਾਂ 9,10:** ਉਹ ਗੱਲਾਂ ਜੋ ਪਰਮੇਸ਼ੁਰ ਨੇ ਸਾਡੇ ਲਈ ਤਿਆਰ ਕੀਤੀਆਂ ਹਨ, ਉਹ ਉਨ੍ਹਾਂ ਨੂੰ ਪਵਿੱਤਰ ਆਤਮਾ ਦੁਆਰਾ ਪ੍ਰਗਟ ਕਰਦਾ ਹੈ। "ਪ੍ਰਗਟਾਵੇ" ਲਈ ਯੂਨਾਨੀ ਸ਼ਬਦ *('ਅਪੋਕਾਲੁਪਟੋ')* ਦਾ ਅਰਥ ਹੈ ਢੱਕਣ ਨੂੰ ਹਟਾਉਣਾ, "ਬੇਨਕਾਬ ਕਰਨਾ, ਪ੍ਰਗਟ ਕਰਨਾ, ਜੋ ਪਹਿਲਾਂ ਅਣਜਾਣ ਸੀ ਉਸ ਨੂੰ ਖੋਲਣਾ।" ਪਰਮੇਸ਼ੁਰ ਆਪਣੇ ਆਤਮਾ ਦੇ ਦੁਆਰਾ ਗੱਲਾਂ ਨੂੰ ਪ੍ਰਗਟ ਕਰਦਾ ਹੈ।

**ਆਇਤਾਂ 11,12:** ਕੇਵਲ ਪਰਮੇਸ਼ੁਰ ਦਾ ਆਤਮਾ ਹੀ ਪਰਮੇਸ਼ੁਰ ਦੀਆਂ ਗੱਲਾਂ ਨੂੰ ਜਾਣਦਾ ਹੈ। ਅਸੀਂ ਪਰਮੇਸ਼ੁਰ ਦਾ ਆਤਮਾ ਪ੍ਰਾਪਤ ਕੀਤਾ ਹੈ ਤਾਂ ਜੋ ਅਸੀਂ ਉਨ੍ਹਾਂ ਗੱਲਾਂ ਨੂੰ ਜਾਣ ਸਕੀਏ (ਵੇਖੋ, ਸਮਝ ਸਕੀਏ, ਜਾਣੀਏ) ਜੋ ਪਰਮੇਸ਼ੁਰ ਨੇ ਸਾਨੂੰ ਮੁਫ਼ਤ ਦਿੱਤੀਆਂ ਹਨ। ਭਾਵ, ਇਸ ਵਿੱਚ ਉਹ ਸਭ ਕੁਝ ਹੈ, ਜੋ ਪਰਮੇਸ਼ੁਰ ਨੇ ਸਾਡੇ ਲਈ ਨਿੱਜੀ ਤੌਰ 'ਤੇ ਚੱਲਣ ਲਈ ਤਿਆਰ ਕੀਤਾ ਹੈ (ਅਫ਼ਸੀਆਂ 2:10)। ਪਵਿੱਤਰ ਆਤਮਾ ਸਾਨੂੰ ਇਨ੍ਹਾਂ ਗੱਲਾਂ ਬਾਰੇ ਦੱਸਦਾ ਹੈ।

**ਆਇਤਾਂ 13-15:** ਸਾਨੂੰ ਆਤਮਿਕ ਤੌਰ 'ਤੇ ਉਨ੍ਹਾਂ ਗੱਲਾਂ ਨੂੰ ਸਮਝਣ ਦੀ ਜ਼ਰੂਰਤ ਹੈ ਜੋ ਪਵਿੱਤਰ ਆਤਮਾ ਸਾਡੇ ਲਈ ਪ੍ਰਗਟ ਕਰਦਾ ਹੈ। ਜਿਹੜੇ ਲੋਕ

ਕੁਦਰਤੀ ਮਨ ਦੇ ਅਨੁਸਾਰ ਜੀਉਂਦੇ ਹਨ ਉਹ ਉਨ੍ਹਾਂ ਗੱਲਾਂ ਨੂੰ ਨਹੀਂ ਸਮਝ ਸਕਦੇ, ਜੋ ਪਵਿੱਤਰ ਆਤਮਾ ਪ੍ਰਗਟ ਕਰਦਾ ਹੈ। ਆਤਮਿਕ ਲੋਕ ਹੋਣ ਦੇ ਨਾਤੇ, ਸਾਨੂੰ ਹਰ ਗੱਲ ਨੂੰ ਕਬੂਲ ਕਰਨ ਤੋਂ ਪਹਿਲਾਂ ਪਰਖਣਾ ਪੈਂਦਾ ਹੈ (ਜਾਂਚ ਕਰਨਾ, ਪੁੱਛ-ਗਿੱਛ)।

**ਆਇਤ 16:** ਕਿਉਂਕਿ ਪਵਿੱਤਰ ਆਤਮਾ ਸਾਡੇ ਲਈ ਗੱਲਾਂ ਨੂੰ ਪ੍ਰਗਟ ਕਰਦਾ ਹੈ, ਸਾਡੇ ਵਿੱਚ ਮਸੀਹ ਦਾ ਮਨ ਹੈ। ਅਸੀਂ ਜਾਣ ਸਕਦੇ ਹਾਂ ਕਿ ਸਾਡਾ ਪ੍ਰਭੂ ਯਿਸੂ ਕਿਸੇ ਖਾਸ ਗੱਲ ਬਾਰੇ ਕੀ ਸੋਚਦਾ ਹੈ।

ਨਵੇਂ ਨੇਮ ਦੇ ਵਿਸ਼ਵਾਸੀ ਹੋਣ ਦੇ ਨਾਤੇ, ਸਾਡੇ ਕੋਲ ਮਸੀਹ ਦਾ ਮਨ ਹੈ ਕਿਉਂਕਿ ਪਵਿੱਤਰ ਆਤਮਾ ਦੇ ਪ੍ਰਗਟ ਕਰਨ ਵਾਲੇ ਕੰਮ ਦੇ ਕਾਰਨ। ਪਵਿੱਤਰ ਆਤਮਾ ਮਸੀਹ ਦੇ ਮਨ ਨੂੰ ਸਾਡੇ ਲਈ ਉਪਲੱਬਧ ਕਰਵਾਉਂਦਾ ਹੈ। ਉਹ ਸਾਨੂੰ ਯਿਸੂ ਦੇ ਵਿਚਾਰਾਂ, ਮਨੋਰਥਾਂ, ਭਾਵਨਾਵਾਂ, ਯੋਜਨਾਵਾਂ, ਇਰਾਦਿਆਂ, ਫੈਸਲੇ, ਇੱਛਾਵਾਂ ਅਤੇ ਨਿਰਦੇਸ਼ਾਂ ਨੂੰ ਪ੍ਰਦਾਨ ਕਰਦਾ ਹੈ।

ਇੱਥੇ ਬਹੁਤ ਸਾਰੇ ਵੱਖੋ-ਵੱਖਰੇ ਤਰੀਕੇ ਹਨ, ਜਿਨ੍ਹਾਂ ਵਿੱਚ ਪਵਿੱਤਰ ਆਤਮਾ ਪਰਮੇਸ਼ੁਰ ਦੀਆਂ ਗੱਲਾਂ ਨੂੰ ਅਤੇ ਮਸੀਹ ਦੇ ਮਨ ਨੂੰ ਸਾਡੇ ਲਈ ਪ੍ਰਗਟ ਕਰਦਾ ਹੈ। ਅਸੀਂ ਉਨ੍ਹਾਂ ਨੂੰ ਵੱਖੋ-ਵੱਖਰੇ ਅਧਿਆਇਆਂ ਵਿੱਚ ਪੇਸ਼ ਕਰਾਂਗੇ ਅਤੇ ਇਨ੍ਹਾਂ ਵਿਸ਼ਿਆਂ ਨੂੰ ਸੰਬੋਧਿਤ ਕਰਾਂਗੇ: ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ, ਪਵਿੱਤਰ ਆਤਮਾ ਦੀ ਅਵਾਜ਼, ਪਵਿੱਤਰ ਆਤਮਾ ਦੀ ਦਾਤ, ਸੁਫ਼ਨੇ, ਦਰਸ਼ਨ ਅਤੇ ਭਵਿੱਖਬਾਣੀਆਂ।

ਪਹਿਲਾਂ, ਅਸੀਂ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੇ ਵਿਸ਼ੇ ਨੂੰ ਸਮਝਾਂਗੇ।

## ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ

**ਰੋਮੀਆਂ 8:14-16**

**14 ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤਰ ਹਨ**
**15 ਕਿਉਂ ਜੋ ਤੁਹਾਨੂੰ ਗ਼ੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ "ਅੱਬਾ", ਹੇ ਪਿਤਾ, ਪੁਕਾਰਦੇ ਹਾਂ।**
**16 ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ।**

ਪਰਮੇਸ਼ੁਰ ਦੇ ਪੁੱਤਰ-ਜੋ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਦੇ ਰੂਪ ਵਿੱਚ ਪਰਮੇਸ਼ੁਰ ਦੇ ਪਰਿਵਾਰ ਦੇ ਹਨ—ਉਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਪਰਮੇਸ਼ੁਰ ਦੇ ਆਤਮਾ ਦੁਆਰਾ ਚਲਾਏ ਚੱਲਦੇ ਹਨ। ਇਸ ਲਈ, ਸਾਡੇ ਕੋਲ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਅਤੇ ਮਾਰਗ ਦਰਸ਼ਨ ਹੇਠ ਚੱਲਣ ਦਾ ਅਧਿਕਾਰ ਹੈ। ਅਸਲ ਵਿੱਚ, ਇਹ ਪਵਿੱਤਰ ਆਤਮਾ ਹੀ ਸੀ, ਜਿਸ ਨੇ ਸਾਨੂੰ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਬਣਾਇਆਂ। ਉਹ ਲੇਪਾਲਕਪਨ ਦੀ ਆਤਮਾ ਹੈ। ਉਹ ਸਾਡੀ ਆਤਮਾ ਨਾਲ ਗਵਾਹੀ ਦਿੰਦਾ ਹੈ (ਸ਼ਾਬਦਿਕ "ਤੌਰ 'ਤੇ ਇਕੱਠੇ ਗਵਾਹੀ ਦੇਣਾ, ਸਮੂਹਿਕ ਪ੍ਰਮਾਣ ਦੇ ਨਾਲ ਗਵਾਹੀ ਦੇਣਾ ਅਤੇ ਸਮਰਥਨ ਦੀ ਗਵਾਹੀ ਨਾਲ ਸਮਰਥਨ ਕਰਨਾ") ਕਿ ਅਸੀਂ ਪਰਮੇਸ਼ੁਰ ਦੇ ਬੱਚੇ ਹਾਂ (ਆਇਤ 16)। ਇਹ ਆਇਤ ਸਾਨੂੰ ਸਿਖਾਉਂਦੀ ਹੈ ਕਿ ਜਿਸ ਤਰੀਕੇ ਨਾਲ ਅਸੀਂ ਜਾਣਦੇ ਹਾਂ **ਕਿ ਅਸੀਂ ਪਰਮੇਸ਼ੁਰ ਦੇ ਬੱਚੇ ਹਾਂ—ਅੰਦਰੂਨੀ ਗਵਾਹੀ, ਜ਼ਮੀਰ ਵਿੱਚ ਜਾਣਨਾ, ਅੰਦਰੂਨੀ ਭਰੋਸੇ—ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ ਆਉਂਦਾ ਹੈ।** ਇਸ ਲਈ, ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਪਵਿੱਤਰ ਆਤਮਾ ਅੰਦਰੂਨੀ ਗਵਾਹੀ ਨੂੰ ਨਾ ਸਿਰਫ਼ ਪੁੱਤਰਾਂ ਅਤੇ ਧੀਆਂ ਦੇ ਰੂਪ ਵਿੱਚ ਸਾਡੇ ਲਾਲਚ ਨੂੰ ਮਜ਼ਬੂਤ ਕਰਨ ਲਈ ਆਪਣੇ ਪ੍ਰਮੁੱਖ ਸਾਧਨ ਵਜੋਂ ਵਰਤਦਾ ਹੈ, ਸਗੋਂ ਸਾਡੀ ਅਗਵਾਈ ਕਰਨ ਅਤੇ ਮਾਰਗ ਦਰਸ਼ਨ ਕਰਨ ਲਈ ਵੀ ਕਰਦਾ ਹੈ ਕਿਉਂਕਿ ਅਸੀਂ ਹੁਣ ਉਸ ਦੇ ਪੁੱਤਰ ਅਤੇ ਧੀਆਂ ਹਾਂ।

ਅੰਦਰੂਨੀ ਗਵਾਹੀ ਉਨ੍ਹਾਂ ਇਕਜੁੱਟਤਾ, ਗਿਆਨ, ਭਰੋਸੇ, ਵਿਚਾਰਾਂ, ਭਾਵਨਾਵਾਂ ਅਤੇ ਸੰਵੇਦਨਾਵਾਂ ਦੁਆਰਾ ਆਉਂਦੀ ਹੈ, ਜੋ ਪਵਿੱਤਰ ਆਤਮਾ ਸਾਡੀ ਰੂਹ ਵਿੱਚ ਦਿੰਦੀ ਹੈ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਹ ਇੱਕ ਪਵਿੱਤਰ ਆਤਮਾ ਵੱਲੋਂ ਇੱਕ ਹਲਕਾ ਜਿਹਾ ਛੂਹ ਲੈਣਾ, ਇੱਕ ਹਲਕੀ ਜਿਹੀ ਥਪਥਪਾਹਟ, ਇੱਕ ਹਲਕਾ ਜਿਹਾ ਸਿਰ ਹਿਲਾਉਣਾ ਜਾਂ ਹੌਲੀ ਜਿਹੇ ਸਿਰ ਹਿਲਾ ਕੇ ਸਹਿਮਤੀ ਦੇਣਾ ਹੋ ਸਕਦਾ ਹੈ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਇਹ ਉਹੀ ਨਹੀਂ ਹੈ ਜੋ ਅਸੀਂ ਆਪਣੀਆਂ ਭਾਵਨਾਵਾਂ ਵਿੱਚ ਮਹਿਸੂਸ ਕਰਦੇ ਹਾਂ। ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਨੂੰ ਸਾਡੇ ਆਪਣੇ ਵਿਚਾਰਾਂ, ਇੱਛਾਵਾਂ ਜਾਂ ਭਾਵਨਾਵਾਂ ਨਾਲ ਨਾ ਉਲਝਾਈਏ ਜੋ ਸਾਡੇ ਪ੍ਰਾਣ ਵਿੱਚ ਹਨ।

**1 ਕੁਰਿੰਥੀਆਂ 6:17**
**ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ।**

ਸਾਡੇ ਨਵੇਂ ਜਨਮ ਤੋਂ ਬਾਅਦ, ਆਤਮਿਕ ਤੌਰ 'ਤੇ ਸਾਡੇ ਨਾਲ ਜੋ ਗੱਲਾਂ ਹੋਈਆਂ ਹਨ ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਅਸੀਂ ਪ੍ਰਭੂ ਦੇ ਨਾਲ ਇੱਕ ਆਤਮਾ ਹਾਂ ਜਾਂ ਆਤਮਿਕ ਤੌਰ ਤੇ ਉਸ ਨਾਲ ਇਕਜੁੱਟ ਹਾਂ। ਸਾਡੀ ਆਤਮਾ ਉਸ ਨਾਲ ਭਾਈਵਾਲ ਬਣ ਗਈ ਹੈ ਅਤੇ ਆਤਮਾ ਜੋ ਉਸ ਦੇ ਨਾਲ ਹੈ ਇੱਕ ਹੋ ਗਈ ਹੈ। ਇਸ ਲਈ, ਇਹ ਉਹ ਥਾਂ ਹੈ ਜਿੱਥੇ ਉਹ ਸਾਡੇ ਨਾਲ ਸੰਪਰਕ ਕਰਦਾ ਹੈ ਅਤੇ ਅਸੀਂ ਉਸ ਨਾਲ ਸੰਪਰਕ ਕਰਦੇ ਹਾਂ। ਇਹ ਉਹ ਥਾਂ ਹੈ ਜਿੱਥੇ ਉਹ ਸਾਡੇ ਨਾਲ ਗੱਲ ਕਰਦਾ ਹੈ। ਇਹ ਸਾਡੇ ਨਾਲ ਗੱਲ ਕਰਨ ਦਾ ਇੱਕ ਤਰੀਕਾ ਹੈ, ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ।

ਅਸੀਂ ਬਹੁਤ ਸਾਰੇ ਤਰੀਕਿਆਂ ਦੀ ਸੂਚੀ ਦਿੰਦੇ ਹਾਂ, ਜਿਨ੍ਹਾਂ ਵਿੱਚ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਸਾਡੀ ਆਤਮਾ ਨੂੰ ਬੇਨਤੀ ਕਰ ਸਕਦੀ ਹੈ। ਇਹ ਸੂਚੀ ਸੰਪੂਰਨ ਨਹੀਂ ਹੈ, ਪਰ ਇਹ ਸਾਨੂੰ ਕੁਝ ਗੱਲਾਂ ਦੱਸਦੀ ਹੈ, ਜਿਨ੍ਹਾਂ ਵਿੱਚ ਅਸੀਂ ਆਤਮਾ ਦੀ ਅੰਦਰੂਨੀ ਗਵਾਹੀ ਪ੍ਰਾਪਤ ਕਰਦੇ ਹਾਂ।

1) ਵਚਨ ਦੁਆਰਾ ਉਭਾਰਿਆ ਜਾਣਾ
2) ਦਿਲ ਵਿੱਚ ਭਰੋਸਾ
3) ਦਿਲ ਵਿੱਚ ਇੱਛਾ
4) ਅੰਦਰੂਨੀ ਮਨ ਵਿੱਚ ਜਾਣਨਾ
5) ਅੰਦਰੂਨੀ ਮਨ ਵਿੱਚ ਪ੍ਰੇਰਣਾ
6) ਅੰਦਰੂਨੀ ਉਥਲ-ਪੁਥਲ
7) ਅੰਦਰੂਨੀ ਮਨ ਵਿੱਚ ਪੂਰਵ-ਗਿਆਨ
8) ਅੰਦਰੂਨੀ ਮਨ ਵਿੱਚ ਚੇਤਾਵਨੀ

ਅਸੀਂ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਨੂੰ ਸਮਝਣ ਅਤੇ ਪਹਿਚਾਣਨ ਵਿੱਚ ਸਾਡੀ ਮਦਦ ਕਰਨ ਲਈ ਇਨ੍ਹਾਂ ਗੱਲਾਂ ਨੂੰ ਵੰਡਿਆ ਹੈ। ਅਕਸਰ ਅਸੀਂ ਆਪਣੀ ਵਿਰਾਸਤ ਵਿੱਚ ਬੇਟੇ-ਬੇਟੀ ਦੇ ਰੂਪ ਵਿੱਚ ਚੱਲ ਨਹੀਂ ਪਾਉਂਦੇ, ਕਿਉਂਕਿ ਇਸ ਦੇ ਪ੍ਰਕਾਸ਼ਨ ਬਾਰੇ ਸਾਨੂੰ ਕਿਸੇ ਨੇ ਦੱਸਿਆ ਹੀ ਨਹੀਂ

ਸੀ। ਅਸੀਂ ਆਪਣੇ ਕੋਲ ਜੋ ਹੈ, ਉਸ ਤੋਂ ਬਹੁਤ ਘੱਟ ਜੀਵਨ ਜੀਉਂਦੇ ਹਾਂ ਅਤੇ ਸਾਨੂੰ ਇਹ ਵੀ ਨਹੀਂ ਪਤਾ ਕਿ ਅਸੀਂ ਬਹੁਤ ਕੁਝ ਗੁਆ ਰਹੇ ਹਾਂ। “ਆਮ ਮਸੀਹੀ ਜੀਵਨ” ਬਾਰੇ ਸਾਡੀ ਸਮਝ ਇੰਨੀ ਸੀਮਿਤ ਹੁੰਦੀ ਹੈ ਕਿਉਂਕਿ ਸਾਨੂੰ ਇਸ ਬਾਰੇ ਪਰਕਾਸ਼ ਨਹੀਂ ਮਿਲਿਆ ਹੈ ਕਿ ਸਾਡਾ ਕੀ ਹੈ। ਇਸ ਲਈ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਨ੍ਹਾਂ ਗੱਲਾਂ ਨੂੰ ਵਿਵਹਾਰਿਕ ਅਤੇ ਸਮਝਣਯੋਗ ਤਰੀਕੇ ਨਾਲ ਵੰਡਣ ਨਾਲ, ਪਰਮੇਸ਼ੁਰ ਦੇ ਬਹੁਤ ਸਾਰੇ ਪੁੱਤਰਾਂ ਅਤੇ ਧੀਆਂ ਲਈ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਹੇਠ ਚੱਲਣਾ ਸੌਖਾ ਹੋ ਜਾਵੇਗਾ।

ਹਾਲਾਂਕਿ ਅਸੀਂ ਅੱਠ ਤਰੀਕਿਆਂ ਦੀ ਰੂਪ-ਰੇਖਾ ਦਿੱਤੀ ਹੈ, ਜਿਨ੍ਹਾਂ ਵਿੱਚ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਸਾਡੇ ਤੱਕ ਪਹੁੰਚਦੀ ਹੈ, ਫਿਰ ਵੀ ਅਕਸਰ ਇਹ ਸਾਰੀਆਂ ਗੱਲਾਂ ਹੁੰਦੀਆਂ ਹਨ, ਜੋ ਇਕੱਠੀਆਂ ਕੰਮ ਕਰਦੀਆਂ ਹਨ। ਇਸ ਲਈ, ਪਵਿੱਤਰ ਆਤਮਾ ਇੱਕੋ ਸਮੇਂ ਇਨ੍ਹਾਂ ਅੱਠ ਮਾਧਿਅਮਾਂ ਵਿੱਚੋਂ ਇੱਕ ਤੋਂ ਵੱਧ ਵਿੱਚ ਸਾਡੀ ਆਤਮਾ ਦੀ ਗਵਾਹੀ ਦਿੰਦਾ ਹੈ। ਇਸ ਤੋਂ ਇਲਾਵਾ, ਇਹ ਯਾਦ ਰੱਖੋ ਕਿ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਆਤਮਾ ਦੀ ਅਵਾਜ਼ ਦੇ ਨਾਲ ਆ ਸਕਦੀ ਹੈ, ਜਿਸ ਬਾਰੇ ਅਸੀਂ ਅਗਲੇ ਅਧਿਆਇ ਵਿੱਚ ਵਿਚਾਰ ਕਰਾਂਗੇ। ਇਸ ਲਈ, ਪਰਮੇਸ਼ੁਰ ਸਾਡੇ ਨਾਲ ਬਹੁਤ ਸਾਰੇ ਤਰੀਕਿਆਂ ਨਾਲ ਗੱਲ ਕਰਦਾ ਹੈ ਅਤੇ ਸਾਨੂੰ ਇਨ੍ਹਾਂ ਨੂੰ ਮਾਰਗ ਦਰਸ਼ਨ ਕਰਨਾ ਪਏਗਾ ਅਤੇ ਨਿਰਦੇਸ਼ਨ ਪ੍ਰਾਪਤ ਕਰਨਾ ਪਏਗਾ, ਇਨ੍ਹਾਂ ਸਾਰੀਆਂ ਗੱਲਾਂ ਨੂੰ ਪਹਿਚਾਣਨਾ ਪਏਗਾ ਅਤੇ ਸਾਡੇ ਜੀਵਨ ਲਈ ਉਸ ਦੀ ਅਗਵਾਈ ਅਤੇ ਦਿਸ਼ਾ ਪ੍ਰਾਪਤ ਕਰਦੇ ਹੋਏ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਕੱਠਾ ਕਰਨਾ ਪਏਗਾ।

ਪਵਿੱਤਰ ਬਾਈਬਲ ਦੇ ਵਚਨਾਂ ਤੋਂ ਮੁੜ ਜੀਉਂਦਾ ਕਰਨ ਤੋਂ ਇਲਾਵਾ, ਬਾਕੀ ਸੱਤ ਅੰਦਰੂਨੀ ਗਵਾਹਾਂ ਲਈ, ਸਾਡੇ ਕੋਲ ਇਸ ਗੱਲ ਦੀ ਪੁਸ਼ਟੀ ਕਰਨ ਲਈ ਸਹੀ ਨਿਯੰਤਰਣ ਪ੍ਰਣਾਲੀ ਹੋਣੀ ਚਾਹੀਦੀ ਹੈ ਕਿ ਅਸੀਂ ਆਪਣੀ ਆਤਮਾ ਵਿੱਚ ਕੀ ਮਹਿਸੂਸ ਕਰ ਰਹੇ ਹਾਂ। ਇਸ ਅਧਿਆਇ ਦੇ ਅੰਤ ਵਿੱਚ, ਅਸੀਂ ਇਸ ਬਾਰੇ ਵਿਚਾਰ ਕਰਾਂਗੇ।

### *1) ਵਚਨ ਦੁਆਰਾ ਉਭਾਰਿਆ ਜਾਣਾ*

ਅਸੀਂ ਪਿੱਛਲੇ ਅਧਿਆਇ ਵਿੱਚ ਇਸ ਬਾਰੇ ਚਰਚਾ ਕੀਤੀ ਹੈ। ਪਵਿੱਤਰ ਆਤਮਾ ਹੌਲੀ-ਹੌਲੀ ਤੁਹਾਨੂੰ ਉਸ ਫੈਸਲੇ ਦੇ ਸੰਬੰਧ ਵਿੱਚ ਪਵਿੱਤਰ ਬਾਈਬਲ ਦੀ ਇੱਕ ਖਾਸ ਆਇਤ ਦੀ ਯਾਦ ਦਿਵਾ ਸਕਦੀ ਹੈ, ਜੋ ਤੁਸੀਂ ਕਰਨ ਦੀ ਕੋਸ਼ਿਸ਼ ਕਰ ਰਹੇ

ਹੋ। ਪਰਮੇਸ਼ੁਰ ਦਾ ਆਤਮਾ ਤੁਹਾਡੀ ਆਤਮਾ ਵਿੱਚ ਵਚਨ ਨੂੰ ਪ੍ਰਗਟ ਕਰਦਾ ਹੈ। ਇਹ ਯਾਦ ਕਰਾਉਣਾ ਆਮ ਤੌਰ 'ਤੇ ਇੰਨਾ ਹੌਲੀ ਹੁੰਦਾ ਹੈ ਕਿ ਜੇ ਅਸੀਂ ਆਪਣੀ ਆਤਮਾ ਵਿੱਚ ਸੰਵੇਦਨਸ਼ੀਲ ਨਹੀਂ ਹਾਂ, ਤਾਂ ਅਸੀਂ ਇਸ ਨੂੰ ਗੁਆ ਸਕਦੇ ਹਾਂ।

## *2) ਦਿਲ ਵਿੱਚ ਭਰੋਸਾ*

**ਫ਼ਿਲਿੱਪੀਆਂ 4:6,7**

**6 ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ।**

**7 ਅਤੇ ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰ੍ਹੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।**

**ਕੁਲੁੱਸੀਆਂ 3:15**

**ਅਤੇ ਮਸੀਹ ਦੀ ਸ਼ਾਂਤੀ ਜਿਹ ਦੇ ਲਈ ਤੁਸੀਂ ਇੱਕੋ ਦੇਹ ਹੋ ਕੇ ਸੱਦੇ ਵੀ ਗਏ ਤੁਹਾਡਿਆਂ ਮਨਾਂ ਵਿੱਚ ਰਾਜ ਕਰੇ ਅਤੇ ਤੁਸੀਂ ਧੰਨਵਾਦ ਕਰਿਆ ਕਰੋ।**

ਇਹ ਦੋਵੇਂ ਆਇਤਾਂ ਸਾਨੂੰ ਸਿਖਾਉਂਦੀਆਂ ਹਨ ਕਿ ਵਿਸ਼ਵਾਸੀਆਂ ਨੂੰ ਆਪਣੇ ਦਿਲਾਂ ਅਤੇ ਦਿਮਾਗ਼ਾਂ ਵਿੱਚ ਪਰਮੇਸ਼ੁਰ ਦੀ ਸ਼ਾਂਤੀ ਨਾਲ ਚੱਲਣਾ ਚਾਹੀਦਾ ਹੈ। ਜਦੋਂ ਅਸੀਂ ਆਪਣੀਆਂ ਚਿੰਤਾਵਾਂ ਨੂੰ ਪਰਮੇਸ਼ੁਰ ਦੇ ਸਾਹਮਣੇ ਰੱਖਦੇ ਹਾਂ ਜਿਵੇਂ ਕਿ ਫਿਲਿੱਪੀਆਂ 4:6 ਵਿੱਚ, ਅਸੀਂ ਪਰਮੇਸ਼ੁਰ ਦੀ ਸ਼ਾਂਤੀ ਦਾ ਤਜ਼ਰਬਾ ਕਰ ਸਕਦੇ ਹਾਂ, ਜੋ ਸਾਨੂੰ ਇੰਨਾ ਭਰ ਦਿੰਦਾ ਹੈ ਕਿ ਉਹ ਸੱਚਮੁੱਚ "ਚੌਂਕੀਦਾਰ" ਵਜੋਂ ਕੰਮ ਕਰਦਾ ਹੈ। ਪਹਿਰੇਦਾਰ ਦੇ ਲਈ ਯੂਨਾਨੀ ਸ਼ਬਦ *('ਫ਼ੂਰੋ')* ਜਿਸ ਦਾ ਅਰਥ ਹੈ ਪਹਿਲਾਂ ਤੋਂ ਰਾਖੀ ਕਰਨਾ, ਭਾਵ, ਇੱਕ ਸੰਤਰੀ ਦੇ ਤੌਰ ਤੇ ਪਹਿਰਾ ਦੇਣਾ, ਸਾਡੇ ਮਨਾਂ ਅਤੇ ਦਿਲਾਂ ਨੂੰ ਘੇਰਨਾ ਅਤੇ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ। ਪਰਮੇਸ਼ੁਰ ਦੀ ਸ਼ਾਂਤੀ ਸਾਡੇ ਦਿਲਾਂ ਦੀ ਰਾਖੀ ਕਰਦੀ ਹੈ ਅਤੇ ਸਾਰੇ ਹੰਗਾਮੇ ਨੂੰ ਦੂਰ ਰੱਖਦੀ ਹੈ!

ਪਰਮੇਸ਼ੁਰ ਦੀ ਇਹ ਸ਼ਾਂਤੀ ਸਾਡੇ ਦਿਲਾਂ ਵਿੱਚ ਇੱਕ ਹੋਰ ਅਹਿਮ ਭੂਮਿਕਾ ਨਿਭਾਉਂਦੀ ਹੈ। ਕੁਲੁੱਸੀਆਂ 3:15 ਦੇ ਅਨੁਸਾਰ, ਉਹ ਸਾਡੇ ਦਿਲਾਂ ਵਿੱਚ "ਰਾਜ ਕਰਦੀ" ਹੈ। ਯੂਨਾਨੀ ਭਾਸ਼ਾ ਵਿੱਚ "ਰਾਜ ਕਰਨਾ" *('ਬ੍ਰੇਬੂਓ')* "ਦਾ ਅਰਥ ਹੈ ਵਿਚੋਲਗੀ ਕਰਨਾ, ਫੈਸਲਾ ਕਰਨਾ, ਨਿਰਧਾਰਿਤ ਕਰਨਾ, ਨਿਰਦੇਸ਼ ਦੇਣਾ, ਨਿਯੰਤਰਣ ਕਰਨਾ, ਵਿਚੋਲਗੀ ਕਰਨਾ ਅਤੇ ਰਾਜ ਕਰਨਾ।" ਇਸ ਲਈ ਪਰਮੇਸ਼ੁਰ ਦੀ ਸ਼ਾਂਤੀ ਸਾਡੇ ਦਿਲਾਂ ਵਿੱਚ ਇੱਕ ਨਿਰਦੇਸ਼ ਦੇਣ ਵਾਲੇ, ਨਿਰਧਾਰਿਤ

ਕਰਨ ਵਾਲੇ ਅਤੇ ਫ਼ੈਸਲਾ ਕਰਨ ਵਾਲੇ ਤੱਤ ਵਜੋਂ ਕੰਮ ਕਰਦੀ ਹੈ।

ਇਸ ਲਈ ਜਦੋਂ ਤੁਸੀਂ ਕੋਈ ਫੈਸਲਾ ਲੈਣ ਬਾਰੇ ਵਿਚਾਰ ਕਰਦੇ ਹੋ, ਕਿਸੇ ਕਾਰਵਾਈ ਦੇ ਰਾਹ ਤੇ ਫੈਸਲਾ ਲੈ ਰਹੇ ਹੁੰਦੇ ਹੋ ਜਾਂ ਕਿਸੇ ਸਥਿਤੀ ਤੇ ਵਿਚਕਾਰ ਹੁੰਦੇ ਹੋ ਤਾਂ ਤੁਹਾਡੇ ਦਿਲ ਵਿੱਚ ਪਵਿੱਤਰ ਆਤਮਾ ਤੋਂ ਸ਼ਾਂਤੀ ਦੀ ਮੌਜੂਦਗੀ ਜਾਂ ਗ਼ੈਰ-ਹਾਜ਼ਰੀ, ਫੈਸਲਾ ਲੈਣ ਵਾਲੇ ਕਾਰਜ ਵਜੋਂ ਕੰਮ ਕਰਦੀ ਹੈ। ਅਸੀਂ ਇਸ ਨੂੰ ਅੰਦਰੋਂ ਭਰੋਸਾ ਕਹਿੰਦੇ ਹਾਂ, ਜੋ ਸਾਨੂੰ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ ਦਿੱਤਾ ਗਿਆ ਹੈ।

ਜੇ ਅਸੀਂ ਆਤਮਾ ਵਿੱਚ ਜੀਵਨ ਬਿਤਾਉਂਦੇ ਹਾਂ, ਤਾਂ ਅਸੀਂ ਆਤਮਾ ਵਿੱਚ ਚੱਲਾਂਗੇ ਅਤੇ ਆਤਮਾ ਦੁਆਰਾ ਅਗਵਾਈ ਪ੍ਰਾਪਤ ਕਰਾਂਗੇ (ਗਲਾਤੀਆਂ 5:16,18,25)। ਜਦੋਂ ਅਸੀਂ ਆਤਮਾ ਵਿੱਚ ਚੱਲਦੇ ਹਾਂ, ਉਸ ਵਿੱਚ ਪਨਾਹ ਲੈਂਦੇ ਹਾਂ, ਉਸ ਦੇ ਪ੍ਰਭਾਵ ਹੇਠ, ਉਸ ਦੀ ਅਗਵਾਈ ਹੇਠ ਅਤੇ ਆਤਮਾ ਦੁਆਰਾ ਅਗਵਾਈ ਪ੍ਰਾਪਤ ਕਰਦੇ ਹਾਂ, ਅਸੀਂ ਆਤਮਾ ਦਾ ਫਲ ਪ੍ਰਾਪਤ ਕਰਾਂਗੇ ਜਿਸ ਵਿੱਚ ਅਨੰਦ ਅਤੇ ਸ਼ਾਂਤੀ ਸ਼ਾਮਿਲ ਹੈ (ਗਲਾਤੀਆਂ 5:22,23)।

ਇਸ ਲਈ ਜਦੋਂ ਤੁਸੀਂ ਕੋਈ ਫੈਸਲਾ ਲੈਂਦੇ ਹੋ, ਤਾਂ ਵੇਖੋ ਕਿ ਕੀ ਤੁਹਾਡੇ ਕੋਲ ਕੋਈ ਅੰਦਰੂਨੀ ਗਵਾਹੀ ਹੈ ਜੋ ਤੁਹਾਨੂੰ ਪਵਿੱਤਰ ਆਤਮਾ ਤੋਂ ਆਉਣ ਵਾਲੀ ਸ਼ਾਂਤੀ ਅਤੇ ਅਨੰਦ ਦੁਆਰਾ ਭਰੋਸਾ ਦਿੰਦੀ ਹੈ। ਜੇ ਤੁਹਾਡੇ ਮਨ ਵਿੱਚ ਸ਼ਾਂਤੀ ਅਤੇ ਅਨੰਦ ਹੈ, ਤਾਂ ਉਹ ਕਰੋ ਜੋ ਤੁਸੀਂ ਕਰਨ ਦਾ ਸੰਕਲਪ ਲਿਆ ਹੈ। ਜੇ ਤੁਹਾਨੂੰ ਸ਼ਾਂਤੀ ਅਤੇ ਖੁਸ਼ੀ ਨਹੀਂ ਮਿਲਦੀ, ਪਰ ਤੁਸੀਂ ਵੱਖਰੇ, ਦੁਖੀ, ਪਰੇਸ਼ਾਨ ਮਹਿਸੂਸ ਕਰਦੇ ਹੋ, ਤਾਂ ਰੁਕੋ, ਅਜੇ ਅੱਗੇ ਨਾ ਵਧੋ। ਇੰਤਜ਼ਾਰ ਕਰੋ। ਤੁਹਾਨੂੰ ਉਸ ਫੈਸਲੇ ਵਿੱਚ ਅੱਗੇ ਵੱਧਣ ਦੀ ਜ਼ਰੂਰਤ ਨਹੀਂ ਹੈ ਜਾਂ ਤੁਹਾਨੂੰ ਬਿਹਤਰ ਸਮੇਂ ਦਾ ਇੰਤਜ਼ਾਰ ਕਰਨਾ ਪੈ ਸਕਦਾ ਹੈ।

## *3) ਦਿਲ ਦੀ ਇੱਛਾ*

**ਜ਼ਬੂਰਾਂ ਦੀ ਪੋਥੀ 37:4**

**ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਿਆਂ ਕਰੇਗਾ।**

"ਪੂਰਿਆ ਕਰੇਗਾ" ਲਈ ਦਿੱਤੇ ਗਏ ਸ਼ਬਦ ਦਾ ਬਹੁਤ ਵਿਆਪਕ ਅਰਥ ਹੈ "ਅਤੇ ਇਸ ਵਿੱਚ ਰੱਖਣਾ, ਬਣਾਉਣਾ, ਪ੍ਰੇਰਿਤ ਕਰਨਾ, ਬਹਾਲ ਕਰਨਾ ਸ਼ਾਮਿਲ ਹੈ।" ਇਸ ਲਈ, ਜਦੋਂ ਅਸੀਂ ਪਰਮੇਸ਼ੁਰ ਵਿੱਚ ਅਨੰਦ ਲੈਂਦੇ ਹਾਂ ਜਾਂ ਉਸ ਨੂੰ ਸਾਡੀ

ਖੁਸ਼ੀ ਦਾ ਸਰੋਤ ਜਾਣਦੇ ਹਾਂ, ਤਾਂ ਉਹ ਸਾਡੇ ਦਿਲਾਂ ਦੇ ਮਨੋਰਥਾਂ ਅਰਥਾਤ ਇੱਛਾਵਾਂ ਨੂੰ ਬਣਾਉਂਦਾ ਹੈ ਜਾਂ ਚਾਹੁੰਦਾ ਹੈ ਜਾਂ ਦਿਲ ਵਿੱਚ ਇੱਛਾ ਪਾਉਂਦਾ ਹੈ। ਜਦੋਂ ਅਸੀਂ ਪਰਮੇਸ਼ੁਰ ਦੀ ਆਗਿਆਕਾਰੀ ਵਿੱਚ ਚੱਲਦੇ ਹਾਂ, ਤਾਂ ਉਹ ਸਾਡੇ ਅੰਦਰ ਪੈਦਾ ਹੋਣ ਵਾਲੀਆਂ ਇੱਛਾਵਾਂ ਨੂੰ ਪ੍ਰੇਰਿਤ ਕਰਦਾ ਹੈ ਅਤੇ ਆਕਾਰ ਦਿੰਦਾ ਹੈ। ਫਿਰ ਉਹ ਉਨ੍ਹਾਂ ਨੂੰ ਪੂਰਾ ਕਰਦਾ ਹੈ ਅਤੇ ਇਨ੍ਹਾਂ ਇੱਛਾਵਾਂ ਦੀ ਪੂਰਤੀ ਸਾਡੇ ਜੀਵਨ ਵਿੱਚ ਵੀ ਵਾਪਿਸ ਕਰਦਾ ਹੈ।

**ਕਹਾਉਤਾਂ 10:24**
**ਦੁਸ਼ਟ ਦਾ ਭੈ ਓਹ ਉਸ ਉੱਤੇ ਆਣ ਪਵੇਗਾ, ਪਰ ਧਰਮੀ ਦੀ ਇੱਛਿਆ ਪੂਰੀ ਕੀਤੀ ਜਾਵੇਗੀ।**

**ਯੂਹੰਨਾ 15:7**
**ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।**

ਦੋਵੇਂ ਵਚਨ ਇੱਕ "ਖਾਲੀ ਚੈੱਕ" ਦੇ ਸਮਾਨ ਜਾਪਦੇ ਹਨ, ਜਦੋਂ ਉਹ ਕਹਿੰਦਾ ਹੈ ਕਿ ਅਸੀਂ ਉਸ ਅਨੁਸਾਰ ਪ੍ਰਾਪਤ ਕਰਾਂਗੇ, ਜੋ ਅਸੀਂ ਚਾਹੁੰਦੇ ਹਾਂ। ਪਰ ਸਾਨੂੰ "ਧਰਮੀ" ਮਨੁੱਖ ਦੇ ਲੱਛਣਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਜਾਂ ਸਾਨੂੰ ਉਸ ਵਿੱਚ ਅਤੇ ਉਸ ਦੇ ਵਚਨ ਵਿੱਚ ਵੱਸਦੇ ਵੇਖਣਾ ਚਾਹੀਦਾ ਹੈ। ਜਿਵੇਂ ਕਿ ਅਸੀਂ ਇਸ ਤਰੀਕੇ ਨਾਲ ਚੱਲਦੇ ਹਾਂ, ਪਵਿੱਤਰ ਆਤਮਾ, ਅੰਦਰੂਨੀ ਗਵਾਹੀ ਦੁਆਰਾ, ਸਾਡੇ ਦਿਲਾਂ ਵਿੱਚ ਸਹੀ ਇੱਛਾਵਾਂ ਪੈਦਾ ਕਰਦਾ ਹੈ। ਸਾਨੂੰ ਇਨ੍ਹਾਂ ਧਰਮੀ ਇੱਛਾਵਾਂ ਨੂੰ ਪਛਾਣਨਾ ਚਾਹੀਦਾ ਹੈ, ਜੋ ਪਵਿੱਤਰ ਆਤਮਾ ਦੁਆਰਾ ਸਾਡੇ ਦਿਲਾਂ ਵਿੱਚ ਪੈਦਾ ਹੋਈਆਂ ਹਨ ਅਤੇ ਫਿਰ ਉਨ੍ਹਾਂ ਦੇ ਪੂਰਾ ਹੋਣ ਲਈ ਪਰਮੇਸ਼ੁਰ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ।

## *ਅਕਤੂਬਰ 1981: ਸਭ ਤੋਂ ਪਹਿਲਾਂ ਦੀ ਇੱਛਾ*

ਅਕਤੂਬਰ 1981 ਵਿੱਚ, ਮੇਰੇ ਤੇਰ੍ਹਵੇਂ ਜਨਮ ਦਿਨ ਤੋਂ ਸਿਰਫ਼ ਇੱਕ ਮਹੀਨਾ ਪਹਿਲਾਂ, ਪਰਮੇਸ਼ੁਰ ਨੇ ਮੇਰੀ ਜ਼ਿੰਦਗੀ ਨੂੰ ਬਹੁਤ ਹੀ ਸਰਲ ਤਰੀਕੇ ਨਾਲ ਛੂਹਿਆ। ਸਭ ਤੋਂ ਪਹਿਲਾਂ ਦੀਆਂ ਇੱਛਾਵਾਂ ਵਿੱਚੋਂ ਇੱਕ ਜੋ ਮੈਂ ਮਹਿਸੂਸ ਕੀਤਾ, ਉਹ ਖੁਸ਼ਖ਼ਬਰੀ ਨੂੰ ਸਾਂਝਾ ਕਰਨਾ ਸੀ। ਕਿਸੇ ਨੇ ਵੀ ਮੈਨੂੰ ਜਾ ਕੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਲਈ ਨਹੀਂ ਕਿਹਾ। ਇਹ ਇੱਛਾ ਮੇਰੇ ਅੰਦਰ ਪੈਦਾ ਹੋਈ। ਮੈਂ ਇਸ ਇੱਛਾ ਦਾ ਪਿੱਛਾ ਕੀਤਾ ਅਤੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਅਤੇ ਮੈਂ ਆਪਣੇ ਬਹੁਤ ਸਾਰੇ ਨੌਜਵਾਨ ਦੋਸਤਾਂ ਨੂੰ ਪ੍ਰਭੂ ਦੇ ਨੇੜੇ ਲਿਆਇਆ। ਜਲਦੀ

ਹੀ ਮੈਨੂੰ ਉਸ ਦੇ ਵਚਨ ਨੂੰ ਸਿਖਾਉਣ ਦੀ ਇੱਛਾ ਹੋਈ ਅਤੇ ਮੈਂ ਉਸ ਇੱਛਾ ਦੀ ਪਾਲਣਾ ਕੀਤੀ ਅਤੇ ਅਜਿਹਾ ਕਰਨਾ ਸ਼ੁਰੂ ਕਰ ਦਿੱਤਾ। ਮੈਂ ਤੇਰਾਂ ਸਾਲ ਦੀ ਉਮਰ ਵਿੱਚ ਪ੍ਰਚਾਰ ਕਰਨਾ ਅਤੇ ਵਚਨ ਸਿਖਾਉਣਾ ਸ਼ੁਰੂ ਕਰ ਦਿੱਤਾ। ਉਸ ਸਮੇਂ, ਮੈਨੂੰ ਮੇਰੇ ਜੀਵਨ ਵਿੱਚ ਇੱਕ ਪਾਦਰੀ ਜਾਂ ਪ੍ਰਚਾਰਕ ਜਾਂ ਅਧਿਆਪਕ ਬਣਨ ਲਈ ਪਰਮੇਸ਼ੁਰ ਦੀ ਬੁਲਾਹਟ ਬਾਰੇ ਕੋਈ ਜਾਣਕਾਰੀ ਨਹੀਂ ਸੀ। ਮੈਂ ਸਿਰਫ਼ ਆਪਣੇ ਦਿਲ ਵਿੱਚ ਪੈਦਾ ਹੋਈਆਂ ਇੱਛਾਵਾਂ ਦੀ ਪਾਲਣਾ ਕਰ ਰਿਹਾ ਸੀ, ਜਿਸ ਨੇ ਆਖ਼ਿਰਕਾਰ ਮੇਰੇ ਜੀਵਨ ਦੇ ਲਈ ਪਰਮੇਸ਼ੁਰ ਦੀ ਦਿਸ਼ਾ ਅਤੇ ਉਦੇਸ਼ ਲੱਭਣ ਵਿੱਚ ਮੇਰੀ ਸਹਾਇਤਾ ਕੀਤੀ।

ਉਸ ਸਮੇਂ ਤੋਂ, ਬਹੁਤ ਸਾਰੀਆਂ ਗੱਲਾਂ ਜੋ ਮੈਂ ਅਕਸਰ ਕਰਦਾ ਹਾਂ, ਉਹ ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ ਮੇਰੇ ਮਨ ਵਿੱਚ ਪੈਦਾ ਹੋਈ ਇੱਛਾ ਤੋਂ ਆਉਂਦੀਆਂ ਹਨ, ਜਦੋਂ ਮੈਂ ਉਸ ਨੂੰ ਜਾਣਦਾ ਹਾਂ ਕਿ ਉਹ ਮੇਰੀ ਖੁਸ਼ੀ ਦਾ ਸਰੋਤ ਹੈ।

### *1985-1986: ਇੱਕ ਪੇਸ਼ੇਵਰ ਵਜੋਂ ਪਰਮੇਸ਼ੁਰ ਦੀ ਸੇਵਾ ਕਰਨ ਦੀ ਇੱਛਾ*

ਜਦੋਂ ਮੈਂ ਬਿਸ਼ਪ ਕਾਟਨ ਬੁਆਏਜ਼ ਹਾਈ ਸਕੂਲ ਬੰਗਲੌਰ (1984) ਤੋਂ ਆਪਣੀ ਦਸਵੀਂ ਜਮਾਤ ਦੀ ਪੜ੍ਹਾਈ ਪੂਰੀ ਕੀਤੀ, ਤਾਂ ਮੈਂ ਪ੍ਰਭੂ ਦੇ ਲਈ ਜੋਸ਼ ਅਤੇ ਜਨੂੰਨ ਨਾਲ ਭੜਕ ਗਿਆ। ਮੈਂ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਅਤੇ ਪ੍ਰਭੂ ਦੀ ਸੇਵਾ ਕਰਨ ਤੋਂ ਇਲਾਵਾ ਕੁਝ ਨਹੀਂ ਕਰਨਾ ਚਾਹੁੰਦਾ ਸੀ। ਮੈਂ ਪੜ੍ਹਾਈ ਕਰਨ ਵਿੱਚ (ਸਿੱਖਿਆ) ਵਿੱਚ ਕੋਈ ਵੱਡਾ ਮਕਸਦ ਨਹੀਂ ਦਿਖਿਆ ਅਤੇ ਮੈਂ ਮਹਿਸੂਸ ਕੀਤਾ ਕਿ ਪ੍ਰਭੂ ਯਿਸੂ ਜਲਦੀ ਆ ਰਿਹਾ ਹੈ ਅਤੇ ਮੈਂ ਸਿੱਖਿਆ ਲੈਣ ਵਿੱਚ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਮੈਨੂੰ ਬਾਹਰ ਜਾਣਾ ਚਾਹੀਦਾ ਹੈ ਅਤੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਚੇਲੇ ਬਣਾਉਣੇ ਚਾਹੀਦੇ ਹਨ, ਇਸ ਲਈ ਮੈਂ ਆਪਣੀ ਸਿੱਖਿਆ ਨੂੰ ਛੱਡਣ ਦਾ ਫੈਸਲਾ ਕੀਤਾ। ਪਰ ਪਰਮੇਸ਼ੁਰ ਨੇ ਆਪਣੀ ਕਿਰਪਾ ਅਤੇ ਦਇਆ ਨਾਲ ਮੈਨੂੰ ਦੂਜੇ ਪਾਸੇ ਲੈ ਗਿਆ। (ਇਸ ਵਿਸ਼ੇ ਬਾਰੇ "ਪਰਮੇਸ਼ੁਰ ਦੀ ਸਲਾਹ" ਦੇ ਸਿਰਲੇਖ ਵਾਲੇ ਅਧਿਆਇ ਵਿੱਚ ਵਧੇਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।) ਇਸ ਲਈ ਮੈਂ ਸਕੂਲ ਵਾਪਿਸ ਗਿਆ ਅਤੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਆਪਣੀ ਪੜ੍ਹਾਈ ਜ਼ਾਰੀ ਰੱਖੀ, ਮੇਰੇ ਮਨ ਵਿੱਚ ਬਾਰ੍ਹਵੀਂ ਜਮਾਤ ਤੋਂ ਬਾਅਦ ਬਾਈਬਲ ਕਾਲਜ (ਸੈਮੀਨਰੀ) ਜਾਣ ਦੀ ਯੋਜਨਾ ਸੀ। 1985-1986 ਦੇ ਇਨ੍ਹਾਂ ਦੋ ਸਾਲਾਂ ਦੌਰਾਨ ਮੇਰਾ ਦਿਲ ਹੌਲੀ-

ਹੌਲੀ ਬਦਲਣਾ ਸ਼ੁਰੂ ਹੋ ਗਿਆ। ਇੱਕ ਪੇਸ਼ੇਵਰ ਵਜੋਂ ਪਰਮੇਸ਼ੁਰ ਦੀ ਸੇਵਾ ਕਰਨ ਦੀ ਇੱਛਾ ਮੇਰੇ ਵਿੱਚ ਵਧਣੀ ਸ਼ੁਰੂ ਹੋ ਗਈ। ਮੈਂ ਆਪਣੀ ਜ਼ਿੰਦਗੀ ਨੂੰ ਲੋਕਾਂ ਲਈ ਨਮੂਨਾ, ਗਵਾਹੀ ਬਣਾਉਣ ਦੀ ਜ਼ਰੂਰਤ ਮਹਿਸੂਸ ਕੀਤੀ, ਤਾਂ ਜੋ ਹਰ ਕੋਈ ਵਿਅਕਤੀ ਇੱਕ ਪੇਸ਼ੇਵਰ, ਪੜ੍ਹਿਆ-ਲਿਖਿਆ, ਸੰਸਾਰ ਵਿੱਚ ਸਫਲ ਹੋ ਸਕੇ ਅਤੇ ਫਿਰ ਵੀ ਪਰਮੇਸ਼ੁਰ ਪ੍ਰਤੀ ਭਾਵੁਕ ਹੋ ਸਕਦਾ ਹੈ, ਪਰਮੇਸ਼ੁਰ ਦੇ ਰਾਜ ਦੇ ਕੰਮ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਹੋ ਸਕਦਾ ਹੈ ਅਤੇ ਉਸ ਦੀ ਸੇਵਾ ਕਰ ਸਕਦਾ ਹੈ। "ਯਾਜਕ ਅਤੇ ਰਾਜਾ" ਦੋਵੇਂ ਬਣਨ ਦੀ ਇੱਛਾ ਨੇ ਮੇਰੇ ਦਿਲ ਨੂੰ ਭਰਨਾ ਸ਼ੁਰੂ ਕਰ ਦਿੱਤਾ। ਮੇਰਾ ਮੰਨਣਾ ਹੈ ਕਿ ਪਰਮੇਸ਼ੁਰ ਨੇ ਇਹ ਤਬਦੀਲੀ ਲਿਆਂਦੀ ਅਤੇ ਉਸ ਨੇ ਮੇਰੇ ਦਿਲ ਵਿੱਚ ਇਸ ਇੱਛਾ ਨੂੰ ਜਨਮ ਦਿੱਤਾ ਅਤੇ ਇਸ ਲਈ ਮੈਂ ਇਸ ਇੱਛਾ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਕਾਲਜ ਆਫ਼ ਇੰਜੀਨੀਅਰਿੰਗ (1986-1990) ਵਿੱਚ, ਇਹ ਵਧੇਰੇ ਸਪੱਸ਼ਟ ਹੋ ਗਿਆ ਅਤੇ ਮੈਨੂੰ ਇੱਕ ਤਕਨੀਕੀ ਕੰਪਨੀ ਸਥਾਪਿਤ ਕਰਨ ਦੀ ਇੱਛਾ ਸ਼ੁਰੂ ਹੋ ਗਈ, ਜੋ ਪਵਿੱਤਰ ਬਾਈਬਲ ਦੇ ਸਿਧਾਂਤਾਂ 'ਤੇ ਅਧਾਰਿਤ ਹੋਵੇਗੀ। ਮੈਨੂੰ ਨਹੀਂ ਪਤਾ ਸੀ ਕਿ ਇਹ ਕਿਵੇਂ ਜਾਂ ਕਿਹੋ ਜਿਹਾ ਦਿਖਾਈ ਦੇਵੇਗਾ, ਫਿਰ ਵੀ ਮੈਂ ਆਪਣੇ ਅੰਦਰ ਦੀ ਇੱਛਾ ਦੇ ਅਨੁਸਾਰ ਸੁਫ਼ਨੇ ਵੇਖਣਾ ਸ਼ੁਰੂ ਕਰ ਦਿੱਤਾ। ਮੈਂ ਬਾਅਦ ਦੇ ਅਧਿਆਇ "ਹਾਲਾਤ ਅਤੇ ਰੱਬੀ ਪ੍ਰਬੰਧ" ਵਿੱਚ ਦੱਸਾਂਗਾ ਕਿ ਕਿਵੇਂ ਪਰਮੇਸ਼ੁਰ ਨੇ ਅਸਲ ਵਿੱਚ ਇਸ ਇੱਛਾ ਨੂੰ ਪੂਰਾ ਕੀਤਾ ਅਤੇ ਇਸ ਨੂੰ ਆਪਣੇ ਰਾਜ ਦੇ ਉਦੇਸ਼ਾਂ ਦੇ ਲਈ ਵਰਤਿਆ।

ਇਹ ਉੱਤੇ ਦਿੱਤੀਆਂ ਦੋ ਉਦਾਹਰਣਾਂ ਹਨ ਕਿ ਪਰਮੇਸ਼ੁਰ ਦੇ ਆਤਮਾ ਦੇ ਰਾਹੀਂ ਇੱਛਾਵਾਂ ਦਿਲਾਂ ਵਿੱਚ ਪੈਦਾ ਹੋਈਆਂ ਹਨ, ਜੋ ਭਵਿੱਖ ਵਿੱਚ ਉਦੇਸ਼ ਦੀ ਪੂਰਤੀ ਕਰਨਗੀਆਂ, ਪਰ ਕਈ ਵਾਰ ਅਜਿਹਾ ਵੀ ਹੋਵੇਗਾ, ਜਦੋਂ ਪਵਿੱਤਰ ਆਤਮਾ ਆਪਣੀ ਅੰਦਰੂਨੀ ਗਵਾਹੀ ਦੁਆਰਾ ਇੱਕ ਨਿਸ਼ਚਿਤ ਸਮੇਂ ਵਿੱਚ ਇੱਕ ਉਦੇਸ਼ ਨੂੰ ਪੂਰਾ ਕਰਨਾ ਚਾਹੁੰਦਾ ਹੈ। ਇੱਥੇ ਇੱਕ ਅਜਿਹੀ ਹੀ ਉਦਾਹਰਣ ਹੈ:

### *ਦਸੰਬਰ 1992: ਪੂਰਬੀ ਯੂਰਪ ਦਾ ਮਿਸ਼ਨ*

ਜਦੋਂ ਮੈਂ ਸਤੰਬਰ / ਅਕਤੂਬਰ 1992 ਦੇ ਆਸ ਪਾਸ ਯੂ.ਐੱਸ.ਏ ਵਿੱਚ ਇੱਕ ਵਿਦਿਆਰਥੀ ਸੀ, ਮੈਂ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਲਈ ਪੂਰਬੀ ਯੂਰਪ ਵਿੱਚ ਇੱਕ ਮਿਸ਼ਨ 'ਤੇ ਜਾਣ ਦੀ ਇੱਕ ਮਜ਼ਬੂਤ ਇੱਛਾ ਮਹਿਸੂਸ ਕੀਤੀ। ਇਸ ਤੋਂ ਇਲਾਵਾ ਮੇਰੇ ਕੋਲ ਕੋਈ ਜਾਣਕਾਰੀ ਨਹੀਂ ਸੀ, ਕੋਈ ਸੰਪਰਕ ਨਹੀਂ ਸੀ ਅਤੇ ਮੈਨੂੰ ਨਹੀਂ ਪਤਾ ਸੀ ਕਿ ਇਹ ਇੱਛਾ ਕਿਵੇਂ ਪੂਰੀ ਹੋਵੇਗੀ। ਇਸ ਲਈ ਮੈਂ ਇੱਕ

ਸਥਾਨਕ ਕਲੀਸਿਆ ਦੇ ਆਗੂਆਂ ਵਿੱਚੋਂ ਇੱਕ ਨੂੰ ਆਪਣੀ ਇੱਛਾ ਜ਼ਾਹਿਰ ਕੀਤੀ। ਮੈਂ ਇਸ ਸਮੇਂ ਇਸ ਕਲੀਸਿਆ ਵਿੱਚ ਜਾਂਦਾ ਸੀ। ਉਹ ਇੱਕ ਮਿਸ਼ਨਰੀ ਜੋੜੇ ਦੇ ਸੰਪਰਕ ਵਿੱਚ ਸਨ, ਜਿਨ੍ਹਾਂ ਨੇ ਹਾਲ ਹੀ ਵਿੱਚ ਅਲਬਾਨੀਆ ਦਾ ਦੌਰਾ ਕੀਤਾ ਸੀ ਅਤੇ ਇਸ ਸੰਪਰਕ ਰਾਹੀਂ ਮੈਂ ਦਸੰਬਰ 1992 ਵਿੱਚ ਅਲਬਾਨੀਆ ਪਹੁੰਚਿਆ ਅਤੇ ਮੈਂ ਕੁਝ ਦੂਰ-ਦੁਰਾਡੇ ਇਲਾਕਿਆਂ ਵਿੱਚ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ। ਦਿਲਚਸਪ ਗੱਲ ਇਹ ਹੈ ਕਿ ਅਲਬਾਨੀਆ ਇੱਕ ਅਜਿਹਾ ਦੇਸ਼ ਸੀ, ਜੋ ਲੱਗਭੱਗ ਪੰਜਾਹ ਸਾਲਾਂ ਤੋਂ ਬਾਹਰੀ ਦੁਨੀਆਂ ਤੋਂ ਵੱਡੇ ਪੱਧਰ ‘ਤੇ ਬੰਦ ਸੀ ਅਤੇ 1990 ਵਿੱਚ ਇਸ ਦੇਸ਼ ਦੇ ਦਰਵਾਜ਼ੇ ਖੁੱਲ੍ਹਣੇ ਸ਼ੁਰੂ ਹੋ ਗਏ। ਉਸ ਸਮੇਂ ਉਸ ਧਰਤੀ ‘ਤੇ ਜਾਣਾ ਅਤੇ ਬਹੁਤ ਸਾਰੇ ਲੋਕਾਂ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਮਾਣ ਵਾਲੀ ਗੱਲ ਸੀ, ਜਿਨ੍ਹਾਂ ਨੇ ਕਦੇ ਯਿਸੂ ਦਾ ਨਾਮ ਨਹੀਂ ਸੁਣਿਆ ਸੀ ਅਤੇ ਉਸ ਦੇ ਵਚਨ ਦੀ ਸਿੱਖਿਆ ਦਿੱਤੀ ਗਈ ਸੀ।

ਅਗਲੀਆਂ ਤਿੰਨ ਕਿਸਮਾਂ ਦੇ ਅੰਦਰੂਨੀ ਉਨ੍ਹਾਂ ਨੂੰ ਜਿਨ੍ਹਾਂ ਬਾਰੇ ਅਸੀਂ ਚਰਚਾ ਕਰਦੇ ਹਾਂ—ਅੰਦਰੂਨੀ ਮਨ ਵਿੱਚ ਜਾਣਨਾ, ਅੰਦਰੂਨੀ ਮਨ ਵਿੱਚ ਪ੍ਰੇਰਣਾ ਅਤੇ ਅੰਦਰੂਨੀ ਮਨ ਵਿੱਚ ਅੰਦੋਲਨ ਬਹੁਤ ਸਮਾਨ ਹਨ। ਉਹ ਆਪਣੀ ਤੀਬਰਤਾ ਅਤੇ ਜ਼ਰੂਰਤ ਵਿੱਚ ਵੱਖੋ-ਵੱਖਰੇ ਹੁੰਦੇ ਹਨ।

## *4) ਅੰਦਰੂਨੀ ਮਨ ਵਿੱਚ ਜਾਣਨਾ*

**ਰਸੂਲਾਂ ਦੇ ਕਰਤੱਬ 7:23-25**

**23 ਜਦ ਉਹ ਪੂਰਿਆਂ ਚਾਹਲੀਆਂ ਵਰਿਹਾਂ ਦਾ ਹੋਣ ਲੱਗਾ ਤਦ ਉਹ ਦੇ ਮਨ ਵਿੱਚ ਆਇਆ ਭਈ ਮੈਂ ਜਾ ਕੇ ਆਪਣੇ ਭਾਈ ਇਸਰਾਏਲੀਆਂ ਦੀ ਖ਼ਬਰ ਲਵਾਂ।**

**24 ਤਦ ਇੱਕ ਉੱਤੇ ਵਾਧਾ ਹੁੰਦਾ ਵੇਖ ਕੇ ਉਹ ਦੀ ਸਹਾਇਤਾ ਕੀਤੀ ਅਤੇ ਮਿਸਰੀ ਨੂੰ ਜਾਨੋਂ ਮਾਰਿਆ ਅਰ ਜਿਹ ਦੇ ਨਾਲ ਜ਼ੋਰਾਵਰੀ ਹੋਈ ਸੀ ਉਹ ਦਾ ਵੱਟਾ ਲਿਆ।**

**25 ਤਾਂ ਉਹ ਨੇ ਸੋਚਿਆ ਭਈ ਮੇਰੇ ਭਾਈ ਸਮਝਣਗੇ ਜੋ ਪਰਮੇਸ਼ੁਰ ਮੇਰੇ ਹੱਥੀਂ ਉਨ੍ਹਾਂ ਨੂੰ ਛੁਟਕਾਰਾ ਦੇਣ ਲੱਗਾ ਹੈ, ਪਰ ਓਹ ਨਾ ਸਮਝੇ।**

ਜਦੋਂ ਮੂਸਾ ਚਾਲੀ ਸਾਲਾਂ ਦਾ ਸੀ, ਤਾਂ ਉਸ ਦੇ ਮਨ ਵਿੱਚ ਇੱਕ ਵਿਚਾਰ ਪੈਦਾ ਹੋਇਆ ਜਿਸ ਨੇ ਉਸ ਨੂੰ ਇਹ ਸਮਝ ਦਿੱਤੀ ਕਿ ਪਰਮੇਸ਼ੁਰ ਉਸ ਰਾਹੀਂ ਇਬਰਾਨੀਆਂ ਨੂੰ ਛੁਟਕਾਰਾ ਦੇਵੇਗਾ। ਸ਼ਾਇਦ ਉਹ ਨਹੀਂ ਜਾਣਦਾ ਸੀ ਕਿ ਇਹ ਕਿਹੋ ਜਿਹਾ ਹੋਵੇਗਾ। ਪਰ ਉਹ ਸਿਰਫ਼ ਇੰਨਾ ਜਾਣਦਾ ਸੀ ਕਿ ਇਹ ਉਸ ਲਈ ਪਰਮੇਸ਼ੁਰ ਦਾ ਕੰਮ ਸੀ। ਇਹ ਉਸ ਦੇ ਦਿਲ ਵਿੱਚ ਇੱਕ ਗਿਆਨ ਸੀ।

ਇਸੇ ਤਰ੍ਹਾਂ, ਪਵਿੱਤਰ ਆਤਮਾ ਅੰਦਰੂਨੀ ਗਵਾਹੀ ਦੁਆਰਾ ਤੁਹਾਡੇ ਵਿੱਚ ਬੁੱਧੀ ਪੈਦਾ ਕਰਦਾ ਹੈ। ਤੁਸੀਂ ਜਾਣਦੇ ਹੋ ਕਿ ਕੀ ਕਰਨਾ ਹੈ ਕਿਉਂਕਿ ਇਹ ਬੁੱਧੀ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ ਤੁਹਾਡੀ ਆਤਮਾ ਵਿੱਚ ਆਈ ਹੈ।

## *1983: ਮੇਰੇ ਜੀਵਨ ਦੇ ਕਿਸਮਤ ਵਾਲੇ ਕੰਮ ਨੂੰ ਜਾਣਨਾ*

ਪੰਦਰਾਂ ਸਾਲਾਂ ਦਾ ਹੋਣ ਤੋਂ ਪਹਿਲਾਂ ਹੀ ਮੇਰੇ ਦਿਲ ਵਿੱਚ ਇੱਕ “ਸਿਆਣਪ” ਨੇ ਆਪਣਾ ਕਬਜ਼ਾ ਕਰ ਲਿਆ। ਮੈਂ ਜਾਣਦਾ ਸੀ ਕਿ ਮੈਨੂੰ ਬੰਗਲੌਰ ਸ਼ਹਿਰ ਵਿੱਚ ਇੱਕ ਕਲੀਸਿਆ ਸਥਾਪਿਤ ਕਰਨੀ ਹੈ ਅਤੇ ਮੈਂ ਯਿਸੂ ਮਸੀਹ ਦੀ ਖੁਸ਼ਖ਼ਬਰੀ ਨੂੰ ਭਾਰਤ ਵਿੱਚ ਫੈਲਦਾ ਵੇਖਣਾ ਚਾਹੁੰਦਾ ਸੀ। ਇੱਥੇ ਕੋਈ ਭਵਿੱਖਬਾਣੀਆਂ ਨਹੀਂ ਸਨ, ਕੋਈ ਦਰਸ਼ਨ ਨਹੀਂ ਸਨ, ਕੋਈ ਸਵਰਗ ਦੂਤ ਨਹੀਂ ਆਏ ਸਨ, ਕੁਝ ਵੀ ਵਿਲੱਖਣ ਨਹੀਂ ਹੋਇਆ ਸੀ। ਇਹ ਗੱਲ ਮੇਰੇ ਕੋਲ ਸਿਰਫ਼ ਗਿਆਨ ਦੇ ਰੂਪ ਵਿੱਚ ਆਈ ਅਤੇ ਇਸ ਨੇ “ਮੈਨੂੰ ਭਰ ਦਿੱਤਾ।” ਇਹ ਸਿਰਫ਼ ਇੱਕ ਇੱਛਾ ਤੋਂ ਵੱਧ ਸੀ। ਇਹ ਉਹ ਚੀਜ਼ ਸੀ ਜੋ ਮੈਨੂੰ “ਖਾਧੀ” ਜਾਪਦੀ ਸੀ। ਉਸ ਨੇ ਮੇਰੀ ਕਲਪਨਾ ਨੂੰ ਭਰ ਦਿੱਤਾ। ਮੈਂ ਇਸ ਬਾਰੇ ਸੁਪਨਾ ਵੇਖਦਾ ਸੀ। ਮੈਂ ਆਪਣੇ ਆਪ ਨੂੰ ਯਿਸੂ ਦਾ ਪ੍ਰਚਾਰ ਕਰਨ, ਕਲੀਸਿਆਵਾਂ ਦੀ ਉਸਾਰੀ ਕਰਨ ਅਤੇ ਰਾਸ਼ਟਰ ‘ਤੇ ਪ੍ਰਭਾਵ ਪਾਉਣ ਲਈ ਪੂਰੇ ਦੇਸ਼ ਦੀ ਯਾਤਰਾ ਕਰਦੇ ਹੋਏ ਪਾਇਆ। ਇਸ ਸਮੇਂ, ਇਹ ਮੇਰੇ ਅੰਦਰ ਮਜ਼ਬੂਤ ਹੋ ਗਿਆ। ਇਹ ਮੇਰੇ ਜੀਵਨ ਦਾ ਲਗਾਤਾਰ ਚੱਲਣ ਵਾਲਾ ਕੰਮ ਸੀ ਅਤੇ ਇਹ ਮੈਨੂੰ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ ਪ੍ਰਾਪਤ ਹੋਇਆ, ਉਸ ਨੇ ਮੇਰੇ ਵਿੱਚ ਇਹ ਗਿਆਨ ਪੈਦਾ ਕੀਤਾ।

## *ਅਗਸਤ 1999: ਭਾਰਤ ਪਰਤਣ ਦਾ ਸਮਾਂ*

1990 ਵਿੱਚ ਮੈਨੂੰ ਆਪਣੀ ਇੰਜੀਨੀਅਰਿੰਗ ਮਾਸਟਰ ਦੀ ਡਿਗਰੀ ਪੂਰੀ ਕਰਨ ਦੇ ਲਈ ਯੂ.ਐੱਸ.ਏ ਛੱਡਣਾ ਪਿਆ। ਮੈਂ ਜਾਣਦਾ ਸੀ ਕਿ ਮੈਂ ਆਪਣੇ ਜੀਵਨ ਦੇ ਕੰਮ ਨੂੰ ਪੂਰਾ ਕਰਨ ਲਈ ਭਾਰਤ ਪਰਤਾਂਗਾ। "ਕਿਵੇਂ" ਅਤੇ "ਕਦੋਂ", ਇਹ ਅਜੇ ਮੇਰੇ ਲਈ ਨਿਰਧਾਰਤ ਕਰਨਾ ਸੀ। ਯੂ.ਐੱਸ.ਏ. ਵਿੱਚ ਮੇਰੇ ਸਮੇਂ ਦੌਰਾਨ, ਬੰਗਲੌਰ ਵਿੱਚ ਇੱਕ ਮਜ਼ਬੂਤ ਕਲੀਸਿਆ ਬਣਾਉਣ, ਖੁਸ਼ਖ਼ਬਰੀ ਨਾਲ ਭਾਰਤ ਦੇ ਰਾਸ਼ਟਰ ਨੂੰ ਪ੍ਰਭਾਵਿਤ ਕਰਨ ਦਾ ਸੁਫ਼ਨਾ ਮੇਰੇ ਦਿਲ ਵਿੱਚ ਜ਼ੋਰਦਾਰ ਬਲ ਰਿਹਾ ਸੀ। ਮੈਂ ਪਰਮੇਸ਼ੁਰ ਦੀ ਅਗਵਾਈ ਦੇ ਲਈ ਅਤੇ ਉਸ ਸਮੇਂ ਦੇ ਲਈ ਪ੍ਰਾਰਥਨਾ ਕਰਦਾ ਰਿਹਾ, ਜਦੋਂ ਮੈਨੂੰ ਇਸ ਦਰਸ਼ਨ ਨੂੰ ਪੂਰਾ ਕਰਨ ਲਈ ਕਦਮ

ਚੁੱਕਣੇ ਪਏ। ਆਉਣ ਵਾਲੇ ਸਾਲਾਂ ਦੌਰਾਨ ਮੈਂ ਕੁਝ ਸਮਾਂ ਭਾਰਤ ਦੀ ਯਾਤਰਾ ਕੀਤੀ ਅਤੇ ਵੱਖ-ਵੱਖ ਥਾਵਾਂ 'ਤੇ ਖੁਸ਼ਖ਼ਬਰੀ ਦੀਆਂ ਸਭਾਵਾਂ ਅਤੇ ਪਾਦਰੀ ਸਭਾਵਾਂ ਵਿੱਚ ਸੇਵਾ ਕੀਤੀ। ਮਈ 1995 ਵਿੱਚ ਐਮੀ ਅਤੇ ਮੇਰਾ ਵਿਆਹ ਹੋ ਗਿਆ ਸੀ ਅਤੇ ਹਾਲਾਂਕਿ ਅਸੀਂ ਅਮਰੀਕਾ ਵਿੱਚ ਰਹਿੰਦੇ ਸੀ, ਪਰ ਸਾਨੂੰ ਪਤਾ ਸੀ ਕਿ ਅਸੀਂ ਸਹੀ ਸਮੇਂ 'ਤੇ ਭਾਰਤ ਜਾਵਾਂਗੇ। ਅਗਸਤ 1999 ਵਿੱਚ, ਭਾਰਤ ਦੇ ਇਨ੍ਹਾਂ ਦੌਰਿਆਂ ਦੌਰਾਨ, ਅਸੀਂ ਆਗਰਾ ਵਿੱਚ ਕੁਝ ਮੀਟਿੰਗਾਂ ਕਰ ਰਹੇ ਸੀ ਅਤੇ ਮੈਂ ਮਹਿਸੂਸ ਕੀਤਾ ਕਿ ਮੇਰੇ ਅੰਦਰ ਇੱਕ ਸਿਆਣਪ ਉੱਭਰ ਰਹੀ ਸੀ ਕਿ ਹੁਣ ਵਾਪਿਸ ਆਉਣ ਦਾ ਸਮਾਂ ਆ ਗਿਆ ਹੈ। ਇਹ ਬੁੱਧੀ ਦੇ ਰੂਪ ਵਿੱਚ ਦੁਬਾਰਾ ਆਇਆ, ਜੋ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੁਆਰਾ ਮੇਰੇ ਦਿਲ ਵਿੱਚ ਉੱਠਿਆ। ਇਸ ਮੁੱਖ ਫੈਸਲੇ ਲਈ ਦੇ ਦਰਸ਼ਨਾਂ, ਸੁਫ਼ਨੇ, ਭਵਿੱਖਬਾਣੀਆਂ, ਸਵਰਗ ਦੂਤਾਂ ਆਦਿ ਤੋਂ ਕੋਈ ਖਾਸ ਮਾਰਗ ਦਰਸ਼ਨ ਨਹੀਂ ਸੀ। ਮੈਂ ਇਹ ਐਮੀ ਨੂੰ ਦੱਸਿਆ ਅਤੇ ਅਸੀਂ ਸਹਿਮਤ ਹੋ ਗਏ। ਅਸੀਂ ਭਾਰਤ ਵਾਪਿਸ ਜਾਣ ਦੀ ਤਿਆਰੀ ਦੇ ਲਈ ਆਪਣੇ ਆਪ ਨੂੰ ਇੱਕ ਸਾਲ ਦਾ ਸਮਾਂ ਦੇਣ ਦਾ ਫੈਸਲਾ ਕੀਤਾ। ਅਸੀਂ ਪ੍ਰਾਰਥਨਾ ਅਤੇ ਤਿਆਰੀ ਸ਼ੁਰੂ ਕੀਤੀ ਅਤੇ ਦਸੰਬਰ 2000 ਵਿੱਚ ਅਸੀਂ ਭਾਰਤ ਆਏ। ਮੈਂ ਇਨ੍ਹਾਂ ਦਸ ਸਾਲਾਂ ਨੂੰ, 1990 ਤੋਂ 2000 ਤੱਕ, ਉਸ ਕੰਮ ਦੀ ਤਿਆਰੀ ਦੇ ਸਾਲ ਮੰਨਦਾ ਹਾਂ ਜੋ ਸਾਡੇ ਸਾਹਮਣੇ ਸੀ।

## *5) ਅੰਦਰੂਨੀ ਮਨ ਵਿੱਚ ਪ੍ਰੇਰਣਾ*

ਪਵਿੱਤਰ ਆਤਮਾ ਦੀ ਪ੍ਰੇਰਣਾ ਜੋ ਅੰਦਰੂਨੀ ਗਵਾਹੀ ਤੋਂ ਆਉਂਦੀ ਹੈ, ਉਹ ਉਸੇ ਤਰ੍ਹਾਂ ਹੈ ਜਿਵੇਂ ਕੋਈ ਤੁਹਾਨੂੰ ਨਰਮੀ ਨਾਲ ਧੱਕਦਾ ਹੈ ਜਾਂ ਤੁਹਾਨੂੰ ਕੁਝ ਕਰਨ ਲਈ ਮਜ਼ਬੂਤ ਉਤਸ਼ਾਹ ਦਿੰਦਾ ਹੈ। ਤੁਸੀਂ ਕੁਝ ਕਰਨ ਲਈ ਇੱਕ ਮਜ਼ਬੂਤ ਪ੍ਰੇਰਣਾ ਮਹਿਸੂਸ ਕਰਦੇ ਹੋ ਜਾਂ ਆਪਣੀ ਆਤਮਾ ਵਿੱਚ ਇੱਕ ਖਿੱਚ ਮਹਿਸੂਸ ਕਰਦੇ ਹੋ। ਇਹ ਪ੍ਰੇਰਣਾ ਜਾਣਨ ਨਾਲੋਂ ਵਧੇਰੇ ਮਜ਼ਬੂਤ ਹੈ ਅਤੇ ਇਹ ਆਮ ਤੌਰ 'ਤੇ ਤੁਹਾਨੂੰ ਤੁਰੰਤ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਜੇ ਅਸੀਂ ਆਪਣੀ ਆਤਮਾ ਵਿੱਚ ਸੰਵੇਦਨਸ਼ੀਲਤਾ ਬਣਾਈ ਰੱਖਦੇ ਹਾਂ, ਤਾਂ ਅਸੀਂ ਪਛਾਣਾਂਗੇ ਕਿ ਕਈ ਵਾਰ ਪਵਿੱਤਰ ਆਤਮਾ ਸਾਨੂੰ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਕਈ-ਕਈ ਵਾਰ ਪ੍ਰੇਰਣਾ ਕਿਸੇ ਨੂੰ ਕਾਲ ਕਰਨ ਦੀ ਹੁੰਦੀ ਹੈ। ਉਹ ਸਾਨੂੰ ਕਿਸੇ ਕੋਲ ਜਾਣ ਅਤੇ ਪੇਸ਼ਕਸ਼ ਕਰਨ ਜਾਂ ਕੁਝ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ। ਇਨ੍ਹਾਂ ਟਹਿਣੀਆਂ ਨੂੰ ਤੁਰੰਤ ਧਿਆਨ ਅਤੇ ਕਾਰਵਾਈ ਦੀ ਲੋੜ ਹੁੰਦੀ ਹੈ।

### *ਨਵੰਬਰ 2002: ਦੱਖਣੀ ਬੰਗਲੌਰ (ਜਯਾਨਗਰ) ਵਿੱਚ ਏਪੀਸੀ ਦੀ ਸ਼ੁਰੂਆਤ*

ਦਸੰਬਰ 2000 ਵਿੱਚ ਭਾਰਤ ਪਰਤਣ ਤੋਂ ਬਾਅਦ, ਅਸੀਂ ਜਨਵਰੀ ਵਿੱਚ ਇੱਕ ਸਾਫਟਵੇਅਰ ਕੰਪਨੀ ਸ਼ੁਰੂ ਕੀਤੀ ਅਤੇ ਫਰਵਰੀ 2001 ਵਿੱਚ ਇੱਕ ਕਲੀਸਿਆ ਸ਼ੁਰੂ ਕੀਤੀ। ਸਾਫਟ ਵੇਅਰ ਕੰਪਨੀ ਦਾ ਦਫ਼ਤਰ ਆਰ.ਟੀ. ਨਗਰ, ਬੰਗਲੌਰ ਵਿਖੇ ਸੀ। ਉਸ ਸਮੇਂ, ਡੇਵਿਡ ਨਾਮ ਦਾ ਇੱਕ ਨੌਜਵਾਨ ਸੀ, ਜਿਸ ਨੂੰ ਕੰਪਨੀ ਦੁਆਰਾ ਨੌਕਰੀ ‘ਤੇ ਰੱਖਿਆ ਗਿਆ ਸੀ, ਪਰ ਉਸ ਨੇ ਆਲ ਪੀਪਲਜ਼ ਚਰਚ (ਏਪੀਸੀ) ਦੇ ਪ੍ਰਬੰਧਕੀ ਕੰਮ ਵਿੱਚ ਵੀ ਸਹਾਇਤਾ ਕੀਤੀ। ਇਹ ਸਤੰਬਰ 2002 ਵਿੱਚ ਕਿਸੇ ਸਮੇਂ ਹੋਣਾ ਚਾਹੀਦਾ ਹੈ, ਦਫ਼ਤਰ ਵਿੱਚ ਇੱਕ ਆਮ ਦਿਨ, ਦਿਨ ਦੇ ਪਹਿਲੇ ਅੱਧੇ ਹਿੱਸੇ ਵਿੱਚ, ਮੈਨੂੰ ਅਚਾਨਕ ਇੱਕ ਪ੍ਰੇਰਣਾ ਮਹਿਸੂਸ ਹੋਈ ਕਿ ਦੱਖਣੀ ਬੰਗਲੌਰ ਵਿੱਚ ਇੱਕ ਨਵੀਂ ਕਲੀਸਿਆ ਸ਼ੁਰੂ ਕਰਨ ਦਾ ਸਮਾਂ ਆ ਗਿਆ ਹੈ। ਇਸ ਪਲ ਵਿੱਚ ਕੁਝ ਵੀ ਆਤਮਿਕ ਨਹੀਂ ਸੀ। ਮੈਂ ਕੰਪਨੀ ਵਿੱਚ ਆਪਣਾ ਰੋਜ਼ ਦਾ ਕੰਮ ਕਰ ਰਿਹਾ ਸੀ, ਪਰ ਇਹ ਪ੍ਰੇਰਣਾ ਮਜ਼ਬੂਤ ਅਤੇ ਸਪੱਸ਼ਟ ਸੀ। ਮੈਂ ਆਪਣਾ ਡੈਸਕ ਛੱਡ ਦਿੱਤਾ, ਸਿੱਧਾ ਡੇਵਿਡ ਕੋਲ ਗਿਆ ਅਤੇ ਉਸ ਨੂੰ ਕਿਹਾ ਕਿ ਦੱਖਣੀ ਬੰਗਲੌਰ ਵਿੱਚ ਜਯਾ ਨਗਰ ਖੇਤਰ ਵਿੱਚ ਇੱਕ ਜਗ੍ਹਾ ਲੱਭੇ, ਜਿੱਥੇ ਅਸੀਂ ਕਲੀਸਿਆ ਦੇ ਲਈ ਇੱਕ ਨਵੀਂ ਜਗ੍ਹਾ ਸ਼ੁਰੂ ਕਰਾਂਗੇ (ਅਸੀਂ ਇਸ ਨੂੰ ਏ.ਪੀ.ਸੀ ਸਾਊਥ ਕਹਿੰਦੇ ਹਾਂ)। ਉਨ੍ਹਾਂ ਦਿਨਾਂ ਵਿੱਚ, ਅਸੀਂ ਟੈਲੀਫੋਨ ਦੀਆਂ ਕਿਤਾਬਾਂ ਦੀ ਵਰਤੋਂ ਕਰਦੇ ਸੀ। ਇਸ ਲਈ ਡੇਵਿਡ ਨੇ ਟੈਲੀਫੋਨ ਬੁੱਕ ਦੇ ਪੀਲੇ ਪੰਨੇ ਖੋਲ੍ਹੇ ਅਤੇ ਪਹਿਲੇ ਰੀਅਲ ਅਸਟੇਟ ਵਿਅਕਤੀ ਕੋਲ ਕਾਰੋਬਾਰ ਦੀ ਜਗ੍ਹਾ ਉਪਲੱਬਧ ਸੀ, ਜਿਸ ਵਿੱਚ ਸੱਤਰ ਤੋਂ ਸੌ ਲੋਕ ਬੈਠ ਸਕਦੇ ਸਨ। ਜਯਾ ਨਗਰ ਵਿੱਚ ਇਹ ਇੱਕ ਚੰਗੀ ਜਗ੍ਹਾ ਸੀ। ਮਕਾਨ ਮਾਲਕ ਕਲੀਸਿਆ ਦੀ ਅਰਾਧਨਾ ਦੇ ਲਈ ਸਾਨੂੰ ਜਗ੍ਹਾ ਕਿਰਾਏ ‘ਤੇ ਦੇਣ ਲਈ ਤਿਆਰ ਸੀ। ਇਹ ਸਭ ਬਹੁਤ ਸੁਚਾਰੂ ਅਤੇ ਬਹੁਤ ਤੇਜ਼ੀ ਨਾਲ ਹੋਇਆ। ਅਸੀਂ ਗਏ ਅਤੇ ਅਸੀਂ ਜਗ੍ਹਾ ਵੇਖੀ ਅਤੇ ਇਹ ਬਿਲਕੁਲ ਠੀਕ ਸੀ। ਉਸ ਜਗ੍ਹਾ ਦੇ ਅੰਦਰ ਕੁਝ ਕੰਮ ਕਰਨਾ ਬਾਕੀ ਸੀ। ਅਸੀਂ ਇੱਕ ਲੀਜ਼ ਸਮਝੌਤੇ ‘ਤੇ ਦਸਤਖ਼ਤ ਕੀਤੇ ਅਤੇ ਇੱਕ ਹਫ਼ਤੇ ਬਾਅਦ, ਅਸੀਂ ਨਵੰਬਰ 2002 ਵਿੱਚ ਏਪੀਸੀ ਸਾਊਥ ਦੀ ਸ਼ੁਰੂਆਤ ਕੀਤੀ।

## *6) ਅੰਦਰੂਨੀ ਉਥਲ-ਪੁਥਲ*

ਪਰਮੇਸ਼ੁਰ ਦੀ ਆਤਮਾ ਦੀ ਅੰਦਰੂਨੀ ਗਵਾਹੀ ਦੇਣ ਦਾ ਇੱਕ ਦੂਸਰਾ ਤਰੀਕਾ

ਹੈ, ਸਾਡੀ ਰੂਹ ਵਿੱਚ ਉਤਸ਼ਾਹ ਦੁਆਰਾ ਸਾਨੂੰ ਦੱਸਿਆ ਜਾਂਦਾ ਹੈ। ਅੰਦਰੂਨੀ ਮਨ ਵਿੱਚ ਉਤਸ਼ਾਹ ਪ੍ਰੇਰਣਾ ਦੁਆਰਾ ਮਜ਼ਬੂਤ ਹੁੰਦਾ ਹੈ। ਇਹ ਕਾਰਵਾਈ ਕਰਨ ਲਈ ਇੱਕ ਮਜ਼ਬੂਤ ਸੱਦਾ ਹੈ।

ਅਸੀਂ ਪਵਿੱਤਰ ਬਾਈਬਲ ਵਿੱਚ ਬਹੁਤ ਸਾਰੀਆਂ ਉਦਾਹਰਣਾਂ ਨੂੰ ਵੇਖਦੇ ਹਾਂ ਜਿੱਥੇ ਲੋਕਾਂ ਦੇ ਦਿਲ ਉਤਸ਼ਾਹਿਤ ਹੋਏ ਸਨ ਅਤੇ ਉਨ੍ਹਾਂ ਨੂੰ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ।

**ਕੂਚ 35:21,26**

**21 ਅਤੇ ਸਾਰੇ ਮਨੁੱਖ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪ੍ਰੇਰਿਆ ਆਏ ਅਤੇ ਜਿਨ੍ਹਾਂ ਦੇ ਆਤਮਾ ਨੇ ਉਸ ਦੀ ਭਾਉਣੀ ਕੀਤੀ ਓਹ ਯਹੋਵਾਹ ਲਈ ਭੇਟਾਂ ਮੰਡਲੀ ਦੇ ਤੰਬੂ ਦੇ ਬਣਾਉਣ ਲਈ ਅਤੇ ਉਸ ਦੀ ਸਾਰੀ ਉਪਾਸਨਾ ਲਈ ਅਤੇ ਪਵਿੱਤਰ ਬਸਤਰਾਂ ਲਈ ਲਿਆਏ।**
**26 ਅਤੇ ਸਾਰੀਆਂ ਇਸਤਰੀਆਂ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਬੁੱਧ ਨਾਲ ਪ੍ਰੇਰਿਆ ਪਸ਼ਮ ਕੱਤੀ।**

**ਕੂਚ 36:2**

**ਫਿਰ ਮੂਸਾ ਨੇ ਬਸਲਏਲ ਅਰ ਆਹਾਲੀਆਬ ਅਰ ਸਾਰੇ ਬੁੱਧਵਾਨ ਮਨੁੱਖਾਂ ਨੂੰ ਜਿਨ੍ਹਾਂ ਦੇ ਮਨਾਂ ਵਿੱਚ ਯਹੋਵਾਹ ਨੇ ਬੁੱਧ ਦਿੱਤੀ ਸੀ ਸੱਦਿਆ ਅਰਥਾਤ ਸਾਰੇ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪ੍ਰੇਰਿਆ ਭਈ ਓਹ ਨੇੜੇ ਆ ਕੇ ਇਹ ਕੰਮ ਕਰਨ।**

ਕੂਚ ਵਿੱਚ ਅਸੀਂ ਵੇਖਦੇ ਹਾਂ ਕਿ ਲੋਕਾਂ ਦੇ ਦਿਲ ਉਤਸ਼ਾਹਿਤ ਸਨ ਅਤੇ ਜੋ ਕੁਝ ਉਨ੍ਹਾਂ ਕੋਲ ਸੀ ਤੰਬੂ ਲਈ ਉਸ ਨੂੰ ਖੁੱਲ੍ਹੇ ਦਿਲ ਨਾਲ ਦੇਣ ਲਈ ਤਿਆਰ ਸਨ। ਉਨ੍ਹਾਂ ਦਾ ਦਿਲ ਵੀ ਮਿਲਾਪ ਦੇ ਤੰਬੂ ਦੇ ਨਿਰਮਾਣ ਦੇ ਲਈ ਕੰਮ ਕਰਨ ਲਈ ਉਤਸ਼ਾਹਿਤ ਸੀ। ਯਕੀਨਨ, ਪਰਮੇਸ਼ੁਰ ਅੱਜ ਅਜਿਹਾ ਕਰ ਸਕਦਾ ਹੈ। ਉਹ ਆਪਣੇ ਰਾਜ ਲਈ ਦੇਣ ਅਤੇ ਕੰਮ ਕਰਨ ਲਈ ਲੋਕਾਂ ਦੇ ਦਿਲਾਂ ਨੂੰ ਉਤੇਜਿਤ ਕਰ ਸਕਦਾ ਹੈ।

**2 ਇਤਿਹਾਸ 36:22**

**ਅਤੇ ਫਾਰਸ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰ੍ਹੇ ਯਹੋਵਾਹ ਦਾ ਵਚਨ ਜੋ ਯਿਰਮਿਯਾਹ ਦੇ ਮੂੰਹੋਂ ਨਿੱਕਲਿਆ ਸੀ ਪੂਰਾ ਹੋਵੇ ਯਹੋਵਾਹ ਨੇ ਫਾਰਸ ਦੇ ਪਾਤਸ਼ਾਹ ਕੋਰਸ ਨੂੰ ਪ੍ਰੇਰਿਆ ਸੋ ਉਹ ਨੇ ਆਪਣੇ ਸਾਰੇ ਰਾਜ ਵਿੱਚ ਡੌਂਡੀ ਪਿਟਵਾਈ ਅਤੇ ਇਸ ਵਿਸ਼ੇ ਦਾ ਹੁਕਮ ਵੀ ਲਿਖਿਆ**

**ਅਜ਼ਰਾ 1:1**

**ਫਾਰਸ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰ੍ਹੇ ਵਿੱਚ ਯਹੋਵਾਹ ਨੇ ਫਾਰਸ ਦੇ ਪਾਤਸ਼ਾਹ ਕੋਰਸ ਦਾ ਮਨ ਪ੍ਰੇਰਿਆ ਭਈ ਯਿਰਮਿਯਾਹ ਦੇ ਮੂੰਹੋਂ ਉੱਚਰਿਆ ਯਹੋਵਾਹ ਦਾ ਬਚਨ ਪੂਰਾ ਹੋਵੇ ਅਤੇ ਉਹ ਨੇ ਆਪਣੇ ਸਾਰੇ ਰਾਜ ਵਿੱਚ ਇਹ ਡੌਂਡੀ ਪਿਟਵਾਈ ਤੇ ਲਿਖਤ ਵਿੱਚ ਵੀ ਦੇ ਦਿੱਤਾ ਭਈ।**

ਜਿਵੇਂ ਅਸੀਂ ਇਤਿਹਾਸ ਅਤੇ ਅਜ਼ਰਾ ਵਿੱਚ ਵੇਖਦੇ ਹਾਂ, ਜਿਹੜਾ ਪਰਮੇਸ਼ੁਰ ਨੂੰ ਨਿੱਜੀ ਤੌਰ 'ਤੇ ਨਹੀਂ ਜਾਣਦਾ ਸੀ, ਉਸ ਨੂੰ ਯਹੂਦੀਆਂ ਨੂੰ ਉਨ੍ਹਾਂ ਦੀ ਧਰਤੀ ਉੱਤੇ ਵਾਪਿਸ ਭੇਜਣ ਅਤੇ ਉਨ੍ਹਾਂ ਨੂੰ ਆਪਣੇ ਸ਼ਹਿਰ ਅਤੇ ਮੰਦਰ ਨੂੰ ਦੁਬਾਰਾ ਬਣਾਉਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਗਈ ਸੀ। ਪਰਮੇਸ਼ੁਰ ਅੱਜ ਅਜਿਹਾ ਕਰ ਸਕਦਾ ਹੈ। ਉਹ ਆਗੂਆਂ ਅਤੇ ਅਧਿਕਾਰੀਆਂ ਦੇ ਦਿਲਾਂ ਨੂੰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਉਤਸ਼ਾਹਿਤ ਕਰਦਾ ਹੈ।

**ਨਹਮਯਾਹ 1:1-4**

**1 ਹਕਲਯਾਹ ਦੇ ਪੁੱਤਰ ਨਹਮਯਾਹ ਦੀਆਂ ਗੱਲਾਂ। ਤਾਂ ਐਉਂ ਹੋਇਆ ਕਿ ਵੀਹਵੇਂ ਵਰ੍ਹੇ ਕਿਸਲੇਵ ਦੇ ਮਹੀਨੇ ਮੈਂ ਸ਼ੂਸ਼ਨ ਦੇ ਮਹਿਲ ਵਿੱਚ ਸਾਂ।**

**2 ਅਤੇ ਮੇਰੇ ਭਰਾਵਾਂ ਵਿੱਚੋਂ ਹਨਾਨੀ ਅਤੇ ਯਹੂਦੀਆਂ ਵਿੱਚੋਂ ਕਈ ਮਨੁੱਖ ਮੇਰੇ ਕੋਲ ਆਏ ਤਾਂ ਮੈਂ ਓਹਨਾਂ ਕੋਲੋਂ ਉਨ੍ਹਾਂ ਬਚਿਆਂ ਹੋਇਆਂ ਯਹੂਦੀਆਂ ਦੇ ਵਿਖੇ ਅਤੇ ਉਨ੍ਹਾਂ ਅਸੀਰਾਂ ਦੇ ਵਿਖੇ ਜਿਹੜੇ ਰਹਿ ਗਏ ਸਨ ਅਤੇ ਯਰੂਸ਼ਲਮ ਦੇ ਵਿਖੇ ਪੁੱਛਿਆ।**

**3 ਤਾਂ ਓਹਨਾਂ ਮੈਨੂੰ ਆਖਿਆ, ਓਹ ਬਕੀਆ ਜਿਹੜਾ ਉੱਥੇ ਸੂਬੇ ਵਿੱਚ ਅਸੀਰੀ ਵਿੱਚੋਂ ਬਚ ਰਿਹਾ ਸੀ ਵੱਡੀ ਦੁਰਦਸ਼ਾ ਅਤੇ ਨਿਰਾਦਰੀ ਵਿੱਚ ਹੈ ਅਤੇ ਯਰੂਸ਼ਲਮ ਦੀਆਂ ਕੰਧਾਂ ਢੱਠੀਆਂ ਪਈਆਂ ਹਨ ਅਤੇ ਉਸ ਦੇ ਫਾਟਕ ਅੱਗ ਨਾਲ ਜਲੇ ਹੋਏ ਹਨ।**

**4 ਤਾਂ ਐਉਂ ਹੋਇਆ ਕਿ ਜਦ ਮੈਂ ਇਹ ਗੱਲਾਂ ਸੁਣੀਆਂ ਤਾਂ ਮੈਂ ਬੈਠ ਕੇ ਰੋਣ ਲੱਗ ਪਿਆ ਅਤੇ ਮੈਂ ਕਈ ਦਿਨਾਂ ਤੀਕ ਸੋਗ ਕੀਤਾ ਅਤੇ ਵਰਤ ਰੱਖਿਆ ਨਾਲੇ ਅਕਾਸ਼ ਦੇ ਪਰਮੇਸ਼ੁਰ ਦੇ ਸਨਮੁੱਖ ਪ੍ਰਾਰਥਨਾ ਕੀਤੀ।**

**ਨਹਮਯਾਹ 2:12**

**ਤਾਂ ਮੈਂ ਰਾਤ ਨੂੰ ਉੱਠਿਆ, ਮੈਂ ਅਤੇ ਮੇਰੇ ਨਾਲ ਹੋਰ ਮਨੁੱਖ, ਅਰ ਜਿਹੜਾ ਕੰਮ ਮੇਰੇ ਪਰਮੇਸ਼ੁਰ ਨੇ ਮੇਰੇ ਦਿਲ ਵਿੱਚ ਯਰੂਸ਼ਲਮ ਲਈ ਕਰਨ ਨੂੰ ਪਾਇਆ ਸੀ ਮੈਂ ਕਿਸੇ ਨੂੰ ਨਾ ਦੱਸਿਆ ਅਤੇ ਨਾ ਮੇਰੇ ਨਾਲ ਕੋਈ ਪਸ਼ੂ ਸੀ ਛੁੱਟ ਉਸ ਪਸ਼ੂ ਦੇ ਜਿਹਦੇ ਉੱਤੇ ਮੈਂ ਅਸਵਾਰ ਸਾਂ।**

ਯਰੂਸ਼ਲਮ ਸ਼ਹਿਰ ਦੀਆਂ ਕੰਧਾਂ ਬਾਰੇ ਖ਼ਬਰ ਸੁਣਨ ਤੋਂ ਬਾਅਦ, ਨਹਮਯਾਹ ਇੰਨਾ ਦੁਖੀ ਹੋਇਆ ਕਿ ਉਹ ਬੈਠ ਗਿਆ, ਕਈ ਦਿਨਾਂ ਤੱਕ ਰੋਇਆ, ਵਿਰਲਾਪ ਕੀਤਾ, ਵਰਤ ਰੱਖਿਆ ਅਤੇ ਕਈ ਦਿਨਾਂ ਤੱਕ ਪ੍ਰਾਰਥਨਾ ਕੀਤੀ। ਬਾਅਦ ਵਿੱਚ ਉਹ ਸਮਝ ਗਿਆ ਕਿ ਉਹ ਪ੍ਰੇਰਣਾ ਜੋ ਉਸ ਨੇ ਮਹਿਸੂਸ ਕੀਤੀ ਸੀ, ਉਹ ਅਸਲ ਵਿੱਚ ਉਹ ਚੀਜ਼ ਸੀ ਜੋ ਪਰਮੇਸ਼ੁਰ ਨੇ ਉਸ ਦੇ ਦਿਲ ਵਿੱਚ ਪਾ ਦਿੱਤੀ ਸੀ (ਨਹਮਯਾਹ 2:12)। ਅਕਸਰ ਸਾਡੇ ਦਿਲਾਂ ਵਿੱਚ ਉਥਲ-ਪੁਥਲ ਦਾ ਮਤਲਬ ਹੈ ਕਿ ਪਰਮੇਸ਼ੁਰ ਸਾਨੂੰ ਉਹ ਕੰਮ ਕਰਨ ਦੇ ਲਈ ਉਤਸ਼ਾਹਿਤ ਕਰਦਾ ਹੈ, ਜੋ ਉਹ ਸਾਡੇ ਰਾਹੀਂ ਪੂਰਾ ਕਰਨਾ ਚਾਹੁੰਦਾ ਹੈ।

**ਹੱਜਈ 1:14**
**ਫਿਰ ਯਹੋਵਾਹ ਨੇ ਯਹੂਦਾਹ ਦੇ ਹਾਕਮ ਸ਼ਅਲਤੀਏਲ ਦੇ ਪੁੱਤਰ ਜ਼ਰੁੱਬਾਬਲ ਦੇ ਆਤਮਾ ਨੂੰ ਯਹੋਸਾਦਾਕ ਦੇ ਪੁੱਤਰ ਯਹੋਸ਼ੁਆ ਮਹਾ-ਯਾਜਕ ਦੇ ਆਤਮਾ ਨੂੰ ਅਤੇ ਯਹੋਸਾਦਾਕ ਦੇ ਪੁੱਤਰ ਯਹੋਸ਼ੁਆ ਮਹਾਂ-ਯਾਜਕ ਦੇ ਆਤਮਾ ਨੂੰ ਸਾਰੇ ਬਾਕੀ ਲੋਕਾਂ ਦੇ ਆਤਮਾ ਨੂੰ ਪ੍ਰੇਰਿਆ ਸੋ ਓਹ ਆਏ ਅਤੇ ਆਪਣੇ ਪਰਮੇਸ਼ੁਰ ਸੈਨਾਂ ਦੇ ਯਹੋਵਾਹ ਦੇ ਭਵਨ ਉੱਤੇ ਕੰਮ ਕਰਨ ਲੱਗੇ।**

ਯਰੂਸ਼ਲਮ ਵਿੱਚ ਮੰਦਿਰ ਦੀ ਉਸਾਰੀ ਲੱਗਭੱਗ 16 ਸਾਲਾਂ ਲਈ ਰੁਕੀ ਹੋਈ ਸੀ। ਹੱਜਈ ਨੇ ਲਿਖਿਆ ਸੀ ਕਿ ਪਰਮੇਸ਼ੁਰ ਨੇ ਨਿਗਾਹਬਾਨਾਂ, ਸਰਦਾਰ ਯਾਜਕਾਂ ਅਤੇ ਸਾਰੇ ਲੋਕਾਂ ਨੂੰ ਮੰਦਿਰ ਦੀ ਮੁੜ ਉਸਾਰੀ ਦੇ ਕੰਮ ਵਿੱਚ ਵਾਪਿਸ ਜਾਣ ਲਈ ਪ੍ਰੇਰਿਤ ਕੀਤਾ। ਪਰਮੇਸ਼ੁਰ ਨੇ ਭਵਿੱਖਬਾਣੀ ਕਰਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਕੰਮ ਵਿੱਚ ਮਜ਼ਬੂਤ ਕਰਨ ਲਈ ਨਬੀਆਂ ਹੱਜਈ ਅਤੇ ਜ਼ਕਰਯਾਹ ਦੀ ਵਰਤੋਂ ਕੀਤੀ (ਅਜ਼ਰਾ 5:1,2)। ਇਸ ਤਰ੍ਹਾਂ ਅਸੀਂ ਇੱਥੇ ਵੇਖਦੇ ਹਾਂ ਕਿ ਬਹੁਤ ਸਾਰੇ ਲੋਕ ਉਸ ਕੰਮ ਨੂੰ ਪੂਰਾ ਕਰਨ ਲਈ ਇਕੱਠੇ ਹੋਣ ਲਈ ਉਤਸ਼ਾਹਿਤ ਸਨ, ਜੋ ਪਰਮੇਸ਼ੁਰ ਕਰਨਾ ਚਾਹੁੰਦਾ ਸੀ। ਇਹ ਉਹ ਹੈ ਜੋ ਪਰਮੇਸ਼ੁਰ ਅੱਜ ਕਰਦਾ ਹੈ, ਉਹ ਲੋਕਾਂ ਦੇ ਦਿਲਾਂ ਨੂੰ ਇਕੱਠੇ ਹੋਣ ਅਤੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕਰਦਾ ਹੈ।

**ਰਸੂਲਾਂ ਦੇ ਕਰਤੱਬ 17:16**
**ਜਦੋਂ ਪੌਲੁਸ ਅਥੇਨੈ ਵਿੱਚ ਉਨ੍ਹਾਂ ਦੀ ਉਡੀਕ ਕਰਦਾ ਸੀ ਤਾਂ ਸ਼ਹਿਰ ਨੂੰ ਮੂਰਤਾਂ ਨਾਲ ਭਰਿਆ ਹੋਇਆ ਵੇਖ ਕੇ ਉਹ ਦਾ ਜੀ ਜਲ ਗਿਆ।**

ਕਈ-ਕਈ ਵਾਰ ਅਜਿਹਾ ਵੀ ਹੋਵੇਗਾ, ਜਦੋਂ ਪਰਮੇਸ਼ੁਰ ਉਨ੍ਹਾਂ ਗੱਲਾਂ ਦੀ ਵਰਤੋਂ ਕਰੇਗਾ ਜੋ ਅਸੀਂ ਵੇਖਦੇ ਹਾਂ ਅਤੇ ਤਜ਼ਰਬਾ ਕਰਦੇ ਹਾਂ ਤਾਂ ਕਿ ਉਹ ਸਾਡੇ ਅੰਦਰ ਉਤਸ਼ਾਹ ਪੈਦਾ ਕਰਨਗੇ ਅਤੇ ਸਾਨੂੰ ਕੰਮ ਕਰਨ ਲਈ ਪ੍ਰੇਰਿਤ ਕਰਨਗੇ। ਇਹ ਪੌਲੁਸ ਨਾਲ ਅਥੈਨੇ ਵਿੱਚ ਵਾਪਰਿਆ ਜਦੋਂ ਉਸ ਨੇ ਸ਼ਹਿਰ ਵਿੱਚ ਮੂਰਤੀਪੂਜਾ ਵੇਖੀ ਅਤੇ ਲੋਕਾਂ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਆਮ ਤੌਰ ‘ਤੇ, ਸਾਡੀ ਆਤਮਾ ਵਿੱਚ ਉਤਸ਼ਾਹ ਹੋਣਾ, ਉਹ ਚੀਜ਼ ਹੈ ਜਿਸ ਨੂੰ ਅਸੀਂ ਗੁਆ ਨਹੀਂ ਸਕਦੇ, ਪਰ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਹਾਲਾਤ ਦੇ ਪ੍ਰਤੀ ਭਾਵਨਾਤਮਕ ਪ੍ਰਤੀਕ੍ਰਿਆ ਨੂੰ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਤੋਂ ਆਉਣ ਵਾਲੀ ਉਤੇਜਨਾ ਜਾਂ ਉਤਸ਼ਾਹ ਵਜੋਂ ਗ਼ਲਤੀ ਨਾ ਕਰੋ।

## *ਅਗਸਤ 1982: ਆਰ.ਟੀ.ਐੱਮ.ਸੀ., ਬੰਗਲੌਰ ਵਿਖੇ ਪ੍ਰਚਾਰ*

ਅਕਤੂਬਰ 1981, ਮੇਰੇ ਤੇਰਾਂ ਸਾਲ ਦਾ ਹੋਣ ਤੋਂ ਥੋੜ੍ਹੀ ਦੇਰ ਪਹਿਲਾਂ, ਪ੍ਰਭੂ ਯਿਸੂ ਮਸੀਹ ਨੇ ਮੇਰੀ ਜ਼ਿੰਦਗੀ ਨੂੰ ਬਹੁਤ ਸੌਖੇ, ਪਰ ਨਿਸ਼ਚਿਤ ਤੌਰ 'ਤੇ ਛੂਹਿਆ। ਪ੍ਰਭੂ ਯਿਸੂ ਮਸੀਹ ਦੇ ਲਈ ਇੱਕ ਨਵੇਂ ਜਨੂੰਨ ਨੇ ਮੇਰੇ ਦਿਲ ਨੂੰ ਫੜ੍ਹ ਲਿਆ। ਮੈਂ ਯਿਸੂ ਮਸੀਹ ਦੀ ਖੁਸ਼ਖ਼ਬਰੀ ਨੂੰ ਉਨ੍ਹਾਂ ਲੋਕਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਸੀ, ਜਿਨ੍ਹਾਂ ਲੋਕਾਂ ਨੂੰ ਮੈਂ ਮਿਲਿਆ ਸੀ। ਉਨ੍ਹਾਂ ਦਿਨਾਂ ਵਿੱਚ, ਇੱਕ ਪਰਿਵਾਰ ਦੇ ਰੂਪ ਵਿੱਚ, ਅਸੀਂ ਬੰਗਲੌਰ ਦੇ ਰਿਚਮੰਡ ਟਾਊਨ ਮੈਥੋਡਿਸਟ ਚਰਚ (ਆਰ ਟੀ ਐੱਮ ਸੀ) ਵਿੱਚ ਜਾਂਦੇ ਸੀ। ਅਸੀਂ ਆਰ ਟੀ ਐੱਮ ਸੀ ਵਿੱਚ ਐਤਵਾਰ ਦੀ ਅਰਾਧਨਾ ਵਿੱਚ ਹਿੱਸਾ ਲੈਂਦੇ ਸੀ। ਯਿਸੂ ਦਾ ਅਨੁਭਵ ਕਰਨ ਦੇ ਬਾਅਦ ਇੱਕ ਸਾਲ ਦੇ ਅੰਦਰ, ਜੇ ਮੈਨੂੰ ਸਹੀ ਤਰ੍ਹਾਂ ਯਾਦ ਹੈ, ਤਾਂ ਇਹ ਅਗਸਤ 1982 ਹੋਣਾ ਚਾਹੀਦਾ ਹੈ, ਇੱਕ ਐਤਵਾਰ ਦੀ ਸ਼ਾਮ, ਜਦੋਂ ਮੈਂ ਅਰਾਧਨਾ ਵਿੱਚ ਬੈਠਾ ਸੀ, ਮੇਰੇ ਵਿੱਚ ਕੁਝ ਉਭਰਨਾ ਸ਼ੁਰੂ ਹੋਇਆ। ਮੈਨੂੰ ਆਪਣੇ ਅੰਦਰ ਜਾ ਕੇ ਪ੍ਰਾਰਥਨਾ ਕਰਨ ਦੀ ਡੂੰਘੀ ਇੱਛਾ ਮਹਿਸੂਸ ਹੋਈ। ਗੁਆਚੇ ਲੋਕਾਂ ਦੇ ਲਈ ਉਤਸ਼ਾਹ ਅਤੇ ਬੋਝ ਨੇ ਮੇਰੇ ਦਿਲ ਨੂੰ ਫੜ੍ਹ ਲਿਆ। ਇਸ ਲਈ ਮੈਂ ਉੱਠਿਆ ਅਤੇ ਪਵਿੱਤਰ ਸਥਾਨ ਤੋਂ ਬਾਹਰ ਨਾਲ ਦੇ ਹਾਲ ਵਿੱਚ ਚਲਾ ਗਿਆ। (ਇਸ ਨੂੰ ਇਸਤੀਫ਼ਾਨ ਹਾਲ ਕਿਹਾ ਜਾਂਦਾ ਸੀ।) ਹੁਣ ਇਸ ਇਮਾਰਤ ਨੂੰ ਢਾਹ ਦਿੱਤਾ ਗਿਆ ਹੈ। ਮੈਂ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ ਅਤੇ ਮੈਂ ਉਨ੍ਹਾਂ ਸਾਰਿਆਂ ਲਈ ਕਲੀਸਿਆ ਦੀ ਅਰਾਧਨਾ ਵਿੱਚ ਇੱਕ ਬਹੁਤ ਵੱਡਾ ਬੋਝ ਮਹਿਸੂਸ ਕੀਤਾ, ਜੋ ਯਿਸੂ ਨੂੰ ਆਪਣੇ ਮੁਕਤੀਦਾਤਾ ਵਜੋਂ ਨਹੀਂ ਜਾਣਦੇ ਸਨ। ਪ੍ਰਾਰਥਨਾ ਦੇ ਇਸ ਸਮੇਂ ਦੌਰਾਨ ਮੈਂ ਮਹਿਸੂਸ ਕੀਤਾ ਕਿ ਮੈਂ ਆਪਣੇ ਅੰਦਰ ਇੱਕ ਅਵਾਜ਼ ਸੁਣੀ ਜੋ ਮੈਨੂੰ ਕਹਿੰਦੀ ਹੈ, "ਪਾਦਰੀ ਨੂੰ ਪੁੱਛੋ ਕਿ ਕੀ ਉਹ ਤੁਹਾਨੂੰ ਸਵੇਰੇ ਅਤੇ ਸ਼ਾਮ ਦੀ ਅਰਾਧਨਾ ਵਿੱਚ ਪ੍ਰਚਾਰ ਕਰਨ ਦੇ ਲਈ 15 ਮਿੰਟ ਦੇ ਸਕਦਾ ਹੈ।" ਮੈਂ ਜਾਣਦਾ ਹਾਂ ਕਿ ਇਹ ਬਹੁਤ ਅਜੀਬ ਲੱਗਦਾ ਹੈ ਪਰ ਇਹ ਇੱਕ ਅਜਿਹਾ ਤਜ਼ਰਬਾ ਸੀ ਜਿਸ ਤੋਂ ਮੈਂ ਇਨਕਾਰ ਨਹੀਂ ਕਰ ਸਕਦਾ। ਮੈਂ ਇਸ ਨੂੰ ਆਪਣੇ ਦਿਲ ਵਿੱਚ ਰੱਖਿਆ। ਕਲੀਸਿਆ ਦੀ ਅਰਾਧਨਾ ਦੇ ਅੰਤ ਤੇ, ਮੈਂ ਦੁਬਾਰਾ ਉਤਸ਼ਾਹ ਅਤੇ ਬੋਝ ਨੂੰ ਹੱਟਣਾ ਮਹਿਸੂਸ ਕੀਤਾ ਅਤੇ ਉਸ ਤੋਂ ਬਾਅਦ ਮੈਂ ਆਪਣੇ ਮਾਪਿਆਂ ਨੂੰ ਮਿਲਣ ਦੇ ਲਈ ਵਾਪਿਸ ਆਇਆ। ਮੈਂ ਇਸ ਨੂੰ ਇੱਕ ਹਫ਼ਤੇ ਲਈ ਆਪਣੇ ਦਿਲ ਵਿੱਚ ਰੱਖਿਆ ਅਤੇ ਅਗਲੇ ਸ਼ਨੀਵਾਰ ਨੂੰ, ਮੈਂ ਪਾਦਰੀ ਰਵੀ ਜੋਸਫ ਨੂੰ ਮਿਲਿਆ ਅਤੇ ਉਸ ਨੂੰ ਇਹ ਬੇਨਤੀ ਰੱਖੀ। ਉਨ੍ਹਾਂ ਨੇ ਕਿਹਾ ਕਿ ਉਹ ਇੱਕ ਜਾਂ ਦੋ ਹਫ਼ਤਿਆਂ ਵਿੱਚ ਮੇਰੇ ਨਾਲ ਗੱਲ ਕਰਨਗੇ। ਮੈਨੂੰ ਨਹੀਂ ਪਤਾ ਕਿ ਪਾਸਟਰ

ਰਵੀ ਜੋਸਫ ਨੇ ਇਸ ਨੂੰ ਕਿਵੇਂ ਸਮਝਿਆ। ਪਰ ਬੇਸ਼ੱਕ, ਇੱਕ ਹਫ਼ਤੇ ਬਾਅਦ ਉਹ ਮੈਨੂੰ ਮਿਲੇ ਅਤੇ ਮੈਨੂੰ ਦੱਸਿਆ ਕਿ ਉਹ ਮੈਨੂੰ ਸਵੇਰੇ ਅਤੇ ਸ਼ਾਮ ਦੀ ਐਤਵਾਰ ਦੀ ਅਰਾਧਨਾ ਵਿੱਚ 15 ਮਿੰਟ ਬੋਲਣ ਦੀ ਆਗਿਆ ਦੇਣਗੇ। ਮੈਂ ਸਿਰਫ਼ 13 ਸਾਲਾਂ ਦਾ ਸੀ ਅਤੇ ਮੈਨੂੰ ਕਲੀਸਿਆ ਦੀ ਅਰਾਧਨਾ ਵਿੱਚ ਪ੍ਰਚਾਰ ਕਰਨ ਦਾ ਕੋਈ ਤਜ਼ਰਬਾ ਨਹੀਂ ਸੀ। ਇਹ ਮੇਰਾ ਪਹਿਲਾ ਸਮਾਂ ਸੀ, ਮੈਂ ਮੱਤੀ 7 ਤੋਂ ਵਚਨ ਲਿਆ ਅਤੇ ਆਪਣੇ ਦਿਲ ਤੋਂ ਪ੍ਰਚਾਰ ਕੀਤਾ। ਸਵੇਰ ਦੀ ਮੀਟਿੰਗ ਵਿੱਚ ਕੁਝ ਵੀ ਨਹੀਂ ਹੋਇਆ ਜਾਪਦਾ ਸੀ, ਪਰ ਉਸ ਐਤਵਾਰ ਸ਼ਾਮ, ਮੇਰੇ ਪ੍ਰਚਾਰ ਤੋਂ ਬਾਅਦ, ਬਾਲਡਵਿਨ ਬੁਆਏਜ਼ ਸਕੂਲ ਦੇ ਲੱਗਭੱਗ ਤੀਹ ਨੌਜਵਾਨ (ਵਿਦਿਆਰਥੀ) ਯਿਸੂ ਮਸੀਹ ਨੂੰ ਜੀਵਨ ਦੇਣ ਦੇ ਲਈ ਰੁਕੇ। ਇਹ ਮੇਰੀ ਆਸ ਤੋਂ ਵੱਧ ਸੀ। ਇਨ੍ਹਾਂ ਵਿਦਿਆਰਥੀਆਂ ਦੀ ਪਾਲਣਾ ਕਰਨ ਲਈ ਜਿਨ੍ਹਾਂ ਨੇ ਹਾਲ ਹੀ ਵਿੱਚ ਮਸੀਹ ਨੂੰ ਆਪਣਾ ਜੀਵਨ ਦਿੱਤਾ ਸੀ, ਮੈਂ ਸਕੂਲ ਦੇ ਦਿਨਾਂ ਦੌਰਾਨ ਉਨ੍ਹਾਂ ਦੇ ਸਕੂਲ ਜਾਣ ਅਤੇ ਦੁਪਹਿਰ ਦੇ ਖਾਣੇ ਦੇ ਸਮੇਂ, ਦਿਨ ਵਿੱਚ 20 ਮਿੰਟ ਲਈ ਉਨ੍ਹਾਂ ਨੂੰ ਮਿਲਣ ਦਾ ਫੈਸਲਾ ਕੀਤਾ। ਦੁਪਹਿਰ ਦੇ ਖਾਣੇ ਦੇ ਸਮੇਂ ਲੱਗਭੱਗ 20 ਮਿੰਟ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰਚਾਰ ਕਰਨ ਲਈ, ਮੈਂ ਸਕੂਲ ਤੋਂ ਭੱਜਦਾ ਸੀ, ਬਿਸ਼ਪ ਕਾਟਨ ਬੁਆਏਜ਼ ਸਕੂਲ ਤੋਂ ਬਾਲਡਵਿਨ ਬੁਆਏਜ਼ ਸਕੂਲ (ਕਈ ਵਾਰ ਸਾਈਕਲ ਦੀ ਵਰਤੋਂ ਕਰਦਿਆਂ) ਅਤੇ ਫਿਰ ਦੁਪਹਿਰ ਦੀ ਕਲਾਸ ਤੋਂ ਪਹਿਲਾਂ ਆਪਣੇ ਸਕੂਲ ਵਾਪਿਸ ਭੱਜਦਾ ਸੀ। ਇਸ ਨਾਲ ਨੇੜੇ ਦੇ ਸਕੂਲ, ਕੈਥੇਡ੍ਰਲ ਹਾਈ ਸਕੂਲ ਦੇ ਵਿਦਿਆਰਥੀਆਂ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਲਈ ਮੈਂ ਹਫ਼ਤੇ ਵਿੱਚ ਚਾਰ ਦਿਨ ਬਾਲਡਵਿਨ ਜਾਂਦਾ ਸੀ ਅਤੇ ਹਫ਼ਤੇ ਵਿੱਚ ਇੱਕ ਵਾਰ ਮੈਂ ਬੁੱਧਵਾਰ ਨੂੰ ਗਿਰਜਾਘਰ ਜਾਂਦਾ ਸੀ। ਇਹ ਮੇਰੀ ਨੌਵੀਂ ਜਮਾਤ ਤੋਂ ਲੈ ਕੇ ਮੇਰੀ ਬਾਰ੍ਹਵੀਂ ਜਮਾਤ (1982-1986) ਤੱਕ ਚਾਰ ਸਾਲਾਂ ਤੱਕ ਚੱਲਿਆ। ਅੰਦਰਲੀ ਉਤੇਜਨਾ ‘ਤੇ ਕੰਮ ਕਰਨ ਨਾਲ ਸੇਵਕਾਈ ਦਾ ਦਰਵਾਜ਼ਾ ਖੁੱਲ੍ਹ ਗਿਆ, ਜਿਸ ਵਿੱਚ ਮੈਂ ਚਾਰ ਸਾਲਾਂ ਲਈ ਰੁੱਝਿਆ ਰਿਹਾ ਅਤੇ ਉਸੇ ਸਮੇਂ ਬਹੁਤ ਸਾਰੇ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਛੂਹਿਆ। ਕਈ-ਕਈ ਵਾਰ ਮੈਨੂੰ ਕੋਈ ਅਜਿਹਾ ਵਿਅਕਤੀ ਮਿਲਦਾ ਹੈ ਜਿਸ ਦੀ ਜ਼ਿੰਦਗੀ ਨੂੰ ਉਨ੍ਹਾਂ ਚਾਰ ਸਾਲਾਂ ਦੌਰਾਨ ਛੂਹਿਆ ਗਿਆ ਸੀ।

## *7) ਅੰਦਰੂਨੀ ਮਨ ਵਿੱਚ ਪੂਰਵ-ਗਿਆਨ*

ਪਰਮੇਸ਼ੁਰ ਉਹ ਪਰਮੇਸ਼ੁਰ ਹੈ, ਜੋ ਆਪਣੇ ਲੋਕਾਂ ਨਾਲ ਗੱਲ ਕਰਦਾ ਹੈ ਅਤੇ ਸਮੇਂ ਤੋਂ ਪਹਿਲਾਂ ਸਾਡੇ ਫਾਇਦੇ ਦੇ ਲਈ ਗੱਲਾਂ ਦਾ ਖੁਲਾਸਾ ਕਰਦਾ ਹੈ। ਉਹ

ਸ਼ੁਰੂ ਤੋਂ ਹੀ ਅੰਤ ਨੂੰ ਜਾਣਦਾ ਹੈ। ਉਹ ਉਨ੍ਹਾਂ ਗੱਲਾਂ ਨੂੰ ਜਾਣਦਾ ਹੈ ਜਿਹੜੀਆਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ ਹਨ। ਉਹ ਸਾਡੇ ਨਾਲ ਗੱਲ ਕਰਦਾ ਹੈ, ਸਾਨੂੰ ਉਨ੍ਹਾਂ ਗੱਲਾਂ ਬਾਰੇ ਪੂਰਵ-ਗਿਆਨ ਦਿੰਦਾ ਹੈ, ਜੋ ਸਾਡੇ ਜੀਵਨ ਨਾਲ ਸੰਬੰਧਿਤ ਹਨ, ਤਾਂ ਜੋ ਅਸੀਂ ਉਨ੍ਹਾਂ ਗੱਲਾਂ ਦੇ ਲਈ ਤਿਆਰ ਹੋ ਸਕੀਏ, ਜਿਨ੍ਹਾਂ ਲਈ ਅਸੀਂ ਤਿਆਰ ਕੀਤੇ ਜਾ ਸਕਦੇ ਹਾਂ।

**ਯਸਾਯਾਹ 42:9**
**ਵੇਖੋ, ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ ਅਤੇ ਨਵੀਆਂ ਗੱਲਾਂ ਮੈਂ ਦੱਸਦਾ ਹਾਂ, ਓਹਨਾਂ ਦੇ ਪਰਕਾਸ਼ ਹੋਣ ਤੋਂ ਪਹਿਲਾਂ ਮੈਂ ਤੁਹਾਨੂੰ ਸੁਣਾਉਂਦਾ ਹਾਂ।**

**ਯਸਾਯਾਹ 46:10**
**ਮੈਂ ਆਦ ਤੋਂ ਅੰਤ ਨੂੰ ਅਤੇ ਮੁੱਢ ਤੋਂ ਜੋ ਅਜੇ ਨਹੀਂ ਹੋਇਆ ਦੱਸਦਾ ਹਾਂ, ਮੈਂ ਆਖਦਾ ਹਾਂ, ਮੇਰੀ ਸਲਾਹ ਕਾਇਮ ਰਹੇਗੀ ਅਤੇ ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ।**

ਪ੍ਰਭੂ ਯਿਸੂ ਨੇ ਸਾਨੂੰ ਯੂਹੰਨਾ 16:13 ਵਿੱਚ ਸਿਖਾਇਆ ਕਿ ਪਵਿੱਤਰ ਆਤਮਾ ਸਾਨੂੰ ਆਉਣ ਵਾਲੀਆਂ ਗੱਲਾਂ ਦਿਖਾਏਗਾ। ਇਹ ਪੂਰਵ-ਗਿਆਨ ਪਵਿੱਤਰ ਆਤਮਾ ਤੋਂ ਵੱਖੋ-ਵੱਖਰੇ ਤਰੀਕਿਆਂ (**ਉਦਾਹਰਨ ਲਈ**: ਭਵਿੱਖਬਾਣੀਆਂ, ਸੁਪਨੇ, ਆਦਿ) ਦੁਆਰਾ ਆ ਸਕਦਾ ਹੈ, ਪਰ ਇੱਕ ਮਹੱਤਵਪੂਰਣ ਰਸਤਾ ਅੰਦਰੂਨੀ ਗਵਾਹੀ ਦੁਆਰਾ ਆਉਂਦਾ ਹੈ। ਅੰਦਰੂਨੀ ਗਵਾਹੀ ਦੁਆਰਾ ਪਵਿੱਤਰ ਆਤਮਾ ਪੂਰਵ-ਗਿਆਨ ਦਿੰਦਾ ਹੈ, ਜੋ ਆਉਣ ਵਾਲੀਆਂ ਗੱਲਾਂ ਹਨ, ਉਸ ਬਾਰੇ ਪਹਿਲਾਂ ਤੋਂ ਜਾਣਦਾ ਹੈ। ਪਰਮੇਸ਼ੁਰ ਦੇ ਉਦੇਸ਼ ਤੁਹਾਡੀ ਆਤਮਾ ਵਿੱਚ ਪ੍ਰਗਟ ਹੁੰਦੇ ਹਨ। ਤੁਸੀਂ ਗੱਲਾਂ ਨੂੰ ਪਹਿਲਾਂ ਤੋਂ ਜਾਣਦੇ ਹੋ ਤਾਂ ਜੋ ਤੁਸੀਂ ਆਪਣੇ ਆਪ ਨੂੰ ਤਿਆਰ ਕਰ ਸਕੋ। ਇਹ ਉਸੇ ਤਰ੍ਹਾਂ ਹੈ ਜੋ ਅਸੀਂ ਪਹਿਲਾਂ ***"ਅੰਦਰੋਂ ਜਾਣਨਾ"*** ਵਿੱਚ ਵੇਖਿਆ ਹੈ, ਪਰ ਇੱਥੇ ਜ਼ੋਰ ਗੱਲਾਂ ਨੂੰ ਬਹੁਤ ਪਹਿਲਾਂ ਜਾਣਨ 'ਤੇ ਹੈ, ਤਾਂ ਜੋ ਤੁਸੀਂ ਆਪਣੇ ਆਪ ਨੂੰ ਤਿਆਰ ਕਰ ਸਕੋ। ਅੰਦਰੂਨੀ ਗਵਾਹੀ ਦੁਆਰਾ, ਪਵਿੱਤਰ ਆਤਮਾ ਤੁਹਾਨੂੰ ਕੁਝ ਗੱਲਾਂ ਦਾ ਪੂਰਵ-ਗਿਆਨ ਦਿੰਦਾ ਹੈ।

*ਸਿਮਓਨ, ਤੂੰ ਉਦੋਂ ਤੱਕ ਨਹੀਂ ਮਰੇਗਾ ਜਦੋਂ ਤੱਕ ਤੂੰ ਉਸ ਨੂੰ ਨਹੀਂ ਵੇਖਦਾ।*

**ਲੂਕਾ 2:25-32**
**25 ਅਤੇ ਵੇਖੋ, ਯਰੂਸ਼ਲਮ ਵਿੱਚ ਸਿਮਓਨ ਕਰਕੇ ਇੱਕ ਮਨੁੱਖ ਸੀ ਅਰ ਉਹ ਧਰਮੀ ਅਤੇ ਭਗਤ ਲੋਕ ਸੀ ਅਤੇ ਇਸਰਾਏਲ ਦੀ ਤਸੱਲੀ ਦੀ ਉਡੀਕ ਵਿੱਚ ਸੀ ਅਰ ਪਵਿੱਤਰ ਆਤਮਾ ਉਸ ਉੱਤੇ ਸੀ।**

**26 ਅਰ ਉਹ ਨੂੰ ਪਵਿੱਤਰ ਆਤਮਾ ਨੇ ਖ਼ਬਰ ਦਿੱਤੀ ਸੀ ਭਈ ਜਦ ਤੀਕਰ ਤੂੰ ਪ੍ਰਭੂ ਦੇ ਮਸੀਹ ਨੂੰ ਨਾ ਵੇਖੇਂ ਤੂੰ ਨਾ ਮਰੇਂਗਾ।**
**27 ਉਹ ਆਤਮਾ ਦੀ ਅਗਵਾਈ ਨਾਲ ਹੈਕਲ ਵਿੱਚ ਆਇਆ ਅਤੇ ਜਿਸ ਵੇਲੇ ਮਾਪੇ ਉਸ ਬਾਲਕ ਯਿਸੂ ਨੂੰ ਅੰਦਰ ਲਈ ਆਉਂਦੇ ਸਨ ਜੋ ਸ਼ਰ੍ਹਾ ਦੀ ਰੀਤ ਅਨੁਸਾਰ ਉਹ ਦੇ ਲਈ ਅਮਲ ਕਰਨ।**
**28 ਓਨ ਉਸ ਨੂੰ ਕੁੱਛੜ ਲਿਆ ਅਤੇ ਪਰਮੇਸ਼ੁਰ ਨੂੰ ਮੁਬਾਰਕਬਾਦ ਦੇ ਕੇ ਬੋਲਿਆ,**
**29 ਹੇ ਮਾਲਕ, ਹੁਣ ਤੂੰ ਆਪਣੇ ਦਾਸ ਨੂੰ ਆਪਣੇ ਬਚਨ ਅਨੁਸਾਰ ਸ਼ਾਂਤੀ ਨਾਲ ਵਿਦਿਆ ਕਰਦਾ ਹੈਂ,**
**30 ਕਿਉਂਕਿ ਮੇਰੀਆਂ ਅੱਖਾਂ ਨੇ ਤੇਰੀ ਮੁਕਤੀ ਡਿੱਠੀ,**
**31 ਜਿਹੜੀ ਤੈਂ ਸਾਰੇ ਲੋਕਾਂ ਅੱਗੇ ਤਿਆਰ ਕੀਤੀ ਹੈ,**
**32 ਪਰਾਈਆਂ ਕੌਮਾਂ ਨੂੰ ਉਜਾਲਾ ਕਰਨ ਲਈ ਜੋਤ ਅਤੇ ਆਪਣੀ ਪਰਜਾ ਇਸਰਾਏਲ ਦੇ ਲਈ ਤੇਜ।"**

ਅਸੀਂ ਲੂਕਾ 2 ਵਿੱਚ ਸ਼ਮਊਨ ਦੇ ਬਾਰੇ ਪੜ੍ਹਦੇ ਹਾਂ। ਸ਼ਮਊਨ ਨੂੰ ਇੱਕ ਦਿਲਚਸਪ ਤਜ਼ਰਬਾ ਸੀ। ਪਵਿੱਤਰ ਬਾਈਬਲ ਸਾਨੂੰ ਦੱਸਦੀ ਹੈ ਕਿ ਸ਼ਮਊਨ ਨੂੰ ਪਵਿੱਤਰ ਆਤਮਾ ਦੁਆਰਾ ਪ੍ਰਗਟ ਕੀਤਾ ਗਿਆ ਸੀ ਕਿ ਜਦੋਂ ਤੱਕ ਉਹ ਮਸੀਹ ਨੂੰ ਨਹੀਂ ਵੇਖਦਾ ਉਦੋਂ ਤੱਕ ਨਹੀਂ ਮਰਦਾ। ਅਸੀਂ ਨਹੀਂ ਜਾਣਦੇ ਕਿ ਸ਼ਮਊਨ ਨੇ ਇਹ ਪ੍ਰਕਾਸ਼ਨ ਕਿਵੇਂ ਪ੍ਰਾਪਤ ਕੀਤਾ। ਪਰ ਸ਼ਮਊਨ ਨੂੰ ਆਪਣੇ ਬਾਰੇ ਇਹ ਪਤਾ ਸੀ। ਇਹ ਉਸ ਦੇ ਭਵਿੱਖ ਨਾਲ ਸੰਬੰਧਿਤ ਸੀ। ਉਸ ਨੂੰ ਇਹ ਪਹਿਲਾਂ ਤੋਂ ਪਤਾ ਸੀ ਕਿ ਪਰਮੇਸ਼ੁਰ ਨੇ ਉਸ ਲਈ ਕੀ ਯੋਜਨਾ ਬਣਾਈ ਸੀ। ਅਸੀਂ ਇੱਕ ਦੂਸਰੀ ਦਿਲਚਸਪ ਗੱਲ ਵੀ ਦੇਖਦੇ ਹਾਂ। ਇੱਕ ਖਾਸ ਦਿਨ, ਇੱਕ ਖਾਸ ਸਮੇਂ, ਪਵਿੱਤਰ ਆਤਮਾ ਦੀ ਅਗਵਾਈ ਵਿੱਚ, ਉਹ ਮੰਦਿਰ ਵਿੱਚ ਆਇਆ, ਇਸ ਸਮਝ ਨਾਲ ਕਿ ਉਹ ਇਸ ਦਿਨ ਮਸੀਹ ਨੂੰ ਵੇਖੇਗਾ ਅਤੇ ਉਸ ਦਿਨ, ਮੰਦਿਰ ਵਿੱਚ ਆਏ ਸਾਰੇ ਲੋਕਾਂ ਵਿੱਚੋਂ, ਸ਼ਮਊਨ ਨੇ ਯਿਸੂ ਨੂੰ ਮਸੀਹਾ ਦੇ ਰੂਪ ਵਿੱਚ, ਪ੍ਰਭੂ ਦੀ ਮੁਕਤੀ ਵਜੋਂ ਪਛਾਣਿਆ! ਇਸ ਤਰ੍ਹਾਂ ਅਸੀਂ ਪਵਿੱਤਰ ਆਤਮਾ ਦੁਆਰਾ ਦਿੱਤੇ ਗਏ ਪੂਰਵ-ਗਿਆਨ ਦੇ ਦੋ ਪੱਧਰ ਵੇਖਦੇ ਹਾਂ। ਇੱਕ ਉਹ ਸੀ ਜਿਸ ਦਾ ਸੰਬੰਧ ਸ਼ਮਊਨ ਦੀ ਜ਼ਿੰਦਗੀ ਨਾਲ ਲੰਬਾ ਸਮਾਂ ਸੀ। ਦੂਜਾ ਉਸ ਦਿਨ ਅਤੇ ਸਮੇਂ ਲਈ ਸੀ ਕਿ ਸ਼ਮਊਨ ਅੱਜ ਮਸੀਹ ਨੂੰ ਵੇਖੇਗਾ। ਇਸ ਤਰ੍ਹਾਂ ਪਵਿੱਤਰ ਆਤਮਾ ਸਾਡੇ ਦਿਨਾਂ ਵਿੱਚ ਕੰਮ ਕਰਦਾ ਹੈ ਅਤੇ ਸਮੇਂ ਤੋਂ ਪਹਿਲਾਂ ਸਾਨੂੰ ਗੱਲਾਂ ਦਾ ਖੁਲਾਸਾ ਕਰਦਾ ਹੈ।

### *ਮਈ 1993: ਅਗਲੇ 10 ਸਾਲਾਂ ਦੇ ਲਈ ਯੋਜਨਾ*

ਮਈ 1933 ਵਿੱਚ ਇੱਕ ਦਿਨ, ਮੈਂ ਬੈਠ ਗਿਆ ਅਤੇ ਪਵਿੱਤਰ ਆਤਮਾ ਨੂੰ

**4 ਤਦ ਪਤਰਸ ਨੇ ਅੱਗੋਂ ਯਿਸੂ ਨੂੰ ਆਖਿਆ, ਪ੍ਰਭੂ ਜੀ ਸਾਡਾ ਐੱਥੇ ਹੋਣਾ ਚੰਗਾ ਹੈ। ਜੇ ਤੂੰ ਚਾਹੇਂ ਤਾਂ ਐੱਥੇ ਤਿੰਨ ਡੇਰੇ ਬਣਾਵਾਂ, ਇੱਕ ਤੇਰੇ ਲਈ ਅਤੇ ਇੱਕ ਮੂਸਾ ਲਈ ਅਤੇ ਇੱਕ ਏਲੀਯਾਹ ਲਈ।**
**5 ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਇੱਕ ਜੋਤਮਾਨ ਬੱਦਲ ਨੇ ਉਨ੍ਹਾਂ ਉੱਤੇ ਛਾਉਂ ਕੀਤੀ ਅਤੇ ਵੇਖੋ ਉਸ ਬੱਦਲ ਵਿੱਚੋਂ ਇੱਕ ਅਵਾਜ਼ ਇਹ ਕਹਿੰਦੀ ਆਈ ਜੋ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸੰਨ ਹਾਂ। ਉਹ ਦੀ ਸੁਣੋ।**
**6 ਅਤੇ ਚੇਲੇ ਇਹ ਸੁਣ ਕੇ ਮੂੰਧੇ ਮੂੰਹ ਡਿੱਗ ਪਏ ਅਤੇ ਬਹੁਤ ਡਰੇ।**

## *ਕੁਰਨੇਲਿਯੁਸ*

**ਰਸੂਲਾਂ ਦੇ ਕਰਤੱਬ 10:1-6**

**1 ਕੈਸਰਿਯਾ ਵਿੱਚ ਕੁਰਨੇਲਿਯੁਸ ਕਰਕੇ ਇੱਕ ਮਨੁੱਖ ਸੀ ਜਿਹੜਾ ਇਤਾਲਿਯਾਨੀ ਨਾਮੇ ਇੱਕ ਪਲਟਣ ਦਾ ਸੂਬੇਦਾਰ ਸੀ।**
**2 ਉਹ ਧਰਮੀ ਲੋਕ ਅਤੇ ਆਪਣੇ ਸਾਰੇ ਟੱਬਰ ਸਣੇ ਪਰਮੇਸ਼ੁਰ ਦਾ ਭੈਅ ਕਰਨ ਵਾਲਾ ਸੀ ਅਤੇ ਲੋਕਾਂ ਨੂੰ ਬਹੁਤ ਦਾਨ ਦਿੰਦਾ ਅਤੇ ਨਿੱਤ ਪਰਮੇਸ਼ੁਰ ਅੱਗੇ ਬੇਨਤੀ ਕਰਦਾ ਸੀ।**
**3 ਉਹ ਨੇ ਦਿਨ ਦੇ ਤੀਏ ਕੁ ਪਹਿਰ ਦਰਸ਼ਨ ਪਾ ਕੇ ਸਾਫ਼ ਵੇਖਿਆ ਭਈ ਪਰਮੇਸ਼ੁਰ ਦਾ ਇੱਕ ਦੂਤ ਉਹ ਦੇ ਕੋਲ ਅੰਦਰ ਆਇਆ ਅਤੇ ਉਹ ਨੂੰ ਆਖਿਆ, ਹੇ ਕੁਰਨੇਲਿਯੁਸ!**
**4 ਉਹ ਨੇ ਉਸ ਦੀ ਵੱਲ ਧਿਆਨ ਕਰ ਕੇ ਵੇਖਿਆ ਅਤੇ ਡਰ ਕੇ ਕਿਹਾ, ਪ੍ਰਭੂ ਜੀ, ਕੀ ਹੈ? ਉਸ ਨੇ ਉਹ ਨੂੰ ਆਖਿਆ, ਤੇਰੀਆਂ ਪ੍ਰਾਰਥਨਾਂ ਅਤੇ ਤੇਰੇ ਦਾਨ ਯਾਦਗੀਰੀ ਦੇ ਲਈ ਪਰਮੇਸ਼ੁਰ ਦੇ ਹਜ਼ੂਰ ਪਹੁੰਚੇ।**
**5 ਅਤੇ ਹੁਣ ਯਾੱਪਾ ਨੂੰ ਮਨੁੱਖ ਭੇਜ ਕੇ ਉਸ ਸ਼ਮਊਨ ਨੂੰ ਜਿਹੜਾ ਪਤਰਸ ਸੱਦੀਦਾ ਹੈ, ਬੁਲਵਾ ਲੈ।**
**6 ਉਹ ਕਿਸੇ ਸ਼ਮਊਨ ਖਟੀਕ ਦੇ ਉਤਰਿਆ ਹੋਇਆ ਹੈ ਜਿਹ ਦਾ ਘਰ ਸਮੁੰਦਰ ਦੇ ਕੰਢੇ ਹੈ।**

ਇੱਕ ਖੁੱਲ੍ਹਾ ਦਰਸ਼ਨਾਂ ਵਿੱਚ, ਕੁਰਨੇਲਿਯੁਸ ਨੇ ਪਰਮੇਸ਼ੁਰ ਦੇ ਇੱਕ ਸਵਰਗ

ਦੂਤ ਨੂੰ ਆਉਂਦੇ ਵੇਖਿਆ, ਉਹ ਉਸ ਨਾਲ ਗੱਲ ਕਰ ਰਿਹਾ ਸੀ ਅਤੇ ਉਸ ਨੂੰ ਹਿਦਾਇਤ ਕੀਤੀ ਕਿ ਕੀ ਕਰਨਾ ਹੈ।

### *ਦਰਸ਼ਨਾਂ ਵਿੱਚ ਯਾਤਰਾ ਕਰਨਾ*

ਇਹ ਉਹ ਥਾਂ ਹੈ ਜਿੱਥੇ ਤੁਸੀਂ ਦਰਸ਼ਨਾਂ ਵਿੱਚ, ਕੁਦਰਤੀ ਸੰਸਾਰ ਵਿੱਚ ਜਾਂ ਆਤਮਿਕ ਸੰਸਾਰ ਵਿੱਚ ਯਾਤਰਾ ਕਰਦੇ ਹੋ ਅਤੇ ਵੱਖੋ-ਵੱਖਰੀਆਂ ਥਾਵਾਂ ਤੇ ਜਾਂਦੇ ਹੋ। ਤੁਹਾਡੀ ਆਤਮਾ, ਪ੍ਰਾਣ ਅਤੇ ਸਰੀਰ ਇੱਕੋ ਥਾਂ ‘ਤੇ ਹਨ, ਪਰ ਤੁਸੀਂ ਫ਼ਲਸਫ਼ੇ ਵਿੱਚ, ਭੂਗੋਲਿਕ ਤੌਰ ਤੇ ਅਤੇ ਸਮੇਂ ਵਿੱਚ—ਅਤੀਤ ਵਿੱਚ ਜਾਂ ਭਵਿੱਖ ਵਿੱਚ ਯਾਤਰਾ ਕਰਦੇ ਹੋ।

ਨਬੀ ਹਿਜ਼ਕੀਏਲ ਦੇ ਬਹੁਤ ਸਾਰੇ ਦਰਸ਼ਨ ਇੱਕੋ ਜਿਹੇ ਸਨ (ਹਿਜ਼ਕੀਏਲ 8:3; 11:24; 40:2; 43:3)

ਦਾਨੀਏਲ ਨੂੰ ਵੀ ਦਰਸ਼ਨ ਵਿੱਚ ਦੂਜੇ ਸਥਾਨ ‘ਤੇ ਲਿਜਾਇਆ ਗਿਆ ਅਤੇ ਵੇਖਿਆ ਕਿ ਭਵਿੱਖ ਵਿੱਚ ਕੀ ਹੋਣ ਵਾਲਾ ਹੈ (ਦਾਨੀਏਲ 8)।

### *ਆਤਮਾ ਵਿੱਚ ਕਿਸੇ ਇੱਕ ਥਾਂ ਤੋਂ ਦੂਸਰੀ ਜਗ੍ਹਾ ਤੇ ਲਿਜਾਇਆ ਗਿਆ*

ਇੱਥੇ ਤੁਹਾਡੀ ਆਤਮਾ ਤੁਹਾਡੇ ਸਰੀਰ ਨੂੰ ਛੱਡ ਦਿੰਦੀ ਹੈ ਅਤੇ ਕੁਦਰਤੀ ਅਤੇ ਆਤਮਿਕ ਸੰਸਾਰ ਵਿੱਚ ਯਾਤਰਾ ਕਰਦੇ ਸਮੇਂ ਗੱਲਾਂ ਦਾ ਨਿਰੀਖਣ ਕਰਦੀ ਹੈ।

ਪੌਲੁਸ ਨੂੰ ਤੀਜੇ ਸਵਰਗ ਵਿੱਚ ਲਿਜਾਇਆ ਗਿਆ ਸੀ (2 ਕੁਰਿੰਥੀਆਂ 12:1-3)। ਯੂਹੰਨਾ ਨੂੰ ਸਵਰਗ ਵਿੱਚ ਲਿਜਾਇਆ ਗਿਆ ਸੀ (ਪਰਕਾਸ਼ ਦੀ ਪੋਥੀ 4:1,2)।

## ਸੁਫ਼ਨੇ ਅਤੇ ਦਰਸ਼ਣ ਦੇਖਣ ਦੇ ਲਈ ਆਪਣੇ ਦਿਲ ਨੂੰ ਖੁੱਲ੍ਹਾ ਰੱਖੋ

ਜਿਵੇਂ ਕਿ ਅਸੀਂ ਪਵਿੱਤਰ ਬਾਈਬਲ ਵਿੱਚ ਵੇਖਦੇ ਹਾਂ, ਸੁਫ਼ਨੇ ਅਤੇ ਦਰਸ਼ਨ ਪਰਮੇਸ਼ੁਰ ਲਈ ਸਾਡੇ ਨਾਲ ਸੰਚਾਰ ਕਰਨ ਦਾ ਇੱਕ ਤਰੀਕਾ ਹਨ ਅਤੇ ਅਕਸਰ ਉਨ੍ਹਾਂ ਨੂੰ ਸਾਡੀ ਅਗਵਾਈ ਕਰਨ ਲਈ ਵਰਤਦੇ ਹਨ। ਇਸ ਲਈ ਜਦੋਂ ਪਰਮੇਸ਼ੁਰ ਸਾਡੇ ਨਾਲ ਗੱਲ ਕਰਦਾ ਹੈ, ਤਾਂ ਸਾਨੂੰ ਆਪਣੇ ਦਿਲਾਂ ਨੂੰ ਖੁੱਲ੍ਹਾ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਗੱਲਾਂ ਨੂੰ ਕਬੂਲ ਕਰਨਾ ਚਾਹੀਦਾ ਹੈ। ਆਤਮਿਕ ਦਰਸ਼ਨ ਇੱਕ ਬਹੁਤ ਹੀ ਆਮ ਗੱਲ ਹੈ, ਜਿਸ ਦਾ ਅਸੀਂ ਅਕਸਰ ਵਿਸ਼ਵਾਸੀਆਂ ਵਜੋਂ ਤਜ਼ਰਬਾ ਕਰਦੇ ਹਾਂ। ਸਾਨੂੰ ਇਨ੍ਹਾਂ ਵੱਲ ਧਿਆਨ ਦੇਣਾ ਪਏਗਾ ਕਿਉਂਕਿ

ਪਵਿੱਤਰ ਆਤਮਾ ਦਰਸ਼ਨਾਂ ਦੁਆਰਾ ਸਾਡੇ ਨਾਲ ਗੱਲ ਕਰਦਾ ਹੈ।

## ਪ੍ਰਤੀਬਿੰਬ

1) ਉਸ ਸੁਫ਼ਨੇ ਨੂੰ ਯਾਦ ਰੱਖੋ ਜਿੱਥੇ ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਤੁਹਾਡੇ ਨਾਲ ਗੱਲ ਕਰ ਰਿਹਾ ਸੀ। ਤੁਹਾਨੂੰ ਕਿਵੇਂ ਪਤਾ ਲੱਗਾ ਕਿ ਇਹ ਸੁਫ਼ਨਾ ਪਰਮੇਸ਼ੁਰ ਵੱਲੋਂ ਸੀ? ਤੁਸੀਂ ਉਸ ਸੁਫ਼ਨੇ ਬਾਰੇ ਕੀ ਕੀਤਾ? ਕੀ ਇਸ ਨੇ ਕਿਸੇ ਤਰੀਕੇ ਨਾਲ ਤੁਹਾਡੀ ਮਦਦ ਕੀਤੀ?

2) ਕੀ ਤੁਸੀਂ ਉਸ ਗੱਲ ਦਾ ਤਜ਼ਰਬਾ ਕੀਤਾ ਹੈ ਜਿਸ ਨੂੰ ਅਸੀਂ "ਆਤਮਿਕ ਫ਼ਲਸਫ਼ਾ" ਕਹਿੰਦੇ ਹਾਂ? ਤੁਹਾਨੂੰ ਕਿਵੇਂ ਪਤਾ ਲੱਗਾ ਕਿ ਇਹ ਪਰਮੇਸ਼ੁਰ ਵੱਲੋਂ ਸੀ? ਇਸ ਨੇ ਫੈਸਲਾ ਲੈਣ ਵਿੱਚ ਤੁਹਾਡੀ ਕਿਵੇਂ ਮਦਦ ਕੀਤੀ?

# 8
# ਭਵਿੱਖਬਾਣੀਆਂ

ਭਵਿੱਖਬਾਣੀ ਪਵਿੱਤਰ ਆਤਮਾ ਦੁਆਰਾ ਪ੍ਰੇਰਿਤ ਪਰਮੇਸ਼ੁਰ ਦਾ ਸੰਦੇਸ਼ ਹੈ। ਪਵਿੱਤਰ ਬਾਈਬਲ ਵਿੱਚ, ਅਸੀਂ ਪੁਰਾਣੇ ਅਤੇ ਨਵੇਂ ਨੇਮ ਵਿੱਚ ਭਵਿੱਖਬਾਣੀ ਦੀ ਸੇਵਕਾਈ ਨੂੰ ਵੇਖਦੇ ਹਾਂ।

ਨਵੇਂ ਨੇਮ ਵਿੱਚ ਭਵਿੱਖਬਾਣੀ ਆਤਮਾ ਦੀਆਂ ਦਾਤਾਂ ਵਿੱਚੋਂ ਇੱਕ ਹੈ ਜੋ ਸਾਰੇ ਵਿਸ਼ਵਾਸੀਆਂ ਦੇ ਲਈ ਉਪਲੱਬਧ ਹੈ। ਭਵਿੱਖਬਾਣੀ ਦੀਆਂ ਦਾਤਾਂ ਦੀ ਵਰਤੋਂ ਲੋਕਾਂ ਨਾਲ ਵਾਧੇ, ਉਪਦੇਸ਼ ਅਤੇ ਸ਼ਾਂਤੀ ਬਾਰੇ ਗੱਲ ਕਰਨ ਲਈ ਕੀਤੀ ਜਾਂਦੀ ਹੈ (1 ਕੁਰਿੰਥੀਆਂ 14:3)। ਕੁਝ ਲੋਕਾਂ ਨੂੰ ਮਸੀਹ ਦੇ ਸਰੀਰ ਵਿੱਚ ਨਬੀ ਕਿਹਾ ਜਾਂਦਾ ਹੈ (ਅਫ਼ਸੀਆਂ 4:11)।

**1 ਕੁਰਿੰਥੀਆਂ 14:3**
**ਪਰ ਜਿਹੜਾ ਅਗੰਮ ਵਾਕ ਕਰਦਾ ਹੈ ਉਹ ਲਾਭ ਅਤੇ ਉਪਦੇਸ਼ ਅਤੇ ਤਸੱਲੀ ਦੀਆਂ ਗੱਲਾਂ ਮਨੁੱਖਾਂ ਨਾਲ ਕਰਦਾ ਹੈ।**

ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਭਵਿੱਖਬਾਣੀ ਨੂੰ ਨੀਵਾਂ ਨਹੀਂ ਕਰਨਾ ਚਾਹੀਦਾ। ਫਿਰ ਵੀ ਸਾਨੂੰ ਸਾਰੀਆਂ ਭਵਿੱਖਬਾਣੀਆਂ ਦੀ ਪਰਖ ਕਰਨੀ ਪਵੇਗੀ; ਜੋ ਚੰਗਾ ਹੈ, ਉਹ ਫੜਨਾ ਹੈ ਅਤੇ ਜੋ ਪਵਿੱਤਰ ਆਤਮਾ ਤੋਂ ਨਹੀਂ ਹੈ, ਉਸ ਨੂੰ ਛੱਡ ਦਿੱਤਾ ਜਾਣਾ ਚਾਹੀਦਾ ਹੈ (ਹਟਾ ਦੇਣਾ ਹੈ)।

**1 ਥੱਸਲੁਨੀਕੀਆਂ 5:20,21**
**20 ਅਗੰਮ ਵਾਕਾਂ ਨੂੰ ਤੁੱਛ ਨਾ ਜਾਣੋ**
**21 ਸਭਨਾਂ ਗੱਲਾਂ ਨੂੰ ਪਰਖੋ, ਖਰੀਆਂ ਨੂੰ ਫੜੀ ਰੱਖੋ**

ਪ੍ਰੇਰਣਾ ਦੇ ਸਰੋਤ ਦੀ ਜਾਂਚ ਕਰੋ। ਕੀ ਉਹ ਵਿਅਕਤੀ ਸੱਚਮੁੱਚ ਪਰਮੇਸ਼ੁਰ ਤੋਂ ਬੋਲ ਰਿਹਾ ਹੈ ਜਾਂ ਆਪਣੇ ਵਿਚਾਰਾਂ ਤੋਂ ਬੋਲ ਰਿਹਾ ਹੈ ਜਾਂ ਕੀ ਇਹ ਵਿਚਾਰ ਕਿਸੇ ਦਰਸ਼ਕ ਤੋਂ ਆ ਰਿਹਾ ਹੈ?

ਭਵਿੱਖਬਾਣੀ ਵਿੱਚ ਦਿੱਤੀ ਗਈ ਸ਼ੁੱਧਤਾ ਦੀ ਜਾਂਚ ਕਰੋ। ਕੀ ਇਹ ਸੁਨੇਹਾ ਲਿਖਤੀ ਵਚਨ ਨਾਲ ਮੇਲ ਖਾਂਦਾ ਹੈ? ਕੀ ਇਹ ਸੰਦੇਸ਼ ਯਿਸੂ ਮਸੀਹ ਦੀ ਵਡਿਆਈ ਕਰਦਾ ਹੈ? ਕੀ ਪਵਿੱਤਰ ਆਤਮਾ ਮੇਰੀ ਆਤਮਾ ਵਿੱਚ ਉਸ ਭਵਿੱਖਬਾਣੀ ਦੀ ਗਵਾਹੀ ਦਿੰਦਾ ਹੈ? ਕੀ ਇਹ ਭਵਿੱਖਬਾਣੀ ਉਨ੍ਹਾਂ ਗੱਲਾਂ ਨਾਲ ਸੰਬੰਧ ਰੱਖਦੀ ਹੈ, ਜੋ ਪਰਮੇਸ਼ੁਰ ਨੇ ਹੋਰ ਮਾਰਗਾਂ ਦੇ ਦੁਆਰਾ ਮੈਨੂੰ ਕਹੀ?

ਭਵਿੱਖਬਾਣੀ ਦੇ ਸਮੇਂ ਨੂੰ ਸਮਝੋ। ਸੱਚੀ ਭਵਿੱਖਬਾਣੀ ਵਚਨ ਉੱਤੇ ਸਹੀ ਸਮੇਂ ਤੇ ਕੰਮ ਕਰਨਾ ਹੈ। ਭਵਿੱਖਬਾਣੀ ਦੇ ਅਨੁਸਾਰ ਕਿਰਿਆ ਕਰਨ ਦੇ ਸਮੇਂ ਨੂੰ ਸਮਝਣਾ ਓਨਾ ਹੀ ਮਹੱਤਵਪੂਰਨ ਹੈ, ਜਿੰਨਾ ਕਿ ਭਵਿੱਖਬਾਣੀ ਹੈ।

ਪਰਮੇਸ਼ੁਰ ਭਵਿੱਖਬਾਣੀ ਨੂੰ ਕਈ ਤਰੀਕਿਆਂ ਨਾਲ ਵਰਤ ਕੇ ਸਾਡੀ ਅਗਵਾਈ ਕਰ ਸਕਦਾ ਹੈ।

## ਭਵਿੱਖਬਾਣੀ ਦੀ ਪੁਸ਼ਟੀ

ਪਰਮੇਸ਼ੁਰ ਭਵਿੱਖਬਾਣੀ ਦੀ ਵਰਤੋਂ ਸਾਡੇ ਨਾਲ ਵਾਪਰੀਆਂ ਘਟਨਾਵਾਂ ਨੂੰ ਮਜ਼ਬੂਤ ਕਰਨ ਲਈ ਕਰ ਸਕਦਾ ਹੈ। ਅਸੀਂ ਕਈ ਮੌਕਿਆਂ ‘ਤੇ ਅਜਿਹਾ ਹੁੰਦੇ ਦੇਖਿਆ ਹੈ। ਹੋ ਸਕਦਾ ਹੈ ਕਿ ਕੋਈ ਕਿਸੇ ਗੱਲ ਦੇ ਲਈ ਪ੍ਰਾਰਥਨਾ ਕਰ ਰਿਹਾ ਹੋਵੇ ਜਾਂ ਕੋਈ ਖਾਸ ਫੈਸਲਾ ਲੈਣ ਦੀ ਤਿਆਰੀ ਕਰ ਰਿਹਾ ਹੋਵੇ ਜਾਂ ਆਪਣੀ ਜ਼ਿੰਦਗੀ ਵਿੱਚ ਕੋਈ ਖਾਸ ਰਾਹ ਅਪਣਾਉਣਾ ਚਾਹੁੰਦਾ ਹੋਵੇ। ਕੋਈ ਵਿਅਕਤੀ ਜਿਸ ਨੂੰ ਇਨ੍ਹਾਂ ਗੱਲਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ, ਉਹ ਭਵਿੱਖਬਾਣੀ ਦਾ ਵਚਨ ਲਿਆਉਂਦਾ ਹੈ ਅਤੇ ਸਿੱਧੇ ਤੌਰ ‘ਤੇ ਉਨ੍ਹਾਂ ਦੇ ਜੀਵਨ ਦੇ ਖੇਤਰ ਬਾਰੇ ਬੋਲਦਾ ਹੈ, ਉਹ ਇਸ ਤਰ੍ਹਾਂ ਉਸ ਦਿਸ਼ਾ ਦੀ ਪੁਸ਼ਟੀ ਕਰਦਾ ਹੈ, ਜਿਸ ਵਿੱਚ ਉਹ ਅੱਗੇ ਵੱਧ ਰਹੇ ਸੀ।

## ਭਵਿੱਖਬਾਣੀ ਦਾ ਦਿਸ਼ਾ-ਨਿਰਦੇਸ਼

ਪਰਮੇਸ਼ੁਰ ਸਾਨੂੰ ਇਹ ਦਿਖਾਉਣ ਦੇ ਲਈ ਭਵਿੱਖਬਾਣੀ ਦੀ ਵਰਤੋਂ ਕਰ ਸਕਦਾ ਹੈ ਕਿ ਉਹ ਕੀ ਕਰਨਾ ਚਾਹੁੰਦਾ ਹੈ। ਭਵਿੱਖਬਾਣੀ ਦੇ ਰਾਹੀਂ ਸਾਨੂੰ ਕੋਈ ਖਾਸ ਕੰਮ ਕਰਨ ਜਾਂ ਕਿਸੇ ਖਾਸ ਥਾਂ ਤੇ ਜਾ ਕੇ ਇੱਕ ਖਾਸ ਕਿਸਮ ਦਾ ਕੰਮ ਕਰਨ ਦੀ ਹਿਦਾਇਤ ਮਿਲ ਸਕਦੀ ਹੈ।

## ਭਵਿੱਖਬਾਣੀ ਦਾ ਪ੍ਰਕਾਸ਼ਨ

ਕਈ ਵਾਰ ਲੋਕਾਂ ਨੂੰ ਉਸ ਸੰਭਾਵਨਾ ਬਾਰੇ ਪਤਾ ਨਹੀਂ ਹੁੰਦਾ, ਜੋ ਪਰਮੇਸ਼ੁਰ ਨੇ

ਉਨ੍ਹਾਂ ਵਿੱਚ ਰੱਖੀ ਹੈ। ਉਹ ਪਰਮੇਸ਼ੁਰ ਦੀ ਬੁਲਾਹਟ ਦਾ ਜਾਂ ਉਨ੍ਹਾਂ ਦੇ ਜੀਵਨ ਦੇ ਲਈ ਪਰਮੇਸ਼ੁਰ ਦੀ ਭਵਿੱਖ ਦੀ ਯੋਜਨਾ ਨੂੰ ਮਹਿਸੂਸ ਨਹੀਂ ਕਰਨਗੇ। ਭਵਿੱਖਬਾਣੀ ਦੇ ਦੁਆਰਾ, ਪਰਮੇਸ਼ੁਰ ਉਨ੍ਹਾਂ ਗੱਲਾਂ ਨੂੰ ਜਗਾ ਸਕਦਾ ਹੈ, ਜੋ ਆਪਣੇ ਆਪ ਵਿੱਚ ਸੁਸਤ ਜਾਂ ਅਣਪਛਾਤੀਆਂ ਹਨ। ਭਵਿੱਖਬਾਣੀ ਦੇ ਦੁਆਰਾ, ਪਰਮੇਸ਼ੁਰ ਉਨ੍ਹਾਂ ਦੇ ਭਵਿੱਖ ਦੇ ਲਈ ਉਨ੍ਹਾਂ ਦੇ ਕੋਲ ਯੋਜਨਾਵਾਂ ਅਤੇ ਉਦੇਸ਼ਾਂ ਨੂੰ ਪ੍ਰਗਟ ਕਰ ਸਕਦਾ ਹੈ। ਪਰਮੇਸ਼ੁਰ ਭਵਿੱਖ ਵਿੱਚ ਗੱਲਾਂ ਨੂੰ ਪ੍ਰਗਟ ਕਰਨ ਲਈ ਭਵਿੱਖਬਾਣੀ ਦੀ ਵਰਤੋਂ ਕਰਦਾ ਹੈ ਤਾਂ ਜੋ ਅਸੀਂ ਆਪਣੇ ਆਪ ਨੂੰ ਤਿਆਰ ਕਰ ਸਕੀਏ।

ਅਸੀਂ ਬਹੁਤ ਜ਼ੋਰ ਨਾਲ ਦੁਹਰਾਉਣਾ ਚਾਹੁੰਦੇ ਹਾਂ, ਕਿ ਸਾਰੀ ਭਵਿੱਖਬਾਣੀ ਨੂੰ ਕਬੂਲ ਕਰਨ ਤੋਂ ਪਹਿਲਾਂ ਪਰਖਿਆ ਜਾਣਾ ਚਾਹੀਦਾ ਹੈ।

ਭਵਿੱਖਬਾਣੀ ਦੀ ਭਾਲ ਵਿੱਚ ਇੱਧਰ-ਉੱਧਰ ਨਾ ਭਟਕੋ। ਪਰਮੇਸ਼ੁਰ ਤੁਹਾਡੇ ਨਾਲ ਉਸ ਸਮੇਂ ਗੱਲ ਕਰ ਸਕਦਾ ਹੈ ਜਿਸ ਨੂੰ ਉਸ ਨੇ ਚੁਣਿਆ ਹੈ ਅਤੇ ਉਸ ਵਿਅਕਤੀ ਦੁਆਰਾ ਜਿਸ ਨੂੰ ਉਸ ਨੇ ਚੁਣਿਆ ਹੈ।

### *ਮਈ 1993: ਇੱਕ ਸੰਪੂਰਨ ਅਜਨਬੀ ਤੋਂ ਭਵਿੱਖਬਾਣੀ*

ਸਭ ਤੋਂ ਮਹੱਤਵਪੂਰਣ ਭਵਿੱਖਬਾਣੀਆਂ ਜੋ ਮੈਨੂੰ ਨਿੱਜੀ ਤੌਰ ‘ਤੇ ਪ੍ਰਾਪਤ ਹੋਈਆਂ ਸਨ ਉਹ ਮਈ 1993 ਦੀ ਭਵਿੱਖਬਾਣੀ ਸੀ, ਜਿੱਥੇ ਕੇਵਿਨ ਵੈਨ ਡੇਨ ਵੈਸਥੁਇਜ਼ਨ, ਜੋ ਆਪਣੀ ਭਵਿੱਖਬਾਣੀ ਸੇਵਕਾਈ ਦੇ ਲਈ ਜਾਣਿਆ ਜਾਂਦਾ ਹੈ, ਤੁਲਸਾ, ਓਕਲਾਹੋਮਾ ਵਿੱਚ ਇੱਕ ਆਤਮਿਕ ਹੁਨਰ ਦਾ ਕੋਰਸ ਸਿਖਾ ਰਿਹਾ ਸੀ। ਜਿਵੇਂ ਕਿ ਸਾਡੇ ਦੂਜੇ ਸੈਸ਼ਨ ਦਾ ਅੰਤ ਹੋਣ ਵਾਲਾ ਸੀ, ਜਿਸ ਵਿੱਚ ਉਹ ਸਾਨੂੰ ਭਵਿੱਖਬਾਣੀ ਦੇ ਬਾਰੇ ਸਿਖਾ ਰਹੇ ਸਨ, ਉਹ ਮੇਰੇ ਕੋਲ ਪ੍ਰਾਰਥਨਾ ਕਰਨ ਦੇ ਲਈ ਆਏ ਅਤੇ ਫਿਰ ਮੇਰੇ ਜੀਵਨ ਦੇ ਲਈ ਭਵਿੱਖਬਾਣੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਆਖਿਆ, “ਪ੍ਰਭੂ, ਤੂੰ ਉਸ ਨੂੰ ਆਉਣ ਵਾਲੀਆਂ ਗੱਲਾਂ ਦੇ ਲਈ ਤਿਆਰ ਕਰ ਰਿਹਾ ਹੈਂ। ਤੁਸੀਂ ਇੰਜੀਨੀਅਰਿੰਗ ਯੋਗਤਾਵਾਂ ਦੀ ਵਰਤੋਂ ਕਰ ਰਹੇ ਹੋ ਅਤੇ ਤੁਸੀਂ ਉਨ੍ਹਾਂ ਗੱਲਾਂ ਨੂੰ ਪਰਮੇਸ਼ੁਰ ਦੇ ਰਾਜ ਦੇ ਲਈ ਉਸ ਦੇ ਜੀਵਨ ਵਿੱਚ ਬੀਜ ਰਹੇ ਹੋ। ਤੁਸੀਂ ਹੁਣੇ ਗੱਲਾਂ ਨੂੰ ਕਿਰਿਆਸ਼ੀਲ ਕਰਦੇ ਹੋ, ਤੁਸੀਂ ਆਪਣੇ ਖੇਤਰ ਵਿੱਚ ਰੱਬੀ ਸੰਪਰਕ ਸਥਾਪਿਤ ਕਰ ਰਹੇ ਹੋ। ਤੁਸੀਂ ਉਨ੍ਹਾਂ ਲੋਕਾਂ ਨੂੰ ਸਥਾਪਿਤ ਕਰ ਰਹੇ ਹੋ, ਜੋ ਉਸ ਦੇ ਸੰਪਰਕ ਵਿੱਚ ਆਉਣਗੇ। ਗੱਲਾਂ ਉਸ ਦੇ

ਪੱਖ ਤੋਂ ਹੋ ਰਹੀਆਂ ਹਨ ਅਤੇ ਤੁਸੀਂ ਉਸ ਦੇ ਪੱਖ ਵਿੱਚ ਹੋ। ਤੁਸੀਂ ਰਾਹ ਖੋਲ੍ਹ ਰਹੇ ਹੋ। ਤੁਸੀਂ ਦਰਵਾਜ਼ਾ ਖੋਲ੍ਹ ਰਹੇ ਹੋ। ਤੁਸੀਂ ਹੀ ਤਾਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਰਗਰਮ ਕਰ ਰਹੇ ਹੋ, ਉਸ ਦੇ ਜੀਵਨ ਨੂੰ ਗਤੀ ਦੇ ਰਹੇ ਹੋ। ਹਾਲਾਂਕਿ ਉਹ ਇੱਥੇ ਹੈ, ਉਹ ਕੁਝ ਸਮੇਂ ਦੇ ਲਈ ਇੱਥੇ ਹੈ। ਉਹ ਕੁਝ ਸਮੇਂ ਦੇ ਲਈ ਇੱਥੇ ਹੈ। ਇੱਥੇ ਕੁਝ ਗੱਲਾਂ ਹੋ ਰਹੀਆਂ ਹਨ, ਪਰ ਇੱਕ ਦਿਨ ਆ ਰਿਹਾ ਹੈ ਜਦੋਂ ਤੁਸੀਂ ਉਸ ਨੂੰ ਉਸ ਦੇ ਲੋਕਾਂ ਕੋਲ ਵਾਪਿਸ ਲੈ ਜਾਵੋਗੇ ਅਤੇ ਇਹ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਨੂੰ ਛੂਹ ਜਾਵੇਗਾ। ਪਰ ਉਹ ਵੀ ਕੁਝ ਸਮੇਂ ਦੇ ਲਈ ਹੋਵੇਗਾ। ਕਿਉਂ ਜੋ ਤੁਸੀਂ ਇਸ ਆਦਮੀ ਨੂੰ ਸਿਰਫ਼ ਇੱਕ ਪਰਿਵਾਰ-ਸਮੂਹ ਜਾਂ ਕੌਮਾਂ ਦੇ ਸਮੂਹ ਦੇ ਲਈ ਨਹੀਂ ਬੁਲਾਇਆ ਹੈ, ਪਰ ਉਸ ਦੇ ਜੀਵਨ ਲਈ ਇੱਕ ਸੱਦਾ ਹੈ ਜੋ ਤੁਸੀਂ ਉਸ ਦੇ ਜੀਵਨ ਉੱਤੇ ਰੱਖਿਆ ਹੈ ਅਤੇ ਉਸ ਨੂੰ ਦਿੱਤਾ ਹੈ, ਕਿਉਂਕਿ ਤੁਸੀਂ ਉਸ ਨੂੰ ਕੌਮਾਂ ਵਿੱਚ ਬੁਲਾਇਆ ਹੈ ਅਤੇ ਪਰਮੇਸ਼ੁਰ, ਤੁਸੀਂ ਉਸ ਦੇ ਜੀਵਨ ਵਿੱਚ ਬਹੁਤ ਮੁਸੀਬਤਾਂ ਦੀ ਆਗਿਆ ਦਿੰਦੇ ਹੋ। ਤੁਸੀਂ ਉਸ ਨੂੰ ਪ੍ਰਭਾਵਸ਼ਾਲੀ ਬਣਾ ਰਹੇ ਹੋ ਅਤੇ ਉਸ ਤੋਂ ਅੱਗੇ ਦਾ ਰਾਹ ਖੋਲ੍ਹ ਰਹੇ ਹੋ। ਪਰਮੇਸ਼ੁਰ, ਤੁਸੀਂ ਉਸ ਦੇ ਕੁਦਰਤੀ ਦੁਨਿਆਵੀ ਜੀਵਨ ਦੇ ਵਰਦਾਨ ਦੀ ਵਰਤੋਂ ਬਹੁਤ ਸਾਰੀਆਂ ਕੌਮਾਂ ਦੇ ਜੀਵਨ ਨੂੰ ਛੂਹਣ ਦੇ ਲਈ ਕਰੋਗੇ, ਉਸ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਓਗੇ ...” ਅਤੇ ਇਸ ਲਈ, ਉਹ ਉਹੀ ਗੱਲਾਂ ਬੋਲਦੇ ਰਹੇ, ਜੋ ਮੇਰੇ ਦਿਲ ਵਿੱਚ ਸਨ। ਕੇਵਿਨ ਅਤੇ ਮੈਂ ਪਹਿਲਾਂ ਕਦੇ ਇੱਕ ਦੂਜੇ ਨੂੰ ਨਹੀਂ ਜਾਣਦੇ ਸੀ ਅਤੇ ਦੁਬਾਰਾ ਅਗਲੇ ਸੈਸ਼ਨ ਵਿੱਚ, ਕੇਵਿਨ ਮੇਰੇ ਕੋਲ ਆਇਆ ਅਤੇ ਅੱਗੇ ਕਿਹਾ, “ਕੁਝ ਸੰਘਰਸ਼ ਹੋਏ ਹਨ, ਪਰ ਪਰਮੇਸ਼ੁਰ ਨੇ ਤੁਹਾਨੂੰ ਇੱਕ ਟੋਏ ਤੋਂ ਦੂਜੇ ਟੋਏ ਵਿੱਚ ਨਹੀਂ ਬੁਲਾਇਆ। ਉਸ ਨੇ ਤੁਹਾਨੂੰ ਮਹਿਮਾ ਤੋਂ ਮਹਿਮਾ ਵੱਲ ਬੁਲਾਇਆ ਹੈ। ਮੈਂ ਵੇਖਦਾ ਹਾਂ ਕਿ ਤੁਹਾਡੇ ਸਾਰੇ ਜੀਵਨ ਵਿੱਚ ਸੇਵਕਾਈ ਲਿਖੀ ਗਈ ਹੈ। ਮੈਂ ਤੁਹਾਡੇ ਜੀਵਨ ‘ਤੇ ਪਰਮੇਸ਼ੁਰ ਦੀ ਬੁਲਾਹਟ ਵੇਖਦਾ ਹਾਂ...” ਉਹ ਉਨ੍ਹਾਂ ਗੱਲਾਂ ਦਾ ਵਰਣਨ ਕਰਦੇ ਰਹੇ, ਜੋ ਪ੍ਰਭੂ ਆਉਣ ਵਾਲੇ ਦਿਨਾਂ ਵਿੱਚ ਕਰਨ ਜਾ ਰਿਹਾ ਸੀ। ਕੇਵਿਨ ਦੀ ਭਵਿੱਖਬਾਣੀ ਬਹੁਤ ਸਾਰੀਆਂ ਗੱਲਾਂ ਦੀ ਪੁਸ਼ਟੀ ਸੀ, ਜੋ ਪਹਿਲਾਂ ਹੀ ਮੇਰੇ ਦਿਲ ਵਿੱਚ ਸਨ ਅਤੇ ਉਸ ਸਮੇਂ ਇਸ ਨੇ ਮੈਨੂੰ ਜ਼ਾਰੀ ਰੱਖਣ ਦੇ ਲਈ ਸੱਚਮੁੱਚ ਪ੍ਰੇਰਿਤ ਕੀਤਾ।

ਭਵਿੱਖਬਾਣੀ ਸੇਵਕਾਈ ਦੇ ਵਧੇਰੇ ਸੰਪੂਰਨ ਅਧਿਐਨ ਦੇ ਲਈ, ਕਿਰਪਾ ਕਰਕੇ ਏਪੀਸੀ ਤੇ ਜਾਓ। ਇਸ ਦੁਆਰਾ ਪ੍ਰਕਾਸ਼ਿਤ ਕਿਤਾਬ **“ਨਬੀ ਦੀ ਸੇਵਕਾਈ ਨੂੰ ਸਮਝਣਾ”** ‘ਮੁਫ਼ਤ’ ਪੜ੍ਹ ਲਈ **apcwo.org/books.** ‘ਤੇ ਡਾਊਨਲੋਡ ਕਰੋ।

# ਪ੍ਰਤੀਬਿੰਬ

1) ਕੀ ਕਦੇ ਤੁਹਾਡੇ ਲਈ ਕੋਈ ਭਵਿੱਖਬਾਣੀ ਕੀਤੀ ਗਈ ਹੈ, ਜਿਸ ਨੇ ਤੁਹਾਡੀ ਮਦਦ ਕੀਤੀ? ਤੁਹਾਨੂੰ ਕਿਵੇਂ ਪਤਾ ਲੱਗਾ ਕਿ ਇਹ ਪਰਮੇਸ਼ੁਰ ਵੱਲੋਂ ਸੀ? ਸਾਨੂੰ ਦੱਸੋ ਕਿ ਪਰਮੇਸ਼ੁਰ ਨੇ ਭਵਿੱਖਬਾਣੀ ਦੁਆਰਾ ਤੁਹਾਡੇ ਜੀਵਨ ਵਿੱਚ ਕੀ ਕੀਤਾ ਹੈ।

# 9
# ਸਵਰਗਦੂਤ

ਅਸੀਂ ਅੱਜ ਵੀ ਕਲੀਸਿਆਈ ਯੁੱਗ ਵਿੱਚ ਜੀਅ ਰਹੇ ਹਾਂ, ਭਾਵ, ਉਸ ਸਮੇਂ ਦੀ ਮਿਆਦ ਵਿੱਚ (ਜਾਂ ਪਰਮੇਸ਼ੁਰ ਦੇ ਕੈਲੰਡਰ ਵਿੱਚ ਉਮਰ ਜਾਂ ਸਮਾਂ) ਜਿਵੇਂ ਕਿ ਕਲੀਸਿਆ ਜੋ ਪੰਤੇਕੁਸਤ ਦੇ ਦਿਨ ਪੈਦਾ ਹੋਈ ਸੀ। ਯਕੀਨਨ ਅਸੀਂ ਪੰਤੇਕੁਸਤ ਦੀ ਕਲੀਸਿਆ ਨਾਲੋਂ ਆਖ਼ਰੀ ਦਿਨਾਂ ਦੇ ਅੰਤ ਦੇ ਨੇੜੇ ਹਾਂ, ਪਰ ਅਸੀਂ ਅਜੇ ਵੀ ਕਲੀਸਿਆਈ ਦੇ ਯੁੱਗ ਵਿੱਚ ਹਾਂ। ਸਵਰਗ ਦੂਤ ਬਾਈਬਲ ਦੇ ਦੌਰਾਨ ਅਤੇ ਸ਼ੁਰੂਆਤੀ ਕਲੀਸਿਆ ਦੇ ਸਮੇਂ ਨਿਪੁੰਨ ਸਨ ਅਤੇ ਉਹ ਅੱਜ ਵੀ ਕੰਮ ਕਰਦੇ ਹਨ।

**ਇਬਰਾਨੀਆਂ 1:14**
**ਭਲਾ, ਓਹ ਸੱਭੇ ਸੇਵਾ ਕਰਨ ਵਾਲੇ ਆਤਮੇ ਨਹੀਂ ਜਿਹੜੇ ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ ਸੇਵਾ ਲਈ ਘੱਲੇ ਜਾਂਦੇ ਹਨ?**

ਅਸੀਂ ਪੁਰਾਣੇ ਅਤੇ ਨਵੇਂ ਨੇਮ ਵਿੱਚ ਵੇਖਦੇ ਹਾਂ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਸੰਦੇਸ਼ ਭੇਜਣ ਲਈ ਸਵਰਗ ਦੂਤਾਂ ਦੀ ਵਰਤੋਂ ਕੀਤੀ, ਉਨ੍ਹਾਂ ਨੂੰ ਨਿਰਦੇਸ਼ ਦੇਣ, ਉਨ੍ਹਾਂ ਨੂੰ ਪ੍ਰਗਟ ਕਰਨ ਲਈ ਕਿ ਪਰਮੇਸ਼ੁਰ ਕੀ ਕਰਨ ਦੀ ਯੋਜਨਾ ਬਣਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੀ ਵੱਲੋਂ ਪ੍ਰਾਪਤ ਮੁਲਾਕਾਤ ਦਾ ਅਰਥ ਉਨ੍ਹਾਂ ਨੂੰ ਸਮਝਾਓ।

ਸਵਰਗ ਦੂਤ ਨੇ ਮਰਿਯਮ ਨੂੰ ਘੋਸ਼ਣਾ ਕੀਤੀ ਕਿ ਉਹ ਪਵਿੱਤਰ ਆਤਮਾ ਦੁਆਰਾ ਇੱਕ ਬੱਚਾ ਪੈਦਾ ਕਰੇਗੀ ਅਤੇ ਇਹ ਬੱਚਾ ਕੌਣ ਹੋਵੇਗਾ (ਲੂਕਾ 1:26-38)।

ਸਵਰਗ ਦੂਤ ਨੇ ਯੂਸੁਫ਼ ਨੂੰ ਇੱਕ ਸੁਫ਼ਨੇ ਵਿੱਚ ਦਰਸ਼ਨ ਦਿੱਤਾ ਅਤੇ ਉਸ ਨੂੰ ਮਰਿਯਮ ਨੂੰ ਆਪਣੀ ਪਤਨੀ ਵਜੋਂ ਕਬੂਲ ਕਰਨ ਅਤੇ ਉਸ ਨੂੰ ਨਾ ਛੱਡਣ ਦੀ ਹਿਦਾਇਤ ਕੀਤੀ (ਮੱਤੀ 1:18-24)।

ਸਵਰਗ ਦੂਤ ਨੇ ਯੂਸੁਫ਼ ਨੂੰ ਇੱਕ ਸੁਫ਼ਨੇ ਵਿੱਚ ਦਰਸ਼ਣ ਦਿੱਤਾ ਅਤੇ ਉਸ

ਨੂੰ ਮਰਿਯਮ ਅਤੇ ਬੱਚੇ ਯਿਸੂ ਦੇ ਨਾਲ ਮਿਸਰ ਜਾਣ ਦੀ ਹਿਦਾਇਤ ਕੀਤੀ (ਮੱਤੀ 2:13-15)।

ਅਸੀਂ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ ਸਾਡੇ ਲਈ ਲਿਖੀਆਂ ਸ਼ੁਰੂਆਤੀ ਕਲੀਸਿਆਵਾਂ ਵਿੱਚ ਸਵਰਗ ਦੂਤਾਂ ਦੀਆਂ ਕਿਰਿਆਵਾਂ ਨੂੰ ਵੇਖਦੇ ਹਾਂ।

- ਇੱਕ ਸਵਰਗ ਦੂਤ ਨੇ ਪਤਰਸ ਨੂੰ ਕੈਦ ਤੋਂ ਛੁਡਾਇਆ ਅਤੇ ਉਸ ਨੂੰ ਮੰਦਿਰ ਵਿੱਚ ਜਾ ਕੇ ਪ੍ਰਚਾਰ ਕਰਨ ਲਈ ਕਿਹਾ (ਰਸੂਲਾਂ ਦੇ ਕਰਤੱਬ 5:19,20)।
- ਸਵਰਗ ਦੂਤ ਨੇ ਫ਼ਿਲਿੱਪੁਸ ਦੀ ਅਗਵਾਈ ਕੀਤੀ ਕਿ ਉਹ ਗਾਜ਼ਾ ਨੂੰ ਜਾਏ (ਰਸੂਲਾਂ ਦੇ ਕਰਤੱਬ 8:26) ਜਿੱਥੇ ਫ਼ਿਲਿੱਪੁਸ ਨੇ ਇਥੋਪੀਆ ਦੇ ਉਸ ਆਦਮੀ ਨੂੰ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ।
- ਕੁਰਨੇਲਿਯੁਸ ਨੇ ਇੱਕ ਦਰਸ਼ਨ ਵਿੱਚ ਇੱਕ ਸਵਰਗ ਦੂਤ ਨੂੰ ਵੇਖਿਆ ਅਤੇ ਉਸ ਨੂੰ ਪਤਰਸ ਨੂੰ ਖੁਸ਼ਖ਼ਬਰੀ ਸੁਣਨ ਲਈ ਬੁਲਾਉਣ ਦੀ ਹਿਦਾਇਤ ਕੀਤੀ (ਰਸੂਲਾਂ ਦੇ ਕਰਤੱਬ 10:1-7)।
- ਇੱਕ ਸਵਰਗ ਦੂਤ ਨੇ ਪਤਰਸ ਦੀਆਂ ਜ਼ੰਜੀਰਾਂ ਖੋਲ੍ਹੀਆਂ ਅਤੇ ਉਸ ਨੂੰ ਕੈਦ ਤੋਂ ਬਾਹਰ ਲੈ ਗਏ (ਰਸੂਲਾਂ ਦੇ ਕਰਤੱਬ 12:7-10)।
- ਸਵਰਗ ਦੂਤ ਨੇ ਹੇਰੋਦੇਸ ਨੂੰ ਮਾਰ ਦਿੱਤਾ ਅਤੇ ਉਹ ਮਰ ਗਿਆ (ਰਸੂਲਾਂ ਦੇ ਕਰਤੱਬ 12:23)।
- ਰੋਮ ਦੀ ਯਾਤਰਾ ‘ਤੇ, ਸਵਰਗ ਦੂਤ ਨੇ ਪੌਲੁਸ ਨੂੰ ਦਰਸ਼ਨ ਦਿੱਤਾ ਅਤੇ ਉਸ ਨੂੰ ਭਰੋਸਾ ਦਿਵਾਇਆ ਕਿ ਭਾਵੇਂ ਜਹਾਜ਼ ਨੁਕਸਾਨਿਆ ਗਿਆ ਹੈ, ਕੋਈ ਜਾਨੀ ਨੁਕਸਾਨ ਨਹੀਂ ਹੋਵੇਗਾ ਅਤੇ ਪੌਲੁਸ ਨੂੰ ਕੈਸਰ ਦੇ ਸਾਹਮਣੇ ਪੇਸ਼ ਹੋਣਾ ਪਏਗਾ (ਰਸੂਲਾਂ ਦੇ ਕਰਤੱਬ 27:22-25)।

ਸਵਰਗ ਦੂਤ ਸਾਡੇ ਸਾਹਮਣੇ ਦਿਖਾਈ ਦੇ ਸਕਦੇ ਹਨ ਅਤੇ ਸੁਣਾਈ ਦੇ ਸਕਦੇ ਹਨ। ਅਜਿਹਾ ਕਹਿ ਸਕਦੇ ਹਾਂ, ਉਹ ਬਿਨ੍ਹਾਂ ਦਿਖਾਈ ਦਿੱਤੇ ਸਾਡੇ ਨਾਲ ਗੱਲ ਕਰ ਸਕਦੇ ਹਨ ਉਹ ਸੁਫ਼ਨੇ ਵਿੱਚ ਸਾਡੇ ਨਾਲ ਗੱਲਾਂ ਕਰ ਸਕਦੇ ਹਨ। ਸਵਰਗ ਦੂਤ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਾਂ ਸਾਡੇ ਦਿਮਾਗ਼ ਵਿੱਚ ਵਿਚਾਰ ਪਾ ਸਕਦੇ ਹਨ (ਜਿਵੇਂ ਦੁਸ਼ਟ-ਆਤਮਾ ਸਾਨੂੰ ਪਰਤਾਉਂਦੇ ਹਨ)। ਸਵਰਗ ਦੂਤ ਬੋਲ ਸਕਦੇ ਹਨ ਅਤੇ ਅਸੀਂ ਆਪਣੇ ਆਤਮਾ ਦੇ ਕੰਨਾਂ ਨਾਲ ਸੁਣ ਸਕਦੇ ਹਾਂ। ਸਵਰਗ ਦੂਤ ਸਾਡੀ ਸੇਵਾ ਕਰ ਸਕਦੇ ਹਨ ਜਦੋਂ ਉਹ ਦਿਖਾਈ ਨਹੀਂ ਦਿੰਦੇ। ਭਾਵੇਂ ਸਵਰਗ ਦੂਤ ਅਦਿੱਖ ਹਨ, ਤੁਸੀਂ ਅਜੇ ਵੀ ਉਨ੍ਹਾਂ ਨੂੰ ਸੁਣ ਸਕਦੇ ਹੋ।

ਅਕਸਰ ਅਰਾਧਨਾ ਦੇ ਸਮੇਂ ਅਸੀਂ ਆਪਣੇ ਵਿਚਕਾਰ ਸੇਵਾ ਕਰਨ ਵਾਲੇ ਸਵਰਗ ਦੂਤਾਂ ਦੀ ਮੌਜ਼ੂਦਗੀ ਦਾ ਤਜ਼ਰਬਾ ਕਰ ਸਕਦੇ ਹਾਂ। ਅਸੀਂ ਸਾਡੇ ਵਿਚਕਾਰ ਪਰਮੇਸ਼ੁਰ ਦੇ ਸਵਰਗਦੂਤ ਦੀ ਸੇਵਾ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ।

ਅਸੀਂ ਖੁੱਲ੍ਹਾ ਮਨ ਰੱਖਦੇ ਹਾਂ ਅਤੇ ਆਪਣੇ ਆਲੇ-ਦੁਆਲੇ ਸਵਰਗ ਦੂਤਾਂ ਦੀ ਮੌਜ਼ੂਦਗੀ ਤੋਂ ਜਾਣੂ ਹਾਂ, ਫਿਰ ਵੀ ਹੇਠਾਂ ਲਿਖੀਆਂ ਗੱਲਾਂ ਹਨ, ਜੋ ਸਾਨੂੰ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ।

- ਅਸੀਂ ਸਵਰਗ ਦੂਤਾਂ ਦੀ ਉਪਾਸਨਾ ਨਹੀਂ ਕਰਦੇ। ਅਸੀਂ ਅੱਤ ਮਹਾਨ ਪ੍ਰਭੂ ਦੀ ਉਪਾਸਨਾ ਕਰਦੇ ਹਾਂ।
- ਅਸੀਂ ਸਵਰਗ ਦੂਤ ਦੀਆਂ ਮੁਲਾਕਾਤਾਂ ਦੀ ਭਾਲ ਨਹੀਂ ਕਰਦੇ। ਸਾਡਾ ਧਿਆਨ ਪ੍ਰਭੂ ਉੱਤੇ ਬਣਿਆ ਰਹਿੰਦਾ ਹੈ।
- ਸਾਨੂੰ ਸਵਰਗ ਦੂਤਾਂ ਦੇ ਮੁਕਾਬਲਿਆਂ ਨੂੰ ਪਛਾਣਨਾ ਪਏਗਾ ਕਿਉਂਕਿ ਅਸੀਂ ਜਾਣਦੇ ਹਾਂ ਕਿ ਸਵਰਗ ਦੂਤ ਅਤੇ ਉਨ੍ਹਾਂ ਦੇ ਦੁਸ਼ਟ-ਆਤਮਾ ਚਮਕਦਾਰ ਸਵਰਗ ਦੂਤਾਂ ਦੀ ਨਕਲ ਕਰਦੇ ਹਨ।
- ਅਸੀਂ ਪਰਮੇਸ਼ੁਰ ਦੇ ਵਚਨ ਦੇ ਅਨੁਸਾਰ ਆਪਣੇ ਸਵਰਗ ਦੂਤਾਂ ਦੀ ਮਦਦ ਦੇ ਲਈ ਪਰਮੇਸ਼ੁਰ ਤੋਂ ਸਹਾਇਤਾ ਮੰਗਦੇ ਹਾਂ।
- ਅਸੀਂ ਪਰਮੇਸ਼ੁਰ ਦੇ ਵਾਇਦੇ ਬੋਲਦੇ ਹਾਂ ਕਿ ਉਸ ਦੇ ਸਵਰਗ ਦੂਤ ਸਾਡੇ ਲਈ ਕੀ ਕਰਦੇ ਹਨ ਅਤੇ ਉਹ ਉਸ ਦੇ ਵਚਨ ਦੀ ਅਵਾਜ਼ ਦਾ ਉੱਤਰ ਦਿੰਦੇ ਹਨ (ਜ਼ਬੂਰਾਂ 103:20)।

## ਪ੍ਰਤੀਬਿੰਬ

1) ਕੀ ਤੁਸੀਂ ਕਦੇ ਮਹਿਸੂਸ ਕੀਤਾ ਹੈ ਕਿ ਪਰਮੇਸ਼ੁਰ ਦਾ ਸਵਰਗ ਦੂਤ ਸਾਡੇ ਆਲੇ- ਦੁਆਲੇ ਵੇਖਦਾ ਹੈ? ਕੀ ਤੁਸੀਂ ਕਦੇ ਅਲੌਕਿਕ ਦੇ ਖ਼ਤਰੇ ਦਾ ਤਜ਼ਰਬਾ ਕੀਤਾ ਹੈ, (ਖ਼ਤਰੇ ਤੋਂ ਸੁਰੱਖਿਆ ਜੋ ਤੁਸੀਂ ਕਰਨ ਜਾ ਰਹੇ ਸੀ, ਉਸ ਦੀ ਦਿਸ਼ਾ-ਨਿਰਦੇਸ਼, ਕੋਈ ਅਸਾਧਾਰਨ ਵਿਚਾਰ ਜਾਂ ਵਿਚਾਰ-ਸੰਦੇਸ਼-ਤੁਹਾਡੇ ਕੋਲ ਆ ਰਿਹਾ ਹੈ, ਜੋ ਤੁਸੀਂ ਜਾਣਦੇ ਸੀ ਕਿ ਪਰਮੇਸ਼ੁਰ ਵੱਲੋਂ ਸੀ) ਅਤੇ ਮਹਿਸੂਸ ਕੀਤਾ ਹੈ ਕਿ ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਪਰਮੇਸ਼ੁਰ

ਦੇ ਸਵਰਗ ਦੂਤ ਨੇ ਤੁਹਾਡੀ ਸੇਵਾ ਕੀਤੀ ਸੀ।

2) ਪ੍ਰਾਰਥਨਾ ਕਰੋ ਅਤੇ ਪਰਮੇਸ਼ੁਰ ਨੂੰ ਪੁੱਛੋ ਕਿ ਉਹ ਤੁਹਾਡੇ ਲਈ ਸੁਫ਼ਨਿਆਂ, ਦਰਸ਼ਨਾਂ, ਭਵਿੱਖਬਾਣੀਆਂ ਅਤੇ ਸਵਰਗ ਦੂਤਾਂ ਦੀਆਂ ਭੇਟਾਂ ਦੀ ਗਿਣਤੀ ਵਧਾਵੇ ਤਾਂ ਜੋ ਤੁਸੀਂ ਇਨ੍ਹਾਂ ਗੱਲਾਂ ਦੇ ਦੁਆਰਾ ਪਰਮੇਸ਼ੁਰ ਦੀ ਇੱਛਾ ਅਨੁਸਾਰ ਉਸ ਤੋਂ ਸੁਣ ਸਕੋ?

# 10
# ਰੱਬੀ ਸਲਾਹ

ਇੱਕ ਮਹੱਤਵਪੂਰਣ ਤਰੀਕਾ ਜਿਸ ਵਿੱਚ ਪਰਮੇਸ਼ੁਰ ਸਾਡੀ ਅਗਵਾਈ ਕਰ ਸਕਦਾ ਹੈ ਉਹ ਹੈ ਰੱਬੀ ਸਲਾਹ ਦੇ ਦੁਆਰਾ, ਉਸ ਦੇ ਲੋਕਾਂ ਨੂੰ ਸਾਡੇ ਜੀਵਨ ਨਾਲ ਗੱਲ ਕਰਨ ਲਈ ਵਰਤ ਕੇ ਅਤੇ ਇਹ ਸਾਡੇ ਜੀਵਨ ਵਿੱਚ ਸਹੀ ਰਾਹ ‘ਤੇ ਚੱਲਣ ਵਿੱਚ ਸਾਡੀ ਮਦਦ ਕਰਦਾ ਹੈ।

**ਜ਼ਬੂਰਾਂ 73:24**
**ਤੂੰ ਆਪਣੇ ਗੁਰਮਤੇ ਨਾਲ ਮੇਰੀ ਅਗਵਾਈ ਕਰੇਂਗਾ ਅਤੇ ਉਹ ਦੇ ਮਗਰੋਂ ਮੈਨੂੰ ਤੇਜ ਵਿੱਚ ਰੱਖੇਂਗਾ।**

**ਕਹਾਉਤਾਂ 19:21**
**ਮਨੁੱਖ ਦੇ ਮਨ ਵਿੱਚ ਅਨੇਕ ਜੁਗਤਾਂ ਹੁੰਦੀਆਂ ਹਨ, ਪਰ ਯਹੋਵਾਹ ਦਾ ਮਤਾ ਕਾਇਮ ਰਹੇਗਾ।**

ਪਰਮੇਸ਼ੁਰ ਸਾਨੂੰ ਆਪਣੀ ਸਲਾਹ ਦੇ ਕੇ ਸਾਡੀ ਅਗਵਾਈ ਕਰਦਾ ਹੈ ਅਤੇ ਇਹ ਅਕਸਰ ਉਸ ਦੇ ਲੋਕਾਂ ਦੁਆਰਾ ਸਾਨੂੰ ਦਿੱਤਾ ਜਾਂਦਾ ਹੈ, ਜੋ ਪਰਮੇਸ਼ੁਰ ਦੇ ਰਾਹਾਂ ਨੂੰ ਜਾਣਦੇ ਹਨ, ਪਰਮੇਸ਼ੁਰ ਦੇ ਦਿਲ ਨੂੰ ਪਛਾਣਦੇ ਹਨ ਅਤੇ ਪਰਮੇਸ਼ੁਰ ਦੀ ਬੁੱਧੀ ਰੱਖਦੇ ਹਨ।

ਹੁਣ, ਆਮ ਤੌਰ ‘ਤੇ, ਸਾਡੇ ਵਿੱਚੋਂ ਬਹੁਤ ਸਾਰੇ ਪਰਮੇਸ਼ੁਰ ਦੀ ਅਗਵਾਈ ਲੈਣ ਅਤੇ ਉਨ੍ਹਾਂ ਦੀ ਭਾਲ ਕਰਨ ਤੋਂ ਪਰਹੇਜ਼ ਕਰਦੇ ਹਨ। ਪਰ, ਸਾਨੂੰ ਇਸ ਨੂੰ ਬਦਲਣ ਦੀ ਜ਼ਰੂਰਤ ਹੈ। ਸਾਨੂੰ ਇੱਕ ਮਸਕੀਨ ਦਿਲ ਬਣਾਈ ਰੱਖਣਾ ਚਾਹੀਦਾ ਹੈ, ਇੱਕ ਅਜਿਹਾ ਦਿਲ ਜੋ ਪਰਮੇਸ਼ੁਰ ਦੀ ਅਗਵਾਈ ਸੁਣਨ ਅਤੇ ਪ੍ਰਾਪਤ ਕਰਨ ਦੇ ਲਈ ਤਿਆਰ ਹੈ। ਕਹਾਉਤਾਂ ਦੀ ਕਿਤਾਬ ਦੀਆਂ ਇਨ੍ਹਾਂ ਆਇਤਾਂ ‘ਤੇ ਵਿਚਾਰ ਕਰੋ, ਜੋ ਸਾਨੂੰ ਚੰਗੀ ਸਲਾਹ ਦੇ ਮੁੱਲ ਅਤੇ ਮਹੱਤਵ ਬਾਰੇ ਸਿਖਾਉਂਦੇ ਹਨ।

**ਕਹਾਉਤਾਂ 11:14**
**ਜਦੋਂ ਅਗਵਾਈ ਨਹੀਂ ਤਾਂ ਲੋਕ ਡਿੱਗ ਪੈਂਦੇ ਹਨ, ਪਰ ਬਹੁਤੇ ਸਲਾਹੂਆਂ ਨਾਲ ਬਚਾਓ ਹੈ।**

ਸਹੀ ਸਲਾਹ ਪ੍ਰਾਪਤ ਕਰਨਾ ਸਾਨੂੰ ਸੁਰੱਖਿਆ ਅਤੇ ਤਾਕਤ ਦੇ ਸਥਾਨ

'ਤੇ ਰੱਖਦਾ ਹੈ। ਅਸੀਂ ਧਰਮੀ ਲੋਕਾਂ ਤੋਂ ਬੁੱਧ, ਤਜ਼ਰਬਾ ਅਤੇ ਸਿੱਖਿਆ ਪ੍ਰਾਪਤ ਕਰਦੇ ਹਾਂ।

**ਕਹਾਉਤਾਂ 15:22**
**ਜੇ ਸਲਾਹ ਨਾ ਮਿਲੇ ਤਾਂ ਪਰੋਜਨ ਰੁੱਕ ਜਾਂਦੇ ਹਨ, ਪਰ ਜੇ ਸਲਾਹ ਦੇਣ ਵਾਲੇ ਬਹੁਤ ਹੋਣ ਤਾਂ ਓਹ ਕਾਇਮ ਹੋ ਜਾਂਦੇ ਹਨ।**

ਇੱਕ ਸੰਪੂਰਨ ਚਿੱਤਰ ਹੋਣਾ ਚੰਗੀ ਗੱਲ ਹੈ। ਸਹੀ ਲੋਕਾਂ ਤੋਂ ਸਹੀ ਯੋਗਦਾਨ ਪ੍ਰਾਪਤ ਕਰਨਾ ਉਸ ਕਲਪਨਾ ਨੂੰ ਹਕੀਕਤ ਬਣਨ ਵਿੱਚ ਵੇਖਣ ਵਿੱਚ ਸਹਾਇਤਾ ਕਰੇਗਾ। ਅਕਸਰ ਸਾਨੂੰ ਬਹੁਤ ਸਾਰੇ ਲੋਕਾਂ ਦੇ ਯੋਗਦਾਨ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਇੱਕ ਵਿਅਕਤੀ ਕੋਲ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਹੁੰਦੀ।

**ਕਹਾਉਤਾਂ 19:20**
**ਸਲਾਹ ਨੂੰ ਸੁਣ ਅਤੇ ਸਿੱਖਿਆ ਨੂੰ ਕਬੂਲ ਕਰ, ਤਾਂ ਜੋ ਓੜਕ ਨੂੰ ਬੁੱਧਵਾਨ ਬਣੇਂ।**

ਸਾਨੂੰ ਸੁਣਨ ਅਤੇ ਪ੍ਰਾਪਤ ਕਰਨ ਦੀ ਯੋਗਤਾ ਦਾ ਵਿਕਾਸ ਕਰਨਾ ਪਏਗਾ। ਸਾਡੇ ਵਿੱਚੋਂ ਬਹੁਤ ਸਾਰੇ ਸੁਣਨਾ ਪਸੰਦ ਨਹੀਂ ਕਰਦੇ, ਖ਼ਾਸਕਰ ਹਿਦਾਇਤਾਂ ਨੂੰ। ਸਾਡੇ ਕੋਲ ਆਪਣੀਆਂ ਪੂਰਵ-ਧਾਰਨਾਵਾਂ ਜਾਂ ਪੱਖਪਾਤ ਹਨ, ਜੋ ਸਾਨੂੰ ਨਿਰਦੇਸ਼ ਪ੍ਰਾਪਤ ਕਰਨ ਤੋਂ ਰੋਕਦੇ ਹਨ, ਜੋ ਸ਼ਾਬਦਿਕ ਤੌਰ 'ਤੇ ਸਾਡੀ ਮਦਦ ਕਰਨਗੇ। ਅਸੀਂ ਗ਼ਲਤ ਸੋਚਦੇ ਹਾਂ: "ਮੈਂ ਇਹ ਪਸੰਦ ਨਹੀਂ ਕਰਦਾ ਕਿ ਕੋਈ ਮੈਨੂੰ ਦੱਸੇ ਕਿ ਕੀ ਕਰਨਾ ਹੈ," "ਮੈਂ ਨਹੀਂ ਚਾਹੁੰਦਾ ਕਿ ਕੋਈ ਦੂਸਰਾ ਮੇਰੇ ਉੱਤੇ ਕਾਬੂ ਪਾਵੇ," "ਮੈਂ ਆਪਣੇ ਆਪ ਇਸ ਦਾ ਪਤਾ ਲਗਾ ਸਕਦਾ ਹਾਂ।" "ਮੈਂ ਸੁਤੰਤਰ ਹੋਣਾ ਚਾਹੁੰਦਾ ਹਾਂ।" ਸੁਣਨ ਅਤੇ ਸਿੱਖਿਆ ਪ੍ਰਾਪਤ ਕਰਨ ਦੇ ਲਈ ਤਿਆਰ ਰਹਿਣ ਲਈ ਦੀਨਤਾ ਦੀ ਲੋੜ ਹੁੰਦੀ ਹੈ। ਜੇ ਅਸੀਂ ਆਪਣੇ ਆਪ ਨੂੰ ਦੀਨ ਬਣਾਉਂਦੇ ਹਾਂ ਅਤੇ ਹਿਦਾਇਤਾਂ ਪ੍ਰਾਪਤ ਕਰਦੇ ਹਾਂ, ਤਾਂ ਇਹ ਲੰਬੇ ਸਮੇਂ ਲਈ ਲਾਭਦਾਇਕ ਸਾਬਿਤ ਹੋਵੇਗਾ।

**ਕਹਾਉਤਾਂ 20:18**
**ਪਰੋਜਨ ਸਲਾਹ ਨਾਲ ਕਾਇਮ ਹੋ ਜਾਂਦੇ ਹਨ, ਸੋ ਤੂੰ ਚੰਗੀ ਸਲਾਹ ਲੈ ਕੇ ਜੁੱਧ ਕਰ।**

ਤੁਹਾਨੂੰ ਜੋ ਸਲਾਹ ਮਿਲਦੀ ਹੈ, ਉਹ ਸਮੱਗਰੀ ਜਾਂ ਹਥਿਆਰਾਂ ਦੇ ਸਮਾਨ ਹੈ, ਜੋ ਤੁਹਾਨੂੰ ਲੜਾਈ ਦੇ ਲਈ ਤਿਆਰ ਕਰਦੇ ਹਨ। ਸਿਆਣੇ ਲੋਕਾਂ ਦੀ ਸਲਾਹ ਨਾਲ ਸੁਚੱਜਿਤ ਹੋ ਕੇ ਯੁੱਧ ਵਿੱਚ ਜਾਓ। ਤੁਸੀਂ ਸਹੀ ਸਮੇਂ 'ਤੇ ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਨ ਲਈ ਸਹੀ ਵਿਅਕਤੀ ਹੋ ਅਤੇ ਜਦੋਂ ਤੁਸੀਂ ਚੁਣੌਤੀਆਂ ਦਾ

ਸਾਹਮਣਾ ਕਰਦੇ ਹੋ ਅਤੇ ਜਦੋਂ ਤੁਸੀਂ ਜਿੱਤ ਵੱਲ ਵੱਧਦੇ ਹੋ ਤਾਂ ਤੁਸੀਂ ਉਨ੍ਹਾਂ ਦੀ ਵਰਤੋਂ ਕਰ ਸਕਦੇ ਹੋ।

## ਸਹੀ ਸਲਾਹ ਪ੍ਰਾਪਤ ਕਰਨਾ

ਇਹ ਵੀ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਕਿਸ ਨਾਲ ਸਲਾਹ ਕਰਦੇ ਹੋ। ਜੋ ਅਸੀਂ ਅਧਿਐਨ ਕਰ ਰਹੇ ਹਾਂ—ਪਰਮੇਸ਼ੁਰ ਤੋਂ ਅਗਵਾਈ ਦੀ ਭਾਲ ਕਰ ਰਹੇ ਹਾਂ ਉਸ ਦੇ ਪ੍ਰਸੰਗ ਵਿੱਚ ਸਾਨੂੰ ਉਨ੍ਹਾਂ ਲੋਕਾਂ ਤੋਂ ਸਲਾਹ ਲੈਣੀ ਚਾਹੀਦੀ ਹੈ, ਜੋ ਪਰਮੇਸ਼ੁਰ ਨਾਲ ਡੂੰਘਾਈ ਨਾਲ ਚੱਲਿਆ ਹੈ, ਜਿਨ੍ਹਾਂ ਦੀ ਸਮੇਂ ਦੀ ਪਰਖ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਚਾਲ-ਚਲਣ ਨੂੰ ਪੂਰਾ ਕੀਤਾ ਗਿਆ ਹੈ, ਜੋ ਪਰਮੇਸ਼ੁਰ ਦੇ ਵਚਨ ਦੇ ਅਧਿਕਾਰ ਦੇ ਅਧਾਰ ਤੇ ਅਤੇ ਪਵਿੱਤਰ ਆਤਮਾ ਦੀ ਅਧੀਨਤਾ ਵਿੱਚ ਬੋਲਣਗੇ।

ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਧਰਮੀਆਂ ਦੀ ਸਲਾਹ ਦੀ ਪਾਲਣਾ ਨਾ ਕਰੀਏ।

**ਜ਼ਬੂਰਾਂ 1:1**
**ਧੰਨ ਹੈ ਉਹ ਮਨੁੱਖ**
**ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ,**
**ਨਾ ਪਾਪੀਆਂ ਦੇ ਰਾਹ ਵਿੱਚ ਖੜ੍ਹਾ ਰਹਿੰਦਾ**
**ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ।**

ਭਾਵ, ਜੀਵਨ ਦੀਆਂ ਦੂਸਰੀਆਂ ਗੱਲਾਂ ਵਿੱਚ, ਅਸੀਂ ਉਸ ਖੇਤਰ ਦੇ ਮਾਹਿਰਾਂ ਕੋਲ ਜਾਂਦੇ ਹਾਂ (**ਉਦਾਹਰਨ ਲਈ:** ਕਾਨੂੰਨੀ, ਵਿੱਤੀ, ਭਵਿੱਖ, ਸਿੱਖਿਆ, ਕਾਰੋਬਾਰੀ ਮਾਮਲੇ, ਆਦਿ)। ਤੁਸੀਂ ਇਨ੍ਹਾਂ ਮਾਹਿਰਾਂ ਤੋਂ ਉਨ੍ਹਾਂ ਸ਼ਰਤਾਂ ‘ਤੇ ਸਲਾਹ ਲੈ ਸਕਦੇ ਹੋ ਕਿ ਉਹ ਤੁਹਾਨੂੰ ਕੁਝ ਵੀ ਨਾ ਕਰਨ ਦੀ ਹਿਦਾਇਤ ਕਰਦੇ ਹਨ, ਜੋ ਅਨਿਆਂ ਦਾ ਕੰਮ ਹੈ (ਪਰਮੇਸ਼ੁਰ ਨੂੰ ਨਰਾਜ਼)।

## ਸੁਧਾਰ ਪ੍ਰਾਪਤ ਕਰਨ ਦੇ ਲਈ ਤਿਆਰ ਰਹੋ

ਇੱਕ ਰੁਕਾਵਟ ਜੋ ਸਾਨੂੰ ਸਲਾਹ ਦੁਆਰਾ ਪਰਮੇਸ਼ੁਰ ਤੋਂ ਅਗਵਾਈ ਲੈਣ ਤੋਂ ਰੋਕਦੀ ਹੈ ਉਹ ਇਹ ਹੈ ਕਿ ਅਸੀਂ ਸਿਰਫ਼ ਸਲਾਹ ਪ੍ਰਾਪਤ ਕਰਨਾ ਚਾਹੁੰਦੇ ਹਾਂ, ਜੋ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਅਸੀਂ ਕਿਸ ਵੱਲ ਝੁਕਦੇ ਹਾਂ। ਜੇ ਕੋਈ ਸਲਾਹ ਹੈ, ਜੋ ਸਾਨੂੰ ਸੁਧਾਰ ਸਕਦੀ ਹੈ, ਤਾਂ ਅਸੀਂ ਇਸ ਨੂੰ ਕਬੂਲ ਨਹੀਂ ਕਰਨਾ

ਚਾਹੁੰਦੇ। ਵਿਚਾਰ ਕਰੋ ਕਿ ਬਾਈਬਲ ਸਾਨੂੰ ਕੀ ਸਿਖਾਉਂਦੀ ਹੈ

**ਕਹਾਉਤਾਂ 12:1**
**ਜੋ ਸੁਧਾਰ ਨਾਲ ਪ੍ਰੀਤ ਰੱਖਦਾ ਹੈ, ਉਹ ਗਿਆਨ ਨਾਲ ਪ੍ਰੀਤ ਰੱਖਦਾ ਹੈ, ਪਰ ਜੋ ਤਾੜ ਨੂੰ ਬੁਰਾ ਜਾਣਦਾ ਹੈ ਉਹ ਪਸ਼ੂ ਵਰਗਾ ਹੈ।**

**ਕਹਾਉਤਾਂ 13:18**
**ਜਿਹੜਾ ਸਿੱਖਿਆ ਨੂੰ ਨਹੀਂ ਮੰਨਦਾ ਉਹ ਕੰਗਾਲ ਤੇ ਸ਼ਰਮਿੰਦਾ ਹੋਵੇਗਾ, ਪਰ ਜੋ ਤਾੜ ਵੱਲ ਚਿੱਤ ਲਾਉਂਦਾ ਹੈ ਉਹ ਦਾ ਆਦਰ ਹੋਵੇਗਾ।**

**ਕਹਾਉਤਾਂ 29:1**
**ਜਿਹੜਾ ਝੱਟੇ ਬਿੰਦੇ ਤਾੜ ਖਾ ਕੇ ਵੀ ਧੌਣ ਦਾ ਅਕੜੇਵਾਂ ਕਰੇ, ਉਹ ਅਚਾਣਕ ਭੰਨਿਆ ਜਾਵੇਗਾ ਅਤੇ ਤਦ ਉਹ ਦਾ ਕੋਈ ਉਪਾਓ ਨਾ ਹੋਵੇਗਾ।**

ਸਿੱਖਣ ਲਈ ਤਿਆਰ ਰਹੋ, ਦੀਨ ਦਿਲ ਬਣਾਈ ਰੱਖੋ ਅਤੇ ਪਰਮੇਸ਼ੁਰ ਦੀ ਸਲਾਹ ਲੈਣ ਅਤੇ ਉਨ੍ਹਾਂ ਦੀ ਭਾਲ ਕਰਨ ਵਿੱਚ ਸੁਧਾਰ ਲੱਭਣ ਦੀ ਉਡੀਕ ਕਰੋ। ਇਸ ਦਾ ਅਰਥ ਇਹ ਹੈ ਕਿ ਤੁਸੀਂ ਜਿਸ ਬਾਰੇ ਸੋਚ ਰਹੇ ਸੀ, ਉਹ ਨਹੀਂ ਹੋ ਸਕਦਾ ਜੋ ਪਰਮੇਸ਼ੁਰ ਤੁਹਾਡੇ ਰਾਹੀਂ ਕਰਨਾ ਚਾਹੁੰਦਾ ਹੈ ਅਤੇ ਇਹ ਕਿ ਤੁਹਾਨੂੰ ਆਪਣੇ ਆਪ ਨੂੰ ਪਰਮੇਸ਼ੁਰ ਦੇ ਮਾਰਗਾਂ ਦੇ ਅਨੁਸਾਰ ਬਦਲਣ ਅਤੇ ਉਸ ਦੇ ਅਨੁਸਾਰ ਆਪਣੇ ਆਪ ਨੂੰ ਢਾਲਣ ਲਈ ਤਿਆਰ ਹੋਣਾ ਚਾਹੀਦਾ ਹੈ।

**ਜ਼ਬੂਰਾਂ 141:5**
**ਧਰਮੀ ਮੈਨੂੰ ਮਾਰੇ, ਉਹ ਦੀ ਦਯਾ ਹੈ,**
**ਉਹ ਮੈਨੂੰ ਦਬਕਾਵੇ, ਉਹ ਸਿਰ ਲਈ ਤੇਲ ਹੈ,**
**ਮੇਰਾ ਸਿਰ ਉਸ ਤੋਂ ਇਨਕਾਰ ਨਾ ਕਰੇ,**
**ਉਨ੍ਹਾਂ ਦੀਆਂ ਬੁਰਿਆਈਆਂ ਵਿੱਚ ਵੀ ਮੇਰੀ ਪ੍ਰਾਰਥਨਾ ਹੁੰਦੀ ਰਹੇਗੀ।**

**ਕਹਾਉਤਾਂ 15:31**
**ਜਿਹੜਾ ਜੀਉਣ ਦਾਇਕ ਤਾੜ ਨੂੰ ਕੰਨ ਲਾ ਕੇ ਸੁਣਦਾ ਹੈ,**
**ਉਹ ਬੁੱਧਵਾਨਾਂ ਦੇ ਵਿਚਕਾਰ ਵੱਸੇਗਾ।**

**ਕਹਾਉਤਾਂ 15:32**
**ਸਿੱਖਿਆ ਨੂੰ ਰੱਦ ਕਰਨ ਵਾਲਾ ਆਪਣੀ ਹੀ ਜਾਨ ਨੂੰ ਤੁੱਛ ਜਾਣਦਾ ਹੈ,**
**ਪਰ ਜੋ ਤਾੜ ਵੱਲ ਕੰਨ ਲਾਉਂਦਾ ਹੈ ਉਹ ਸਮਝ ਪ੍ਰਾਪਤ ਕਰਦਾ ਹੈ।**

**ਉਪਦੇਸ਼ਕ ਦੀ ਪੋਥੀ 7:5**
**ਮੂਰਖ ਦਾ ਰਾਗ ਸੁਣਨ ਨਾਲੋਂ ਬੁੱਧਵਾਨ ਦੀ**
**ਤਾੜ ਸੁਣਨੀ ਮਨੁੱਖ ਦੇ ਲਈ ਚੰਗੀ ਹੈ।**

## ਧਰਮੀ ਮਾਪਿਆਂ ਦੀ ਸਲਾਹ

**ਕਹਾਉਤਾਂ 13:1**
**ਬੁੱਧਵਾਨ ਪੁੱਤਰ ਤਾਂ ਆਪਣੇ ਪਿਉ ਦੀ ਸਿੱਖਿਆ ਸੁਣਦਾ ਹੈ,**
**ਪਰ ਮਖੌਲੀਆਂ ਤਾੜ ਨੂੰ ਨਹੀਂ ਸੁਣਦਾ।**

**ਕਹਾਉਤਾਂ 1:8,9**
**8 ਹੇ ਮੇਰੇ ਪੁੱਤ੍ਰ, ਤੂੰ ਆਪਣੇ ਪਿਉ ਦਾ ਉਪਦੇਸ਼ ਸੁਣ**
**ਅਤੇ ਆਪਣੀ ਮਾਂ ਦੀ ਤਾਲੀਮ ਨੂੰ ਨਾ ਛੱਡੀਂ,**
**9 ਕਿਉਂ ਜੋ ਓਹ ਤੇਰੇ ਸਿਰ ਲਈ ਸਿੰਗਾਰਨ ਵਾਲਾ ਸਿਹਰਾ**
**ਅਤੇ ਤੇਰੇ ਗਲ ਦੇ ਲਈ ਕੈਂਠਾਂ ਹੋਣਗੀਆਂ।**

ਇੱਕ ਆਦਰ ਵਾਲੀ ਗੱਲ ਜੋ ਅਸੀਂ ਕਰ ਸਕਦੇ ਹਾਂ ਉਹ ਹੈ ਆਪਣੇ ਮਾਪਿਆਂ ਤੋਂ ਸਲਾਹ ਲੈਣਾ, ਖ਼ਾਸ ਕਰਕੇ ਜਦੋਂ ਉਹ ਧਰਮੀ ਮਾਪੇ ਹੋਣ। ਪਵਿੱਤਰ ਬਾਈਬਲ ਦੇ ਅਨੁਸਾਰ, ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਮਾਪਿਆਂ ਦੀ ਗੱਲ ਸੁਣਨੀ ਚਾਹੀਦੀ ਹੈ ਅਤੇ ਉਨ੍ਹਾਂ ਤੋਂ ਸਲਾਹ ਅਤੇ ਸਿੱਖਿਆ ਲੈਣੀ ਚਾਹੀਦੀ ਹੈ। ਉਹ ਤੁਹਾਨੂੰ ਸਨਮਾਨ ਅਤੇ ਆਦਰ ਦੇ ਨਾਲ ਲੋਕਾਂ ਦੇ ਦਰਮਿਆਨ ਚੱਲਣ ਦੀ ਪ੍ਰੇਰਣਾ ਦੇਣਗੇ।

## *ਮਾਰਚ 1984: ਯਿਸੂ ਨੇ ਤੀਹ ਸਾਲ ਇੰਤਜ਼ਾਰ ਕੀਤਾ*

ਮੈਨੂੰ ਬਹੁਤ ਸਾਰੇ ਮੌਕਿਆਂ ‘ਤੇ ਮੇਰੇ ਆਲੇ-ਦੁਆਲੇ ਦੇ ਲੋਕਾਂ ਦੀ ਸਲਾਹ ਅਤੇ ਸਹਾਇਤਾ ਦੀ ਬਖਸ਼ਿਸ਼ ਮਿਲੀ ਹੈ, ਉਨ੍ਹਾਂ ਵਿੱਚੋਂ ਇੱਕ ਜੋ ਸੱਚਮੁੱਚ ਖਾਸ ਹੈ, ਮਾਰਚ 1984 ਵਿੱਚ ਵਾਪਰਿਆ। ਇਹ ਸਕੂਲ ਵਿੱਚ 10 ਵੀਂ ਜਮਾਤ ਪਾਸ ਕਰਨ ਤੋਂ ਬਾਅਦ ਸੀ। ਮੈਂ ਪ੍ਰਭੂ ਦੀ ਸੇਵਾ ਕਰਨ ਲਈ ਇੰਨਾ ਭਾਵੁਕ ਸੀ ਕਿ ਮੈਂ ਫੈਸਲਾ ਕੀਤਾ ਕਿ ਮੈਨੂੰ ਹੁਣ ਅਧਿਐਨ ਕਰਨ ਦੀ ਜ਼ਰੂਰਤ ਨਹੀਂ ਹੈ ਅਤੇ ਮੈਨੂੰ ਪੂਰੇ ਸਮੇਂ ਦੀ ਸੇਵਕਾਈ ਵਿੱਚ ਜਾਣਾ ਪਏਗਾ। ਉਸ ਸਮੇਂ, ਮੈਂ ਆਪਣੇ ਮਾਤਾ-ਪਿਤਾ ਨੂੰ ਬਹੁਤ ਦੁੱਖ ਪਹੁੰਚਾਇਆ, ਖਾਸ ਕਰਕੇ ਮੇਰੇ ਪਿਤਾ ਨੂੰ। ਪਰ ਮੇਰੇ ਪਿਤਾ ਜੀ ਨੇ ਇੱਕ ਬਹੁਤ ਹੀ ਅਦਭੁੱਤ ਗੱਲ ਕੀਤੀ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅਸੀਂ ਦੋ ਮਸੀਹੀ ਆਗੂਆਂ ਦੇ ਨਾਲ ਸਲਾਹ ਕਰੀਏ, ਜਿਸ ਨਾਲ ਮੈਂ ਸਹਿਮਤ

ਹੋਇਆ। ਇਸ ਲਈ ਸਭ ਤੋਂ ਪਹਿਲਾਂ, ਉਹ ਮੈਨੂੰ ਇੰਡੀਅਨ ਇਵੈਂਜਲੀਕਲ ਮਿਸ਼ਨ (ਆਈ.ਈ.ਐੱਮ.) ਦੇ ਸਕੱਤਰ ਜਨਰਲ ਡਾ. ਥੀਓਡੋਰ ਵਿਲੀਅਮ ਕੋਲ ਲੈ ਗਏ। ਮੇਰੇ ਮਨ ਵਿੱਚ ਡਾ. ਥੀਓਡੋਰ ਵਿਲੀਅਮ ਦਾ ਬਹੁਤ ਸਤਿਕਾਰ ਸੀ ਅਤੇ ਮੈਂ ਉਸ ਨੂੰ ਰੋਜ਼ਾਨਾ ਤੌਰ ‘ਤੇ ਰੇਡੀਓ ‘ਤੇ ਸੁਣਦਾ ਸੀ ਅਤੇ ਰਿਚਮੰਡ ਟਾਊਨ ਮੈਂਡਿਸਟ ਚਰਚ (ਆਰ ਟੀ ਐੱਮ ਸੀ) ਵਿੱਚ ਪ੍ਰਚਾਰ ਕਰਨ ਦਾ ਅਨੰਦ ਲੈਂਦਾ ਸੀ। ਡਾ. ਥੀਓਡੋਰ ਵਿਲੀਅਮ ਨੇ ਧੀਰਜ ਨਾਲ ਸਾਡੀ ਗੱਲ ਸੁਣੀ ਅਤੇ ਉਸ ਤੋਂ ਬਾਅਦ ਅਲੰਤ ਰਾਵਲ ਦਾ ਬਿਆਨ ਸੁਣਿਆ। ਉਨ੍ਹਾਂ ਨੇ ਆਖਿਆ, “ਯਿਸੂ ਨੇ ਆਪਣਾ ਰੋਣਾ ਸ਼ੁਰੂ ਕਰਨ ਤੋਂ ਪਹਿਲਾਂ ਤੀਹ ਸਾਲ ਇੰਤਜ਼ਾਰ ਕੀਤਾ, ਤੈਨੂੰ ਇੰਨੀ ਕਾਹਲੀ ਕਿਉਂ ਹੈ?” ਉਨ੍ਹਾਂ ਨੇ ਜੋ ਕਿਹਾ ਉਹ ਬਹੁਤ ਸਾਰਥਕ ਸੀ। ਇਸ ਲਈ ਅਸੀਂ ਉੱਥੋਂ ਚਲੇ ਗਏ ਅਤੇ ਉਸ ਤੋਂ ਬਾਅਦ ਮੇਰੇ ਪਿਤਾ ਮੈਨੂੰ ਡਾ. ਥਾਮਸ ਗਿਆਨਮੁਥੂ ਕੋਲ ਲੈ ਗਏ, ਜਿਨ੍ਹਾਂ ਨੇ ਆਰ. ਟੀ. ਐੱਮ. ਐੱਸ ਵਿੱਚ ਸੇਵਾ ਕੀਤੀ। ਡਾ. ਥਾਮਸ ਗਿਆਨਮੁਥੂ ਨੇ ਸਾਡੀ ਗੱਲ ਸੁਣੀ ਅਤੇ ਫਿਰ ਕਿਹਾ: “ਯਿਸੂ ਨੇ ਆਪਣੀ ਸੇਵਕਾਈ ਸ਼ੁਰੂ ਕਰਨ ਤੋਂ ਪਹਿਲਾਂ ਤੀਹ ਸਾਲ ਇੰਤਜ਼ਾਰ ਕੀਤਾ, ਤੁਸੀਂ ਇੰਨੀ ਕਾਹਲੀ ਵਿੱਚ ਕਿਉਂ ਹੋ?” ਮੈਂ ਇਸ ਤੋਂ ਬਹੁਤ ਹੈਰਾਨ ਸੀ। ਜਿਨ੍ਹਾਂ ਦੋ ਆਦਮੀਆਂ ਨੇ ਮੈਨੂੰ ਸਲਾਹ ਦਿੱਤੀ ਸੀ, ਉਨ੍ਹਾਂ ਨੇ ਵੀ ਇਹੀ ਗੱਲ ਕਹੀ। ਮੈਂ ਤੁਰੰਤ ਸਹੀ ਰਾਹ ‘ਤੇ ਆ ਗਿਆ ਅਤੇ ਆਪਣੀ ਪੜ੍ਹਾਈ ਜ਼ਾਰੀ ਰੱਖਣ ਲਈ ਸਹਿਮਤ ਹੋ ਗਿਆ। ਪਿੱਛੇ ਮੁੜ ਕੇ ਵੇਖਦਿਆਂ, ਮੈਂ ਵੇਖਦਾ ਹਾਂ ਕਿ ਮੇਰੇ ਕੋਲ ਉਤਸ਼ਾਹ ਸੀ ਪਰ ਕੋਈ ਬੁੱਧੀ ਨਹੀਂ ਸੀ ਅਤੇ ਮੈਂ ਆਪਣੇ ਪਿਤਾ ਦਾ ਧੰਨਵਾਦੀ ਹਾਂ ਜੋ ਉਸ ਨੇ ਕੀਤਾ ਸੀ ਅਤੇ ਇਨ੍ਹਾਂ ਧਰਮੀ ਲੋਕਾਂ ਦੀ ਸਲਾਹ ਲਈ ਵੀ ਜਿਨ੍ਹਾਂ ਨੇ ਮੇਰੇ ਜੀਵਨ ਨੂੰ ਉਸ ਦਿਸ਼ਾ ਵੱਲ ਲਿਜਾਉਣ ਵਿੱਚ ਸਹਾਇਤਾ ਕੀਤੀ ਜਿਸ ਵਿੱਚ ਪਰਮੇਸ਼ੁਰ ਮੈਨੂੰ ਲੈਕੇ ਜਾਣਾ ਚਾਹੁੰਦਾ ਸੀ।

## ਪ੍ਰਤੀਬਿੰਬ

1) ਕੀ ਤੁਹਾਡੇ ਜੀਵਨ ਵਿੱਚ ਕੋਈ ਸਮਾਂ ਆਇਆ ਸੀ, ਜਦੋਂ ਤੁਸੀਂ ਪਰਮੇਸ਼ੁਰ ਦੀ ਸਲਾਹ ਮੰਗੀ ਸੀ? ਤੁਸੀਂ ਇਹ ਕਿਵੇਂ ਕੀਤਾ? ਤੁਸੀਂ ਕਿਸ ਕੋਲ ਗਏ ਸੀ? ਨਤੀਜ਼ਾ ਕੀ ਨਿਕਲਿਆ?

2) ਲੋਕ ਪਰਮੇਸ਼ੁਰ ਦੀ ਸਲਾਹ ਲੈਣ ਤੋਂ ਕਿਉਂ ਝਿਜਕਦੇ ਹਨ? ਅਸੀਂ ਇਨ੍ਹਾਂ ਰੁਕਾਵਟਾਂ ਨੂੰ ਕਿਵੇਂ ਪਾਰ ਕਰ ਸਕਦੇ ਹਾਂ?

# 11
# ਨਵਾਂ ਮਨ

ਦੂਸਰਾ ਮਹੱਤਵਪੂਰਣ ਤਰੀਕਾ ਜਿਸ ਨਾਲ ਅਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਦੇ ਹਾਂ, ਉਹ ਹੈ ਸਾਡੇ ਨਵੇਂ ਦਿਮਾਗ਼ਾਂ ਦੀ ਵਰਤੋਂ ਦੇ ਦੁਆਰਾ।

ਸਾਨੂੰ ਇਸ ਨੂੰ ਸਹੀ ਢੰਗ ਨਾਲ ਸਮਝਣਾ ਹੋਵੇਗਾ। ਅਸੀਂ ਜਾਣਦੇ ਹਾਂ ਕਿ ਕੁਦਰਤੀ ਮਨ ਪਰਮੇਸ਼ੁਰ ਦੀਆਂ ਗੱਲਾਂ ਨੂੰ ਨਹੀਂ ਸਮਝ ਸਕਦਾ (1 ਕੁਰਿੰਥੀਆਂ 2:14)। ਅਸੀਂ ਜਾਣਦੇ ਇਹ ਵੀ ਹਾਂ ਕਿ ਸਰੀਰਿਕ ਮਨ (ਸਰੀਰ ਦੇ ਅਨੁਸਾਰ ਚੱਲਣਾ) ਪਰਮੇਸ਼ੁਰ ਦੇ *ਵਿਰੁੱਧ ਦੁਸ਼ਮਣ* ਹੈ (ਰੋਮੀਆਂ 8:7)। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦੇ ਰਾਹ ਅਤੇ ਪਰਮੇਸ਼ੁਰ ਦੇ ਵਿਚਾਰ ਸਾਡੇ ਰਾਹਾਂ ਅਤੇ ਵਿਚਾਰਾਂ ਨਾਲੋਂ ਬਹੁਤ ਉੱਚੇ ਹਨ (ਯਸਾਯਾਹ 55:8,9)। ਇਸ ਲਈ ਪਰਮੇਸ਼ੁਰ ਦੇ ਨਾਲ ਚੱਲਣ ਲਈ, ਸਾਨੂੰ ਆਪਣੇ ਸੁਭਾਵਿਕ ਜਾਂ ਸਰੀਰਿਕ ਮਨਾਂ ਦੇ ਚਲਾਏ ਸ਼ਾਸ਼ਨ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਕੀਤਾ ਜਾ ਸਕਦਾ ਹੈ।

ਪਵਿੱਤਰ ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਆਪਣੀ ਸਮਝ ਦਾ ਸਹਾਰਾ ਨਾ ਲਈਏ (‘ਤੇ ਨਿਰਭਰ ਨਾ ਰਹੋ, ਮਦਦ ਨਾ ਲਓ)। ਇਸ ਦੀ ਬਜਾਇ, ਇਹ ਸਾਨੂੰ ਆਪਣੇ ਸਾਰੇ ਮਾਰਗਾਂ ਵਿੱਚ ਉਸ ਦੀ ਨੁਮਾਇੰਦਗੀ ਕਰਨੀ ਹੈ।

**ਕਹਾਉਤਾਂ 3:5,6**
**5 ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ**
**ਅਤੇ ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ।**
**6 ਆਪਣੇ ਸਾਰਿਆਂ ਰਾਹਾਂ ਵਿੱਚ ਉਹ ਨੂੰ ਪਛਾਣ ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ।**

ਅਕਸਰ, ਅਸੀਂ ਇਸ ਆਇਤ ਦੀ ਗ਼ਲਤ ਵਿਆਖਿਆ ਕਰਦੇ ਹਾਂ ਅਤੇ ਕਹਿੰਦੇ ਹਾਂ ਕਿ ਸਾਨੂੰ ਆਪਣੀ ਸਮਝ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਰਮੇਸ਼ੁਰ ਇੱਥੇ ਇਹ ਨਹੀਂ ਸਿਖਾ ਰਿਹਾ ਹੈ। ਅਸੀਂ ਆਪਣੀ ਸਮਝ ਦੀ ਵਰਤੋਂ

ਕਰਦੇ ਹਾਂ ਅਤੇ ਫਿਰ ਵੀ ਜਦੋਂ ਅਸੀਂ ਅਜਿਹਾ ਕਰਦੇ ਹਾਂ, ਅਸੀਂ ਆਪਣੇ ਕਦਮਾਂ ਨੂੰ ਮਾਰਗ ਦਿਖਾਉਣ ਅਤੇ ਆਪਣੇ ਰਾਹ ਸਥਾਪਿਤ ਕਰਨ ਲਈ ਪਰਮੇਸ਼ੁਰ 'ਤੇ ਪੂਰੀ ਤਰ੍ਹਾਂ ਨਿਰਭਰ ਰਹਿੰਦੇ ਹਾਂ ਅਤੇ ਭਰੋਸਾ ਕਰਦੇ ਹਾਂ।

ਪਰਮੇਸ਼ੁਰ ਨੇ ਸਾਡੇ ਮਨ ਨੂੰ ਬਣਾਇਆ ਹੈ। ਪਰਮੇਸ਼ੁਰ ਨੇ ਸਾਡੀਆਂ ਬੌਧਿਕ ਯੋਗਤਾਵਾਂ ਨੂੰ ਬਣਾਇਆ ਅਤੇ ਉਨ੍ਹਾਂ ਨੂੰ ਸਾਨੂੰ ਦਿੱਤਾ। ਪਰਮੇਸ਼ੁਰ ਸਾਨੂੰ ਆਗਿਆ ਦਿੰਦਾ ਹੈ ਕਿ ਅਸੀਂ ਆਪਣੇ ਮਨਾਂ ਦੀ ਵਰਤੋਂ ਕਰੀਏ।

**ਕਹਾਉਤਾਂ 4:26**
**ਆਪਣੇ ਪੈਰਾਂ ਲਈ ਰਾਹ ਨੂੰ ਪੱਧਰਾ ਕਰ, ਤਾਂ ਤੇਰੇ ਸਾਰੇ ਪਹੇ ਕਾਇਮ ਹੋਣਗੇ।**

ਸਾਨੂੰ ਆਪਣੇ ਰਾਹ ਦੇ ਵਿਸ਼ੇ 'ਤੇ ਵਿਚਾਰ ਕਰਨਾ ਪਏਗਾ ਜਿਸ ਤੇ ਅਸੀਂ ਚੱਲ ਰਹੇ ਹਾਂ (ਤੋਲਣਾ, ਜਾਨਣਾ, ਪੁਸ਼ਟੀ ਕਰਨਾ, ਸੋਚ ਸਮਝ ਕੇ ਯੋਜਨਾ ਬਣਾਓ, ਅਧਿਐਨ ਕਰਨਾ, ਸਾਵਧਾਨ ਰਹਿਣਾ), ਤਾਂ ਜੋ ਅਸੀਂ ਇਹ ਨਿਸ਼ਚਿਤ ਕਰ ਸਕੀਏ ਕਿ ਅਸੀਂ ਜੋ ਵੀ ਕਰਦੇ ਹਾਂ ਉਸ ਵਿੱਚ ਦ੍ਰਿੜ, ਸੁਰੱਖਿਅਤ, ਅਟੱਲ ਅਤੇ ਸਥਾਪਿਤ ਹਾਂ।

ਪਰਮੇਸ਼ੁਰ ਨੇ ਸਾਨੂੰ ਆਪਣਾ ਮਨ ਦਿੱਤਾ ਹੈ ਅਤੇ ਇਹ ਵੀ ਨਿਰਦੇਸ਼ ਦਿੱਤਾ ਹੈ ਕਿ ਅਸੀਂ ਇਸ ਦੀ ਸਹੀ ਵਰਤੋਂ ਕਿਵੇਂ ਕਰੀਏ। ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਦੀ ਸਮੱਸਿਆ ਇਹ ਹੈ ਕਿ ਅਸੀਂ ਆਪਣੇ ਮਨ ਨੂੰ ਆਪਣਾ ਦੁਸ਼ਮਣ ਸਮਝਦੇ ਹਾਂ। ਜਿਵੇਂ ਪਰਮੇਸ਼ੁਰ ਨੇ ਸਾਨੂੰ ਆਪਣੇ ਮਨ ਦੀ ਵਰਤੋਂ ਕਰਨ ਦੇ ਲਈ ਕਿਹਾ ਹੈ, ਉਸ ਦੇ ਅਨੁਸਾਰ ਜੇ ਅਸੀਂ ਆਪਣੇ ਮਨ ਦਾ ਉਪਯੋਗ ਕਰਦੇ ਹਾਂ। ਤਾਂ ਜੀਵਨ ਦੀਆਂ ਪ੍ਰਸਥਿਤੀਆਂ ਵਿੱਚ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨ ਵਿੱਚ ਸਹਾਇਤਾ ਪ੍ਰਾਪਤ ਹੋਵੇਗੀ।

## ਜੋ ਚੰਗਾ ਹੈ ਉਸ ਨੂੰ ਸਾਬਿਤ ਕਰੋ

**ਰੋਮੀਆਂ 12:1,2**
**[1] ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਿਮਤਾਂ ਦੀ ਖ਼ਾਤਿਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।**
**[2] ਅਤੇ ਇਸ ਜੁੱਗ ਦੇ ਰੂਪ ਜਿਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।**

ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਮਨ ਦੀ ਵਰਤੋਂ ਨੂੰ ਨਹੀਂ ਛੱਡਣਾ ਚਾਹੀਦਾ ਹੈ। ਇਸ ਦੀ ਬਜਾਇ, ਸਾਨੂੰ ਆਪਣੇ ਮਨ ਨੂੰ ਨਵਾਂ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਉਸ ਤਰੀਕੇ ਨਾਲ ਵਰਤਣਾ ਚਾਹੀਦਾ ਹੈ, ਜਿਸ ਤਰ੍ਹਾਂ ਪਰਮੇਸ਼ੁਰ ਨੇ ਸਾਡੇ ਲਈ ਨਿਰਧਾਰਤ ਕੀਤਾ ਹੈ। ਨਵੇਂ ਸਿਰੇ ਤੋਂ ਆਏ ਮਨ ਦਾ ਇੱਕ ਫ਼ਾਇਦਾ, ਇਹ ਹੈ ਕਿ ਇਹ ਇਸ ਗੱਲ ਨੂੰ ਪਹਿਚਾਣ ਸਕਦਾ ਹੈ ਕਿ ਕਿਸੇ ਵੀ ਹਾਲਾਤ ਵਿੱਚ ਪਰਮੇਸ਼ੁਰ ਦੀ ਇੱਛਾ ਕੀ ਹੈ।

ਅਸੀਂ ਪਰਮੇਸ਼ੁਰ ਦੇ ਰਾਹਾਂ ਅਤੇ ਵਿਚਾਰਾਂ ਦੇ ਅਨੁਸਾਰ ਸੋਚਣ ਲਈ ਨਵਾਂਪਨ ਕਰਦੇ ਹਾਂ ਅਤੇ ਉਸ ਨੂੰ ਸਿਖਲਾਈ ਦਿੰਦੇ ਹਾਂ। ਉਹ ਮਨ ਜੋ ਪਰਮੇਸ਼ੁਰ ਦੇ ਵਚਨ ਦੇ ਦੁਆਰਾ ਪਰਮੇਸ਼ੁਰ ਦੇ ਉੱਚੇ ਰਾਹਾਂ ਅਤੇ ਵਿਚਾਰਾਂ ਦੇ ਅਨੁਕੂਲ ਬਣਦਾ ਰਿਹਾ ਹੈ ਅਤੇ ਬਣਨਾ ਜ਼ਾਰੀ ਰੱਖਦਾ ਹੈ। ਇਹ ਨਵਾਂ ਮਨ ਹੈ। ਇਹ ਉਹ ਹੈ ਜੋ ਅਸੀਂ ਪਰਮੇਸ਼ੁਰ ਦੇ ਵਚਨ ਨਾਲ ਕਰਦੇ ਹਾਂ।

ਨਵਾਂ ਮਨ ਸਿੱਧ ਕਰਨ ਦੀ ਯੋਗਤਾ ਹੈ (ਯੂਨਾਨੀ *'ਡੋਕੀਮਾਜ਼ੋ'* ), ਅਰਥਾਤ, "ਪਰਖ ਕਰਨ ਲਈ, ਅਜ਼ਮਾਇਸ਼ ਤੋਂ ਬਾਅਦ ਅਸਲ ਵਜੋਂ ਪਛਾਣਨਾ, ਪ੍ਰਮਾਣਿਤ ਕਰਨ" ਲਈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ। ਇੱਥੇ ਤਸਵੀਰ ਧਾਤ ਦੀ ਜਾਂਚ ਕਰਨ ਲਈ ਹੈ, ਭਾਵੇਂ ਇਹ ਅਸਲੀ ਹੈ ਜਾਂ ਨਹੀਂ। ਇਸ ਤਰ੍ਹਾਂ, ਨਵਾਂ ਮਨ ਉਪਲੱਬਧ ਜਾਣਕਾਰੀ ਦੀ ਪ੍ਰਕਿਰਿਆ ਕਰਦਾ ਹੈ ਅਤੇ ਇਸ ਨੂੰ ਉਨ੍ਹਾਂ ਸਾਰੀਆਂ ਗੱਲਾਂ ਨਾਲ ਪਛਾਣਦਾ ਹੈ ਕਿ ਪਰਮੇਸ਼ੁਰ ਦੀ ਅਸਲ ਭਲੀ-ਭਾਂਤੀ ਅਤੇ ਸੰਪੂਰਨ ਇੱਛਾ ਕੀ ਹੈ।

## ਜਾਣਨ ਲਈ ਸਿਖਲਾਈ ਪ੍ਰਾਪਤ

ਅਸੀਂ ਪਰਮੇਸ਼ੁਰ ਦੇ ਵਚਨ ਦੇ ਸੰਬੰਧ ਵਿੱਚ ਇਬਰਾਨੀਆਂ 5:12-14 ਵਿੱਚ ਪਰਮੇਸ਼ੁਰ ਬਾਰੇ ਕੀ ਪੜ੍ਹਦੇ ਹਾਂ ਦੇਖੋ:

**ਇਬਰਾਨੀਆਂ 5:12-14**

**12 ਕਿਉਂ ਜੋ ਚਿਰ ਹੋਣ ਕਰਕੇ ਤੁਹਾਨੂੰ ਉਪਦੇਸ਼ਕ ਹੋਣਾ ਚਾਹੀਦਾ ਸੀ ਪਰ ਤੁਹਾਨੂੰ ਲੋੜ ਹੈ ਭਈ ਕੋਈ ਤੁਹਾਨੂੰ ਪਰਮੇਸ਼ੁਰ ਦੀ ਬਾਣੀ ਦੇ ਮੂਲ ਮੰਤਰਾਂ ਦਾ ਮੁੱਢ ਫੇਰ ਸਿਖਾਵੇ ਅਤੇ ਤੁਸੀਂ ਅਜਿਹੇ ਬਣ ਗਏ ਹੋ ਜੋ ਤੁਹਾਨੂੰ ਅੰਨ ਦੀ ਨਹੀਂ ਸਗੋਂ ਦੁੱਧ ਦੀ ਲੋੜ ਪਈ ਹੋਈ ਹੈ!**

**13 ਹਰੇਕ ਜਿਹੜਾ ਦੁੱਧ ਹੀ ਵਰਤਦਾ ਹੈ, ਉਹ ਧਰਮ ਦੇ ਬਚਨ ਤੋਂ ਅਣਜਾਣ ਹੈ ਇਸ ਲਈ ਕਿ ਨਿਆਣਾ ਹੈ।**

**14 ਪਰ ਅੰਨ ਸਿਆਣਿਆਂ ਲਈ ਹੈ ਜਿਨ੍ਹਾਂ ਦੀਆਂ ਗਿਆਨ ਇੰਦਰੀਆਂ ਭਲੇ ਬੁਰੇ ਦੀ ਜਾਂਚ ਕਰਨ**

**ਨੂੰ ਅਭਿਆਸ ਨਾਲ ਸਾਧੀਆਂ ਹੋਈਆਂ ਹਨ।**

ਜਿਵੇਂ ਕਿ ਅਸੀਂ ਪਰਮੇਸ਼ੁਰ ਦੇ ਵਚਨ ਵਿੱਚ ਪਰਿਪੱਕ ਹੁੰਦੇ ਹਾਂ ਅਤੇ ਬਣੇ ਰਹਿੰਦੇ ਹਾਂ, ਤਦ ਸਾਡੀਆਂ ਇੰਦਰੀਆਂ (ਅਨੁਭੂਤੀ ਦੇ ਅੰਗ) ਸਹੀ ਅਤੇ ਗ਼ਲਤ ਕੀ ਹੈ ਪਹਿਚਾਨਣ (ਵਿਤਕਰਾ ਕਰਨ ਲਈ, ਪਰਖਣ ਲਈ) ਉਪਯੋਗ ਕੀਤੇ ਜਾਂਦੇ ਹਨ। (ਖਿਡਾਰੀ ਦੇ ਸਮਾਨ ਸਿਖਲਾਈ ਦਿੱਤੀ ਜਾਂਦੀ ਹੈ) ਵਚਨ ਦੀ ਨਿਰੰਤਰ ਵਰਤੋਂ ਦੇ ਕਾਰਨ, ਅਸੀਂ ਤੁਰੰਤ ਜਾਣ ਜਾਂਦੇ ਹਾਂ ਕਿ ਕੀ ਸਹੀ ਹੈ ਅਤੇ ਕੀ ਗ਼ਲਤ ਹੈ।

ਅਨਾਜ ਵਚਨ ਦੇ ਠੋਸ ਮਾਸ ਨੂੰ ਦਰਸਾਉਂਦਾ ਹੈ। ਜਿਹੜੇ ਪਰਿਪੱਕ ਹੁੰਦੇ ਹਨ ਉਹ ਲੋਕ ਉਹ ਹੁੰਦੇ ਹਨ ਜੋ ਵਚਨ ਦਾ ਠੋਸ ਮਾਸ ਖਾਂਦੇ ਹਨ। ਇਨ੍ਹਾਂ ਲੋਕਾਂ ਦੀਆਂ ਗਿਆਨ ਇੰਦਰੀਆਂ (ਬੋਧ, ਪਰਖ ਦੇ ਅੰਗ) ਕੀ ਸਹੀ ਹੈ ਅਤੇ ਕੀ ਗ਼ਲਤ ਹੈ ਇਸ ਨੂੰ ਜਾਣਨ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਵੇਖੋ ਕਿ ਹੋਰ ਸੰਸਕਰਣਾਂ ਨੇ ਇਸ ਆਇਤ ਦਾ ਅਨੁਵਾਦ ਕਿਵੇਂ ਕੀਤਾ ਹੈ ਦੇਖੋ:

- **ਕੰਟੈਮਪ੍ਰੇਰੀ ਇੰਗਲਿਸ਼ ਵਰਜ਼ਨ:** ਠੋਸ ਅਨਾਜ ਪਰਿਪੱਕ ਲੋਕਾਂ ਲਈ ਹੈ, ਜਿਨ੍ਹਾਂ ਨੂੰ ਗ਼ਲਤ ਅਤੇ ਸਹੀ ਦੇ ਵਿਚਕਾਰ ਅੰਤਰ ਦੱਸਣ ਲਈ ਸਿਖਲਾਈ ਦਿੱਤੀ ਗਈ ਹੈ।
- **ਨਿਊ ਅਮੈਰੀਕਨ ਸਟੈਂਡਰਡ:** ਪਰ ਠੋਸ ਭੋਜਨ ਉਨ੍ਹਾਂ ਲਈ ਹੈ, ਜੋ ਵੱਡੇ ਹੋਏ ਹਨ। ਆਪਣੇ ਤਜ਼ਰਬੇ ਤੋਂ, ਉਸ ਨੇ ਚੰਗੇ ਅਤੇ ਬੁਰਾਈ ਦੇ ਵਿਚਕਾਰ ਅੰਤਰ ਵੇਖਣਾ ਸਿੱਖਿਆ ਹੈ।
- **ਇੰਗਲਿਸ਼ ਸਟੈਂਡਰਡ ਵਰਜ਼ਨ:** ਪਰ ਠੋਸ ਭੋਜਨ ਪਰਿਪੱਕ ਲਈ ਹੈ, ਉਨ੍ਹਾਂ ਲੋਕਾਂ ਦੇ ਲਈ ਜਿਨ੍ਹਾਂ ਦੀ ਪਹਿਚਾਣ ਕਰਨ ਦੀ ਸ਼ਕਤੀ ਨੂੰ ਬੁਰਾਈ ਤੋਂ ਚੰਗਿਆਈ ਨੂੰ ਵੱਖ ਕਰਨ ਦੇ ਨਿਰੰਤਰ ਅਭਿਆਸ ਦੁਆਰਾ ਸਿਖਲਾਈ ਦਿੱਤੀ ਗਈ ਹੈ।
- **ਗੁੱਡ ਨਿਊਜ਼ ਬਾਈਬਲ:** ਦੂਜੇ ਪਾਸੇ, ਠੋਸ ਭੋਜਨ ਬਾਲਗਾਂ ਦੇ ਲਈ ਹੈ ਜੋ ਅਭਿਆਸ ਕਰਕੇ ਚੰਗੇ ਅਤੇ ਬੁਰੇ ਦੇ ਵਿੱਚ ਫਰਕ ਕਰਨ ਦੇ ਯੋਗ ਹੁੰਦੇ ਹਨ।

ਇਸ ਤੋਂ ਪਤਾ ਲੱਗਦਾ ਹੈ ਕਿ ਨਵੇਂ ਸਿਰੇ ਤੋਂ ਆਏ ਮਨ ਵਿੱਚ ਇਹ ਪਤਾ ਲੱਗਣ ਦੀ ਯੋਗਤਾ ਹੁੰਦੀ ਹੈ ਕਿ ਕੀ ਸਹੀ ਹੈ ਅਤੇ ਕੀ ਗ਼ਲਤ ਹੈ, ਇਸ ਤਰ੍ਹਾਂ

ਇਹ ਤੈਅ ਕੀਤਾ ਜਾਂਦਾ ਹੈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ ਅਤੇ ਕੀ ਨਹੀਂ ਹੈ।

## ਪਤਾ ਕਰੋ, ਸਮਝੋ

ਅਸੀਂ ਪਿਛਲੇ ਅਧਿਆਇ ਵਿੱਚ ਅਫ਼ਸੀਆਂ 5 'ਤੇ ਵਿਚਾਰ ਕੀਤਾ ਹੈ ਅਤੇ ਅਸੀਂ ਇਸ ਹਵਾਲੇ ਨੂੰ ਦੁਬਾਰਾ ਪੜ੍ਹਾਂਗੇ:

**ਅਫ਼ਸੀਆਂ 5:8-10,17**
**8 ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ।**
**9 ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ ਅਤੇ ਸੱਚਿਆਈ ਵਿੱਚ ਹੈ**
**10 ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ।**
**17 ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ।**

ਚਾਨਣ ਦੇ ਬੱਚੇ ਹੋਣ ਦੇ ਨਾਤੇ, ਅਸੀਂ ਆਪਣੇ ਜੀਵਨਾਂ ਨੂੰ ਪ੍ਰਭੂ ਦੇ ਲਈ "**ਇਹ ਪਤਾ ਲਗਾਉਣ**" ਵਿੱਚ ਜੀਉਂਦੇ ਹਾਂ (ਅਰਥਾਤ, ਜਾਂਚਨਾ, ਸਾਬਿਤ ਕਰਨ, ਪਛਾਣਨਾ, ਪਤਾ ਲਗਾਉਣਾ) ਕਿ ਕੀ "ਪ੍ਰਭੂ ਦੀ ਇੱਛਿਆ" ਹੈ। "ਪਤਾ ਲਗਾਉਣ" ਦੀ ਪ੍ਰਕਿਰਿਆ ਦਾ ਅਰਥ ਹੈ ਕਿ ਅਸੀਂ ਆਪਣੇ ਨਵੇਂ ਦਿਮਾਗ਼ ਦੀ ਵਰਤੋਂ ਕਰਦੇ ਹਾਂ। ਅਸੀਂ ਸਹੀ ਹਾਂ ਅਤੇ ਗ਼ਲਤ ਕੀ ਹੈ। ਪ੍ਰਭੂ ਦੇ ਲਈ ਪ੍ਰਸੰਨਤਾਦਾਇਕ ਕੀ ਹੈ, ਜਦੋਂ ਇਹ ਨਿਰਧਾਰਿਤ ਕਰਦੇ ਸਮੇਂ ਅਸੀਂ ਇੱਕ ਨਵੇਂ ਮਨ ਨਾਲ ਤੱਥਾਂ ਦੀ ਜਾਂਚ ਕਰਦੇ ਹਾਂ, ਅਸੀਂ ਪੁੱਛਦੇ ਹਾਂ, ਅਸੀਂ ਸੋਚਦੇ ਹਾਂ, ਅਸੀਂ ਤਰਕ ਕਰਦੇ ਹਾਂ, ਅਸੀਂ ਜਾਂਚ ਕਰਦੇ ਹਾਂ, ਅਸੀਂ ਸਾਬਿਤ ਕਰਦੇ ਹਾਂ, ਅਸੀਂ ਪ੍ਰਸ਼ਨ ਕਰਦੇ ਹਾਂ, ਆਦਿ।

**"ਮਨ ਭਾਉਂਦਾ"** *'ਯੂਆਰੇਸਟੋਜ਼'* ਇਸ ਸ਼ਬਦ ਦੇ ਦਿੱਤੇ ਗਏ ਯੂਨਾਨੀ ਸ਼ਬਦ ਦਾ ਅਰਥ ਹੈ, ਪ੍ਰਭੂ ਨੂੰ ਪੂਰੀ ਤਰ੍ਹਾਂ ਮਨਭਾਉਂਦਾ ਅਤੇ ਪ੍ਰਭੂ ਨੂੰ ਪ੍ਰਸੰਨ ਕਰਨਾ। ਇਸ ਲਈ ਨਿਹਚਾਵਾਨ ਹੋਣ ਦੇ ਨਾਤੇ, ਸਾਨੂੰ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਨਾਲ ਪਰਮੇਸ਼ੁਰ ਦੇ ਲਈ ਕੀ ਮਨਭਾਉਂਦਾ ਅਤੇ ਪ੍ਰਸੰਨਤਾਦਾਇਕ ਹੈ, ਇਹ ਜਾਨਣ ਦੇ ਲਈ ਯਤਨ ਕਰੋ।

ਇਸ ਤੋਂ ਇਲਾਵਾ, ਆਇਤ 17 ਵਿੱਚ, ਸਾਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਅਸੀਂ **"ਮੂਰਖ"** ਨਾ ਬਣੀਏ। ਥੈਅਰਜ਼ ਦੀਆਂ ਯੂਨਾਨੀ ਵਿਆਖਿਆਵਾਂ ਵਿੱਚ, "ਮੂਰਖ" ਦੇ ਲਈ ਯੂਨਾਨੀ ਸ਼ਬਦ *('ਅਫਰੋਨ')* ਦੇ ਹੇਠਾਂ ਲਿਖੇ ਅਰਥ ਹਨ:

"ਗ਼ੈਰ-ਵਾਜਬ, ਅਰਥਹੀਣ, ਮੂਰਖ, ਬੇਵਕੂਫ਼, ਵਿਚਾਰਹੀਣ, ਬਿਨ੍ਹਾਂ ਸੋਚੇ ਸਮਝੇ ਜਾਂ ਬਿਨ੍ਹਾਂ ਬੁੱਧੀ ਦੇ ਵਿਚਾਰ ਅਤੇ ਕੰਮ ਕਰਨਾ।" ਮੂਰਖ ਬਣਨ ਦੀ ਬਜਾਇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ।

**"ਸਮਝਣ"** ਦੇ ਲਈ ਦਿੱਤੇ ਗਏ ਯੂਨਾਨੀ ਸ਼ਬਦ ਦਾ ਅਰਥ "ਹੈ ਇਕੱਠੇ ਕਰਨਾ, ਮਨ ਵਿੱਚ ਇਕੱਠੇ ਜੋੜਨਾ, ਉਲਟ ਅਰਥਾਂ ਦੁਆਰਾ ਇਕੱਠੇ ਕਰਨਾ, ਦੋ ਮੁਕਾਬਲੇਬਾਜ਼ਾਂ ਨੂੰ ਇਕੱਠੇ ਕਰਨਾ," ਇਸ ਤਰ੍ਹਾਂ ਬਾਹਰੀ ਤੌਰ 'ਤੇ ਵਿਰੁੱਧ ਦਿੱਸਣ ਵਾਲੀਆਂ ਕਲਪਨਾਵਾਂ ਨਾਲ ਵਿਚਾਰ ਕਰਨਾ, ਸੂਚਿਤ ਹੁੰਦਾ ਹੈ। ਇਹ ਆਇਤ ਸਾਨੂੰ ਸਿਖਾ ਰਹੀ ਹੈ ਕਿ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਸਮਝਣ ਅਤੇ ਪਰਮੇਸ਼ੁਰ ਤੋਂ ਅਗਵਾਈ ਪ੍ਰਾਪਤ ਕਰਨ ਲਈ ਆਪਣੀ ਬੁੱਧੀ ਨੂੰ ਨਹੀਂ ਹਟਾਉਂਦੇ ਹਾਂ।

## ਪਰਮੇਸ਼ੁਰ ਦੇ ਰਾਹ ਅਤੇ ਵਿਚਾਰ

ਮੁੱਖ ਤੌਰ 'ਤੇ, ਨਵਾਂ ਮਨ ਕਿਸੇ ਵੀ ਹਾਲਾਤ ਵਿੱਚ ਪਰਮੇਸ਼ੁਰ ਦੇ ਰਾਹਾਂ ਅਤੇ ਵਿਚਾਰਾਂ ਨੂੰ ਵਰਤਦਾ ਹੈ। ਇੱਕ ਨਵਾਂ ਮਨ ਪਰਮੇਸ਼ੁਰ ਦੀਆਂ ਮੰਗਾਂ, ਪਰਮੇਸ਼ੁਰ ਦੇ ਵਿਚਾਰਾਂ (ਵਚਨ ਅਤੇ ਪ੍ਰਕਾਸ਼ਨ) ਦੇ ਗਿਆਨ ਅਤੇ ਸਮਝ ਦੀ ਵਰਤੋਂ ਕਰਨ ਦੇ ਯੋਗ ਹੁੰਦਾ ਹੈ ਅਤੇ ਸਾਡੇ ਲਈ ਉਪਲੱਬਧ ਜਾਣਕਾਰੀ ਨੂੰ ਲੜੀਬੱਧ ਕਰਨ ਦੇ ਯੋਗ ਹੁੰਦਾ ਹੈ, ਤਾਂ ਜੋ ਅਸੀਂ ਜਾਣ ਸਕੀਏ ਕਿ ਉਸ ਹਾਲਾਤ ਵਿੱਚ ਪਰਮੇਸ਼ੁਰ ਦੇ ਲਈ ਕੀ ਪ੍ਰਸੰਨਦਾਇਕ ਹੈ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਨਵੇਂ ਮਨ ਨਾਲ ਜੀਵਨ ਬਿਤਾਈਏ ਅਤੇ ਨਵੇਂ ਮਨ ਨਾਲ ਫੈਸਲੇ ਲਈਏ। ਉਸ ਦੀ ਅਗਵਾਈ ਸਾਨੂੰ ਆਪਣੇ ਨਵੇਂ ਮਨ ਦੀ ਵਰਤੋਂ ਕਰਨ ਦਾ ਮੌਕਾ ਦਿੰਦੀ ਹੈ।

## ਨਵਾਂ ਮਨ ਸੁਭਾਵਿਕ ਮਨ ਤੋਂ ਪਰ੍ਹੇ ਜਾਂਦਾ ਹੈ

ਅਸੀਂ ਨਹੀਂ ਜਾਣਦੇ ਹਾਂ ਕਿ ਇੱਕ ਸਮਾਂ ਆਵੇਗਾ, ਜਦੋਂ ਸਾਨੂੰ ਪਰਮੇਸ਼ੁਰ ਦੀ ਅਗਵਾਈ ਦੇ ਲਈ ਆਪਣੇ ਬੁੱਧੀਮਾਨ ਮਨ ਦੁਆਰਾ ਬਣਾਏ ਗਏ ਬੰਧਨਾਂ ਨੂੰ ਦੂਰ ਕਰਨਾ ਪਵੇਗਾ। ਕਿ ਅਜਿਹਾ ਸਮੇਂ ਆਏਗਾ ਜਦ ਪਰਮੇਸ਼ੁਰ ਦੀ ਅਗਵਾਈ ਦੇ ਲਈ ਬੁੱਧੀਮਾਨ ਮਨ ਦੁਆਰਾ ਉਤਪਨ ਪ੍ਰਤੀਬੰਧਨਾਂ ਨੂੰ ਸਾਨੂੰ ਹਟਾ ਕੇ ਰੱਖਣਾ ਹੋਵੇਗਾ। ਇੱਕ ਨਵਾਂ ਮਨ ਸਾਨੂੰ ਪਰਮੇਸ਼ੁਰ ਦੇ ਰਾਹਾਂ ਦੇ ਅਨੁਸਾਰ ਚੱਲਣ ਅਤੇ ਉਸ ਦੇ ਵਿਚਾਰਾਂ ਅਨੁਸਾਰ ਸੋਚਣ ਦੇ ਯੋਗ ਬਣਾਉਂਦਾ ਹੈ। ਇਹ ਸਾਨੂੰ ਸੁਭਾਵਿਕ

ਮਨ ਦੇ ਵਿਚਾਰਾਂ ਦੇ ਖੇਤਰ ਤੋਂ ਦੂਰ ਲੈ ਜਾਂਦਾ ਹੈ। ਨਵਾਂ ਮਨ ਚਮਤਕਾਰਾਂ ਅਤੇ ਰੱਬੀ ਸੰਭਾਵਨਾਵਾਂ ਦੇ ਰੂਪ ਵਿੱਚ ਸੋਚਣ ਦੇ ਯੋਗ ਹੁੰਦਾ ਹੈ। ਇਹ ਸਿਰਫ਼ ਇੱਛਾਵਾਂ ਦੀ ਸੋਚ ਨਹੀਂ ਹੈ, ਸਗੋਂ ਪਰਮੇਸ਼ੁਰ ਦੇ ਵਚਨ ਨਾਲ ਇਕਸਾਰ ਸੋਚ ਹੈ ਅਤੇ ਪਰਮੇਸ਼ੁਰ ਕੌਣ ਹੈ ਅਤੇ ਉਹ ਕਿਸੇ ਵੀ ਸਮੇਂ ਕੀ ਕਰਨਾ ਚਾਹੁੰਦਾ ਹੈ, ਇਸ ਨਾਲ ਇਕਸਾਰ ਹੈ। ਨਵਾਂ ਮਨ ਇਹ ਵੇਖਣ ਦੇ ਯੋਗ ਹੈ ਕਿ ਪਰਮੇਸ਼ੁਰ ਪੰਜ ਮੱਛੀਆਂ ਅਤੇ ਦੋ ਰੋਟੀਆਂ ਨੂੰ ਲੈ ਸਕਦਾ ਹੈ ਅਤੇ ਪੰਜ ਹਜ਼ਾਰ ਤੋਂ ਵੱਧ ਲੋਕਾਂ ਨੂੰ ਖੁਆ ਸਕਦਾ ਹੈ। ਨਵਾਂ ਮਨ ਇਹ ਵੇਖਣ ਦੇ ਯੋਗ ਹੈ ਕਿ ਪਰਮੇਸ਼ੁਰ ਸਾਡੇ ਵਿਚਕਾਰ ਕੰਮ ਕਰਦਾ ਹੈ ਕਿ ਪਾਣੀ ਨੂੰ ਮੈਂ ਵਿੱਚ ਬਦਲਿਆ ਜਾ ਸਕਦਾ ਹੈ। ਜਦੋਂ ਪਰਮੇਸ਼ੁਰ। ਲੋਕ ਪਾਣੀ ਉੱਤੇ ਚੱਲ ਸਕਦੇ ਹਨ ਅਤੇ ਹਰ ਤਰ੍ਹਾਂ ਦੇ ਚਮਤਕਾਰ ਵਾਪਰਦੇ ਹੁੰਦੇ ਹਨ ਜਦੋਂ ਕਿ ਇਹ ਸੁਭਾਵਿਕ ਤਰਕਸ਼ੀਲ ਮਨ ਤਰਕਹੀਣ ਅਤੇ ਹਾਸੋਹੀਣ ਲੱਗ ਸਕਦਾ ਹੈ, ਨਵਾਂ ਮਨ ਅਲੌਕਿਕ ਸ਼ਕਤੀ ਨੂੰ ਆਮ ਸਮਝਦਾ ਹੈ।

## ਪ੍ਰਤੀਬਿੰਬ

1) ਰੋਮੀਆਂ 12:2 ਵਿੱਚ ਪਵਿੱਤਰ ਬਾਈਬਲ ਜਿਸ "ਨਵੀਂ ਬੁੱਧੀ" ਦੇ ਵਿਸ਼ੇ ਵਿੱਚ ਕਹਿੰਦਾ ਹੈ, ਤੁਸੀਂ ਉਸ ਸ਼ਬਦ ਦੁਆਰਾ ਕੀ ਸਮਝਦੇ ਹੋ?
2) ਅਸੀਂ ਆਪਣੇ ਮਨਾਂ (ਬੁੱਧੀ) ਨੂੰ ਕਿਵੇਂ ਨਵਾਂ ਕਰ ਸਕਦੇ ਹਾਂ?
3) ਨਵੀਂ ਬੁੱਧੀ ਜਾਂ ਮਨ ਜੀਵਨ ਦੇ ਹਾਲਾਤਾਂ ਵਿੱਚ ਪਰਮੇਸ਼ੁਰ ਦੀ ਅਗਵਾਈ ਲੈਣ ਵਿੱਚ ਸਾਡੀ ਕਿਵੇਂ ਮਦਦ ਕਰ ਸਕਦਾ ਹੈ?

# 12
# ਸਮੇਂ ਅਤੇ ਰੁੱਤਾਂ

**ਉਪਦੇਸ਼ਕ ਦੀ ਪੋਥੀ 3:1,11**
**1 ਹਰੇਕ ਕੰਮ ਦਾ ਇੱਕ ਸਮਾਂ ਹੈ ਅਤੇ ਹਰ ਮਨੋਰਥ ਦਾ ਜੋ ਅਕਾਸ਼ ਦੇ ਹੇਠ ਹੈ ਇੱਕ ਵੇਲਾ ਹੈ।**
**11 ਉਸ ਨੇ ਹਰੇਕ ਵਸਤ ਆਪੋ ਆਪਣੇ ਸਮੇਂ ਵਿੱਚ ਸੁੰਦਰ ਬਣਾਈ ਹੈ ਅਤੇ ਉਸ ਨੇ ਸਦੀਪਕਕਾਲ ਨੂੰ ਵੀ ਓਹਨਾਂ ਦੇ ਮਨ ਵਿੱਚ ਟਿਕਾ ਦਿੱਤਾ ਹੈ, ਤਾਂ ਵੀ ਇਨਸਾਨ ਉਸ ਕੰਮ ਨੂੰ ਜੋ ਪਰਮੇਸ਼ੁਰ ਆਦ ਤੋਂ ਲੈ ਕੇ ਅੰਤ ਤੋੜੀ ਕਰਦਾ ਹੈ ਬੁੱਝ ਨਹੀਂ ਸਕਦਾ।**

**ਦਾਨੀਏਲ 2:21**
**ਉਹੀ ਸਮਿਆਂ ਤੇ ਵੇਲਿਆਂ ਨੂੰ ਬਦਲਦਾ ਹੈ, ਉਹੀ ਰਾਜਿਆਂ ਨੂੰ ਹਟਾਉਂਦਾ ਤੇ ਅਸਥਾਪਦਾ ਹੈ, ਉਹੀ ਬੁੱਧਵਾਨਾਂ ਨੂੰ ਬੁੱਧ ਤੇ ਗਿਆਨੀਆਂ ਨੂੰ ਗਿਆਨ ਦਿੰਦਾ ਹੈ।**

ਪਰਮੇਸ਼ੁਰ ਯੋਜਨਾ, ਵਿਵਸਥਾ ਅਤੇ ਬਨਾਵਟ ਦਾ ਪਰਮੇਸ਼ੁਰ ਹੈ। ਪਰਮੇਸ਼ੁਰ ਮਨਮਰਜ਼ੀ ਜਾਂ ਬੇਤਰਤੀਬੇ ਢੰਗ ਨਾਲ ਕੰਮ ਨਹੀਂ ਕਰਦਾ। ਪਰਮੇਸ਼ੁਰ ਇੱਕ ਯੋਜਨਾ ਨਾਲ ਕੰਮ ਕਰਦਾ ਹੈ। ਉਹ ਆਪਣੀਆਂ ਯੋਜਨਾਵਾਂ ਨੂੰ ਉਨ੍ਹਾਂ ਦੇ ਨਿਰਧਾਰਿਤ ਸਮੇਂ ਵਿੱਚ ਪ੍ਰਗਟ ਕਰਦਾ ਹੈ। ਸਮਾਂ ਇੱਕ ਨਮੂਨੇ ਦਾ ਸਿਧਾਂਤ ਹੈ, ਜਿਸ ਨਾਲ ਅਸੀਂ ਕੰਮ ਕਰਦੇ ਹਾਂ। ਸਾਡੇ ਲਈ ਸਾਡੇ ਕੋਲ ਅਤੀਤ ਹੈ, ਵਰਤਮਾਨ ਹੈ ਅਤੇ ਭਵਿੱਖ ਹੈ। ਪਰਮੇਸ਼ੁਰ ਸਮੇਂ ਤੋਂ ਬਾਹਰ ਜੀਉਂਦਾ ਹੈ। ਪਰਮੇਸ਼ੁਰ ਅਜੇ ਵੀ ਸਦੀਪਕ ਕਾਲ ਵਿੱਚ ਜੀਉਂਦਾ ਹੈ। ਉਹ ਮਹਾਨ "ਮੈਂ ਹਾਂ" ਹੈ। ਉਹ ਹਮੇਸ਼ਾਂ ਹੁਣ ਵਿੱਚ ਹੁੰਦਾ ਹੈ। ਜਦੋਂ ਪਰਮੇਸ਼ੁਰ ਸਾਡੇ ਖੇਤਰ ਵਿੱਚ ਕੰਮ ਕਰਦਾ ਹੈ, ਤਾਂ ਉਹ *'ਕੈਰੋਸ'* ਦੇ ਸਮੇਂ ਦੇ ਅਨੁਸਾਰ ਗੱਲਾਂ ਦਾ ਖੁਲਾਸਾ ਕਰਦਾ ਹੈ ਜੋ ਕਿ ਸਹੀ ਸਮਾਂ ਹੈ, ਸਮੇਂ ਦਾ ਸਹੀ ਪਲ ਹੈ, ਜੋ ਪਰਮੇਸ਼ੁਰ ਕਰਨਾ ਚਾਹੁੰਦਾ ਹੈ (ਸਾਡੇ ਸਮੇਂ ਦੇ ਸਿਧਾਂਤ ਵਿੱਚ)।

ਪਰਮੇਸ਼ੁਰ ਅਕਸਰ ਸਮੇਂ ਤੋਂ ਪਹਿਲਾਂ ਸਾਡੇ ਜੀਵਨ ਦੀਆਂ ਗੱਲਾਂ ਬਾਰੇ ਬੋਲਦਾ ਹੈ। ਫਿਰ ਉਹ ਸਾਨੂੰ ਸਮੇਂ ( *'ਕ੍ਰੋਨੋਸ,'* ਸਮਾਂ, ਅਵਧੀ ਜਾਂ ਸਮੇਂ ਦੀ ਮਿਆਦ) ਦੇ ਨਾਲ ਤਿਆਰ ਕਰਦਾ ਹੈ, ਜੋ ਸਾਨੂੰ *'ਕੈਰੋਸ'* ਪਲ ਦੇ ਨੇੜੇ ਲਿਆਉਂਦਾ ਹੈ, ਜਦੋਂ ਉਹ ਉਨ੍ਹਾਂ ਗੱਲਾਂ ਦਾ ਖੁਲਾਸਾ ਕਰਨ ਲੱਗਦਾ ਹੈ, ਜਿਨ੍ਹਾਂ ਬਾਰੇ ਉਸ ਨੇ

ਸਾਨੂੰ ਕੁਝ ਕਿਹਾ ਹੈ। ਉਦਾਹਰਣ ਦੇ ਲਈ, ਪਰਮੇਸ਼ੁਰ ਨੇ ਉਤਪਤ 3:15 ਵਿੱਚ ਅਦਨ ਦੇ ਬਾਗ਼ ਵਿੱਚ ਇੱਕ ਔਰਤ ਦੀ ਸੰਤਾਨ ਨੂੰ ਭੇਜਣ ਬਾਰੇ ਗੱਲ ਕੀਤੀ ਸੀ, ਜੋ ਸ਼ੈਤਾਨ ਦੇ ਸਿਰ ਨੂੰ ਕੁਚਲਣ ਵਾਲਾ ਸੀ। ਲੱਗਭੱਗ 4000 ਸਾਲਾਂ ਬਾਅਦ, ਯਿਸੂ ਮਸੀਹ ਇਸ ਸੰਸਾਰ ਵਿੱਚ ਆਇਆ। ਇੰਨੇ ਲੰਬੇ ਸਮੇਂ ਦਾ ਇੰਤਜ਼ਾਰ ਕਿਉਂ ਕਰਨਾ ਪਿਆ? ਇੱਕੋ ਇੱਕ ਕਾਰਨ ਜੋ ਪਵਿੱਤਰ ਬਾਈਬਲ ਦੱਸਦੀ ਹੈ, ਉਹ ਇਹ ਹੈ ਕਿ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਉਦੋਂ ਭੇਜਿਆ ਜਦੋਂ "ਸਮਾਂ ਪੂਰਾ ਹੋ ਗਿਆ ਸੀ" (ਯੂਨਾਨੀ *'ਕ੍ਰੋਨੋਸ'*) (ਗਲਾਤੀਆਂ 4:4)। ਜਦੋਂ ਵੰਸ਼ਾਵਲੀ ਦਾ ਸਮੇਂ ਪੂਰਾ ਹੋ ਗਿਆ ਤਾਂ ਸਾਨੂੰ *'ਕੈਰੋਸ '* ਪਲ ਵਿੱਚ ਲਿਆਂਦਾ ਗਿਆ, ਤਦ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਭੇਜਿਆ।

ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਦੂਸਰੀਆਂ ਉਦਾਹਰਣਾਂ ਵਿੱਚ ਸਮਾਨ ਰੂਪ ਨਾਲ ਕੰਮ ਕਰਦਾ ਹੈ। ਜਦੋਂ *'ਕ੍ਰੋਨੋਸ'* ਦਾ ਸਮਾਂ ਪੂਰਾ ਹੋ ਗਿਆ ਸੀ, ਤਾਂ ਜੋ 400 ਸਾਲਾਂ ਦੀ ਮਿਆਦ *('ਕ੍ਰੋਨੋਸ')* ਜਿਸ ਬਾਰੇ ਪਰਮੇਸ਼ੁਰ ਨੇ ਗੱਲ ਕੀਤੀ ਸੀ ਉਹ ਪੂਰਾ ਹੋ ਜਾਵੇਗਾ (ਰਸੂਲਾਂ ਦੇ ਕਰਤੱਬ 7:17), ਫਿਰ ਇਸ ਸਮੇਂ ( *'ਕੈਰੋਸ'*, ਰਸੂਲਾਂ ਦੇ ਕਰਤੱਬ 7:20), ਮੂਸਾ ਦਾ ਜਨਮ ਹੋਇਆ ਸੀ।

"ਕਦੋਂ," ਅਤੇ "ਹੁਣ ਵਾਲੇ ਪਲ" ਦਾ ਉਲੇਖ ਕਰਦੇ ਹੋਏ ਸਮੇਂ (ਇਬਰਾਨੀ *'ਆਇਥ'*) ਪਰਮੇਸ਼ੁਰ ਦੇ ਹੱਥਾਂ ਵਿੱਚ ਹੈ (ਜ਼ਬੂਰਾਂ 31:15)। ਪਰਮੇਸ਼ੁਰ ਦੇ ਰਾਹਾਂ ਦੇ ਇਸ ਪਹਿਲੂ ਨੂੰ ਸਮਝਣਾ, ਇਹ ਜਾਣਨ ਲਈ ਬਹੁਤ ਜ਼ਰੂਰੀ ਹੈ ਕਿ ਪਰਮੇਸ਼ੁਰ ਸਾਡੇ ਤੋਂ ਕੀ ਕਰਵਾਉਣਾ ਚਾਹੁੰਦਾ ਹੈ ਕਿ ਅਸੀਂ ਕੀ ਕਰੀਏ। ਇਸ ਨਾਲ ਸਾਨੂੰ ਸਹੀ ਤਰੀਕੇ ਨਾਲ ਉਸ ਦੀ ਅਗਵਾਈ ਪ੍ਰਾਪਤ ਕਰਨ ਵਿੱਚ ਮਦਦ ਮਿਲਦੀ ਹੈ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਪਹਿਚਾਨਣ ਵਾਲੇ ਉਹ ਲੋਕ ਬਣੀਏ, ਉਹ ਲੋਕ ਜੋ ਉਸ ਦੇ ਨਜ਼ਰੀਏ ਤੋਂ ਸਮੇਂ ਅਤੇ ਰੁੱਤਾਂ ਨੂੰ ਸਮਝਦੇ ਹਨ ਅਤੇ ਫਿਰ ਉਸ ਅਨੁਸਾਰ ਕੰਮ ਕਰਦੇ ਹਨ।

ਹੇਠਾਂ ਲਿਖੀ ਆਇਤ 'ਤੇ ਵਿਚਾਰ ਕਰੋ:

**1 ਇਤਿਹਾਸ 12:32**
**ਅਤੇ ਯਿੱਸਾਕਾਰੀਆਂ ਵਿੱਚੋਂ ਜਿਹੜੇ ਵੇਲੇ ਸਮੇਂ ਦੀ ਵੰਡ ਕਰਦੇ ਸਨ, ਅਰ ਜਾਣਦੇ ਸਨ, ਭਈ ਇਸਰਾਏਲ ਨੂੰ ਕੀ ਕਰਨਾ ਚਾਹੀਦਾ ਹੈ, ਸੋ ਉਨ੍ਹਾਂ ਦੇ ਮੁਖੀਏ ਦੋ ਸੌ ਸਨ ਅਤੇ ਉਨ੍ਹਾਂ ਦੇ ਸਾਰੇ**

**ਭਰਾ ਉਨ੍ਹਾਂ ਦੀ ਆਗਿਆ ਵਿੱਚ ਸਨ।**

ਯਿੱਸਾਕਾਰ ਦੇ ਪੁੱਤਰਾਂ ਵਾਂਗ, ਜਦੋਂ ਅਸੀਂ ਸਮੇਂ ਅਤੇ ਰੁੱਤਾਂ ਨੂੰ ਸਮਝਦੇ ਹਾਂ, ਸਾਨੂੰ ਪਤਾ ਲੱਗੇਗਾ ਕਿ ਅਸੀਂ ਕੀ ਕਰਨਾ ਹੈ। ਅੰਤ, ਪਰਮੇਸ਼ੁਰ ਤੋਂ ਅਗਵਾਈ ਲੈਣ ਵੇਲੇ, ਸਾਨੂੰ ਉਨ੍ਹਾਂ ਸਮਿਆਂ ਅਤੇ ਰੁੱਤਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਜੋ ਪਰਮੇਸ਼ੁਰ ਨੇ ਸਾਡੇ ਲਈ ਨਿਰਧਾਰਿਤ ਕੀਤੇ ਹਨ।

**ਉਪਦੇਸ਼ਕ ਦੀ ਪੋਥੀ 8:5,6**
**5 ਉਹ ਜੋ *(ਰਾਜੇ ਅਤੇ ਆਗੂ)* ਆਗਿਆ ਮੰਨਦਾ ਹੈ ਕਿਸੇ ਬੁਰਿਆਈ ਨੂੰ ਨਾ ਵੇਖੇਗਾ ਅਤੇ ਬੁੱਧਵਾਨ ਦਾ ਮਨ ਵੇਲੇ ਅਤੇ ਜੋਗਤਾ ਨੂੰ ਸਿਆਣਦਾ ਹੈ।**
**6 ਕਿਉਂ ਜੋ ਹਰ ਮਨੋਰਥ ਦਾ ਵੇਲਾ ਅਤੇ ਜੋਗਤਾ ਹੈ ਭਾਵੇਂ ਆਦਮੀ ਦੀ ਬਿਪਤਾ ਉਹ ਦੇ ਉੱਤੇ ਵੱਡੀ ਹੋਵੇ।**

ਵਿਚਾਰ ਕਰੋ ਕਿ ਇਹ ਵਚਨ ਕੀ ਕਹਿ ਰਹੇ ਹਨ: ਬੁੱਧੀਮਾਨ ਲੋਕ ਕੰਮ ਕਰਨ ਦਾ ਸਹੀ ਸਮਾਂ ਜਾਣਦੇ ਹਨ, ਕਿਉਂਕਿ ਹਰ ਗੱਲ ਦੇ ਲਈ ਸਹੀ ਸਮਾਂ ਅਤੇ ਉਸ ਨੂੰ ਕਰਨ ਦਾ ਸਹੀ ਤਰੀਕਾ ਹੁੰਦਾ ਹੈ।

ਭਾਵੇਂ ਅਸੀਂ ਸਹੀ ਕੰਮ ਕਰਦੇ ਹਾਂ, ਫਿਰ ਵੀ ਜੇ ਅਸੀਂ ਇਸ ਨੂੰ ਗ਼ਲਤ ਸਮੇਂ ‘ਤੇ ਕਰਦੇ ਹਾਂ, ਤਾਂ ਅਸੀਂ ਮੁਸੀਬਤ ਵਿੱਚ ਪੈ ਸਕਦੇ ਹਾਂ। ਇੱਕ ਉਦਾਹਰਣ ਦੇ ਤੌਰ ਤੇ, ਵਿਆਹ ਬਾਰੇ ਸੋਚੋ। ਵਿਆਹ ਇੱਕ ਚੰਗੀ ਗੱਲ ਹੈ, ਪਰਮੇਸ਼ੁਰ ਦੁਆਰਾ ਤਿਆਰ ਕੀਤੀ ਗਈ ਅਤੇ ਨਿਯੁਕਤ ਕੀਤੀ ਗਈ ਗੱਲ ਹੈ, ਪਰ ਜੇ ਸਕੂਲ / ਕਾਲਜ ਤੋਂ ਬਾਹਰ ਕੋਈ ਨੌਜਵਾਨ ਵਿਅਕਤੀ ਜਿਸ ਕੋਲ ਕੋਈ ਨੌਕਰੀ ਨਹੀਂ ਹੈ, ਰੋਜ਼ੀ-ਰੋਟੀ ਦਾ ਕੋਈ ਸਾਧਨ ਨਹੀਂ ਹੈ, ਜੋ ਪਰਿਪੱਕ ਨਹੀਂ ਹੈ, “ਪਿਆਰ ਵਿੱਚ ਪੈ ਜਾਂਦਾ ਹੈ” ਅਤੇ ਵਿਆਹ ਕਰਨ ਦਾ ਫੈਸਲਾ ਕਰਦਾ ਹੈ, ਤਾਂ ਇਹ ਬਹੁਤ ਮੁਸੀਬਤ ਪੈਦਾ ਕਰ ਸਕਦਾ ਹੈ। ਉਹ ਕੰਮ ਜੋ ਸਹੀ ਸਮੇਂ ‘ਤੇ ਨਹੀਂ ਕੀਤਾ ਗਿਆ, ਉਹ ਸਮੱਸਿਆਵਾਂ ਲਿਆ ਸਕਦਾ ਹੈ।

ਜਿਵੇਂ ਕਿ ਅਸੀਂ ਜੀਵਨ ਵਿੱਚ ਅੱਗੇ ਵੱਧਦੇ ਹਾਂ ਅਤੇ ਪਰਮੇਸ਼ੁਰ ਦੀ ਅਗਵਾਈ ਦੀ ਭਾਲ ਕਰਦੇ ਹਾਂ, ਸਾਨੂੰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਆਪਣੇ ਜੀਵਨ ਦੇ ਲਈ ਉਸ ਦੇ ਸਮੇਂ ਅਤੇ ਰੁੱਤਾਂ ਦੀ ਸਮਝ ਨਾਲ ਚੱਲੀਏ।

ਇਸ ਲਈ ਸਾਨੂੰ ਪਰਮੇਸ਼ੁਰ ਵੱਲ ਵੇਖਣਾ ਪਏਗਾ, ਨਾ ਸਿਰਫ਼ ਇਸ ਲਈ

ਕਿ ਉਹ ਕੀ ਚਾਹੁੰਦਾ ਹੈ ਕਿ ਅਸੀਂ ਉਹ ਕਰੀਏ, ਪਰ ਇਸ ਲਈ ਵੀ ਕਿ ਉਹ ਕਦੋਂ ਚਾਹੁੰਦਾ ਹੈ ਕਿ ਅਸੀਂ ਕੁਝ ਕਰੀਏ। ਸਾਨੂੰ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ ਅਤੇ ਇਸ ਵਿੱਚ ਕਦਮ ਰੱਖਣ ਲਈ ਸਹੀ ਸਮੇਂ ਦਾ ਇੰਤਜ਼ਾਰ ਕਰਨਾ ਹੋਵੇਗਾ।

ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਦੁਆਰਾ ਪਰਮੇਸ਼ੁਰ ਸਾਡੇ ਲਈ ਸਹੀ ਸਮੇਂ ਤੇ ਕੁਝ ਪ੍ਰਗਟ ਕਰੇਗਾ। ਇਹ ਪਿੱਛੇ ਚਰਚਾ ਕੀਤੀਆਂ ਗਈਆਂ ਕੁਝ ਵਿਧੀਆਂ ਵਿੱਚੋਂ ਇੱਕ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਲਈ, ਪਰਮੇਸ਼ੁਰ ਦਾ ਵਚਨ, ਅੰਦਰੂਨੀ ਗਵਾਹਾਂ ਦੁਆਰਾ, ਪਵਿੱਤਰ ਆਤਮਾ ਦੀ ਅੰਦਰੂਨੀ ਅਵਾਜ਼ ਦੇ ਦੁਆਰਾ, ਆਦਿ। ਇੱਕ ਸਮਾਂ ਹੁੰਦਾ ਹੈ ਜਦੋਂ ਅਸੀਂ ਹਾਲਾਤਾਂ ਨੂੰ ਅਤੇ ਸਮੇਂ ਦੇ ਸੰਕੇਤਾਂ ਨੂੰ ਪਛਾਣਦੇ ਹਾਂ ਅਤੇ ਫਿਰ ਸਮਝਦੇ ਹਾਂ ਕਿ ਸਹੀ ਸਮਾਂ ਆ ਗਿਆ ਹੈ।

ਇੱਕ ਵਿਵਹਾਰਕ ਉਦਾਹਰਨ ‘ਤੇ ਵਿਚਾਰ ਕਰੋ:

ਮੰਨ ਲਓ ਕਿ ਤੁਸੀਂ ਇੱਕ ਕਾਲਜ ਦੇ ਵਿਦਿਆਰਥੀ ਹੋ ਅਤੇ ਤੁਹਾਡੇ ਦਿਲ ਵਿੱਚ ਇੱਕ ਖਾਸ ਉਦਯੋਗ ਵਿੱਚ ਕਾਰੋਬਾਰ ਸ਼ੁਰੂ ਕਰਨ ਦੀ ਪ੍ਰੇਰਣਾ ਹੈ। ਜਦੋਂ ਤੁਸੀਂ ਇਸ ਵਿਸ਼ੇ ਵਿੱਚ ਪ੍ਰਾਰਥਨਾ ਕਰਦੇ ਹੋ ਅਤੇ ਪਰਮੇਸ਼ੁਰ ਤੋਂ ਮਾਰਗ ਦਰਸ਼ਨ ਦੀ ਮੰਗ ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ, ਜਿਨ੍ਹਾਂ ਦੁਆਰਾ ਉਹ ਤੁਹਾਡੇ ਨਾਲ ਗੱਲ ਕਰਦਾ ਹੈ, ਜਿਨ੍ਹਾਂ ਦਾ ਅਸੀਂ ਹੁਣ ਤੱਕ ਅਧਿਐਨ ਕੀਤਾ ਹੈ। ਪਰਮੇਸ਼ੁਰ ਤੁਹਾਡੇ ਮਨ ਵਿੱਚ ਪਾ ਸਕਦਾ ਹੈ ਕਿ ਤੁਸੀਂ ਇਸ ਲਈ ਸਿਖਲਾਈ ਪ੍ਰਾਪਤ ਕਰੋ ਅਤੇ ਆਪਣੇ ਆਪ ਨੂੰ ਸੁਚੱਜਿਤ ਕਰੋ। ਇਸ ਲਈ ਤੁਸੀਂ ਲੋੜੀਂਦੀਆਂ ਪੜ੍ਹਾਈਆਂ ਨੂੰ ਪੂਰਾ ਕਰਦੇ ਹੋ। ਜਦੋਂ ਤੁਸੀਂ ਕਾਰੋਬਾਰ ਸ਼ੁਰੂ ਕਰਨ ਦੀ ਮਜ਼ਬੂਤ ਇੱਛਾ ਮਹਿਸੂਸ ਕਰਦੇ ਹੋ, ਫਿਰ ਵੀ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਸਮਾਂ ਅਜੇ ਨਹੀਂ ਆਇਆ ਹੈ ਅਤੇ ਤੁਸੀਂ ਮਹਿਸੂਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਮਾਰਗ ਦਰਸ਼ਨ ਕਰ ਰਿਹਾ ਹੈ ਕਿ ਤੁਸੀਂ ਕਿਸੇ ਸੰਸਥਾ ਵਿੱਚ ਕੰਮ ਕਰੋ ਤਾਂ ਜੋ ਤੁਸੀਂ ਵਾਧੂ ਹੁਨਰ ਪ੍ਰਾਪਤ ਕਰ ਸਕੋ, ਇੱਕ ਨੈਟਵਰਕ ਸਥਾਪਿਤ ਕਰ ਸਕੋ, ਆਦਿ। ਇਸ ਤਰ੍ਹਾਂ, ਪਰਮੇਸ਼ੁਰ ਤੁਹਾਨੂੰ *‘ਕ੍ਰੋਨੋਸ’* ਤੋਂ ਬਾਹਰ ਲੈ ਜਾਂਦਾ ਹੈ, ਜੋ ਕਿ ਤੁਹਾਡੇ ਲਈ ਤਿਆਰੀ ਦਾ ਸਮਾਂ ਹੈ ਅਤੇ ਉਹ ਤੁਹਾਨੂੰ ਸਹੀ ਸਮੇਂ ‘ਤੇ *‘ਕੈਰੋਸ’* ਤੇ ਲੈ ਕੇ ਆ ਰਿਹਾ ਹੈ, ਇੱਕ ਕਾਰੋਬਾਰ ਦੀ ਕਲਪਨਾ ਕਰਨਾ ਸ਼ੁਰੂ ਕਰਨਾ ਉਹ ਵੀ ਸਹੀ ਸਮੇਂ ਵਿੱਚ। ਇਸ ਲਈ ਆਪਣੇ ਕਾਰੋਬਾਰੀ ਵਿਚਾਰ ਨੂੰ ਤਿਆਰ ਕਰਨ ਦੇ ਇੰਨੇ

ਸਾਲਾਂ ਬਾਅਦ, ਤੁਸੀਂ ਮਹਿਸੂਸ ਕਰਦੇ ਹੋ ਕਿ ਸਮਾਂ ਸਹੀ ਹੈ। ਤੁਸੀਂ ਕਾਰੋਬਾਰ ਸ਼ੁਰੂ ਕਰਨ ਦੇ ਲਈ ਬੌਧਿਕ ਤੌਰ 'ਤੇ, ਭਾਵਨਾਤਮਕ ਤੌਰ 'ਤੇ, ਆਰਥਿਕ ਤੌਰ 'ਤੇ, ਪੇਸ਼ੇਵਰ ਤੌਰ ਤਿਆਰ ਹੋ। ਇਸੇ ਤਰ੍ਹਾਂ, *'ਕੈਰੋਸ'* ਪਲ ਵਿੱਚ, ਪਰਮੇਸ਼ੁਰ ਗੱਲਾਂ ਨੂੰ ਇਕੱਠੇ ਰੱਖਦਾ ਹੈ (ਇਸ ਵਿਸ਼ੇ 'ਤੇ ਅਤੇ ਅਗਲੇ ਪੰਨੇ 'ਤੇ)। ਉਹ ਉਨ੍ਹਾਂ ਲੋਕਾਂ ਨੂੰ ਲਿਆ ਸਕਦਾ ਹੈ ਜੋ ਤੁਹਾਡੇ ਨਾਲ ਭਾਈਵਾਲੀ ਕਰਨ ਦੇ ਲਈ ਤਿਆਰ ਹਨ। ਉਹ ਉਨ੍ਹਾਂ ਲੋਕਾਂ ਨੂੰ ਲਿਆ ਸਕਦਾ ਹੈ, ਜੋ ਤੁਹਾਡੀ ਕਾਰੋਬਾਰੀ ਕਲਪਨਾ ਵਿੱਚ ਨਿਵੇਸ਼ ਕਰਨ ਦੇ ਲਈ ਤਿਆਰ ਹਨ। ਇਹ ਸਾਰੀਆਂ ਗੱਲਾਂ *'ਕੈਰੋਸ'* ਪਲ ਵਿੱਚ "ਅਚਾਨਕ" ਇਕੱਠੀਆਂ ਹੁੰਦੀਆਂ ਹਨ। ਇਸ ਲਈ ਹੁਣ ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਤੁਹਾਡਾ ਇੱਕ ਕਾਰੋਬਾਰ ਸ਼ੁਰੂ ਕਰਨ ਲਈ ਮਾਰਗ ਦਰਸ਼ਨ ਕਰ ਰਿਹਾ ਹੈ, ਜਿਸ ਬਾਰੇ ਤੁਸੀਂ ਆਪਣੇ ਮਨ ਵਿੱਚ ਕਈ ਸਾਲਾਂ ਤੋਂ ਸੋਚ ਰਹੇ ਹੋ। ਤੁਹਾਡੇ ਜੀਵਨ ਦੇ ਲਈ ਪਰਮੇਸ਼ੁਰ ਦੇ ਸਮੇਂ ਅਤੇ ਮੌਸਮਾਂ ਨੂੰ ਸਮਝਣਾ, ਤੁਹਾਨੂੰ ਉਸ ਦੀ ਅਗਵਾਈ ਅਤੇ ਦਿਸ਼ਾ ਨੂੰ ਸਮਝਣ ਵਿੱਚ ਸਹਾਇਤਾ ਕਰੇਗਾ। (**ਕਿਰਪਾ ਕਰਕੇ ਧਿਆਨ ਦਿਉ:** ਇਹ ਉਦਾਹਰਣ ਸਿਰਫ਼ ਉਨ੍ਹਾਂ ਬਹੁਤ ਸਾਰੇ ਮਾਰਗਾਂ ਵਿੱਚੋਂ ਇੱਕ ਹੈ, ਸਿਰਫ਼ ਇੱਕ ਹੀ ਮਾਰਗ ਨਹੀਂ, ਕਿ ਪਰਮੇਸ਼ੁਰ ਕਿਸੇ ਨੂੰ ਕਾਰੋਬਾਰ ਸ਼ੁਰੂ ਕਰਨ ਲਈ ਮਾਰਗ ਦਰਸ਼ਨ ਕਰ ਸਕਦਾ ਹੈ)।

### *ਦਸੰਬਰ 2000: ਭਾਰਤ ਵਾਪਸੀ*

ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਕਿਵੇਂ ਮੇਰੀ ਕਿਸ਼ੋਰ ਉਮਰ ਤੋਂ ਹੀ ਮੈਂ ਜਾਣਦਾ ਸੀ ਕਿ ਪਰਮੇਸ਼ੁਰ ਚਾਹੁੰਦਾ ਸੀ ਕਿ ਮੈਂ ਭਾਰਤ ਦੇ ਬੰਗਲੌਰ ਵਿੱਚ ਇੱਕ ਮਜ਼ਬੂਤ ਸਥਾਨਕ ਕਲੀਸਿਆ ਸਥਾਪਿਤ ਕਰਾਂ ਅਤੇ ਉੱਥੋਂ ਦੇਸ਼ ਦੀ ਸੇਵਾ ਕਰਾਂ। ਉਨ੍ਹਾਂ ਸ਼ੁਰੂਆਤੀ ਸਾਲਾਂ ਵਿੱਚ, ਮੈਂ ਇਸ ਨੂੰ ਆਪਣੇ ਦਿਲ ਵਿੱਚ ਪਾਲਿਆ, ਲਗਾਤਾਰ ਪ੍ਰਾਰਥਨਾ ਕੀਤੀ ਅਤੇ ਪਰਮੇਸ਼ੁਰ ਤੋਂ ਮੰਗ ਕੀਤੀ ਕਿ ਇਸ ਵਿੱਚ ਕਦਮ ਰੱਖਣ ਦਾ ਸਹੀ ਸਮਾਂ "ਕਦੋਂ" ਹੋਵੇਗਾ। ਮੈਂ ਉਨ੍ਹਾਂ ਗੱਲਾਂ ਨੂੰ ਵੇਖਿਆ ਜਿਨ੍ਹਾਂ ਵਿੱਚੋਂ ਮੈਂ ਲੰਘ ਰਿਹਾ ਸੀ, ਉਹ ਜੀਵਨ ਦੇ ਇਸ ਮਹੱਤਵਪੂਰਨ ਕੰਮ ਦੀ ਤਿਆਰੀ ਦੇ ਰੂਪ ਵਿੱਚ ਸੀ। ਸੰਨ 1998 ਦੇ ਅਖ਼ੀਰ ਵਿੱਚ ਸਾਨੂੰ ਪਰਮੇਸ਼ੁਰ ਦੀ ਅਗਵਾਈ ਮਿਲੀ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਭਾਰਤ ਵਾਪਿਸ ਜਾਣ ਦੀ ਤਿਆਰੀ ਕਰ ਲਈਏ। ਇਸ ਲਈ ਅਸੀਂ ਆਪਣੇ ਆਪ ਨੂੰ ਤਿਆਰ ਕੀਤਾ ਅਤੇ ਦਸੰਬਰ 2000 ਵਿੱਚ ਵਾਪਿਸ ਆ ਗਏ। ਸਾਨੂੰ ਭਰੋਸਾ ਸੀ ਕਿ ਇਹ ਪਰਮੇਸ਼ੁਰ ਦਾ ਸਮਾਂ ਹੈ। ਇਹ ਸਾਡੇ ਲਈ ਇਹ ਕਦਮ ਚੁੱਕਣ ਅਤੇ ਇਸ ਕੰਮ ਵਿੱਚ ਕਦਮ ਰੱਖਣ ਦਾ ਸਹੀ ਸਮਾਂ ਸੀ।

## *ਦਸੰਬਰ 2000: ਇੱਕ ਕੰਪਨੀ ਸ਼ੁਰੂ ਕਰਨ ਦੀ ਇੱਛਾ ਨੂੰ ਪੂਰਾ ਕਰਨਾ*

ਦੂਜੀ ਹੈਰਾਨੀਜਨਕ ਗੱਲ ਉਦੋਂ ਵਾਪਰੀ ਜਦੋਂ ਅਸੀਂ ਦਸੰਬਰ 2000 ਵਿੱਚ ਭਾਰਤ ਆਏ ਸੀ। ਜਿਸ ਕੰਪਨੀ ਲਈ ਮੈਂ ਸ਼ਿਕਾਗੋ ਵਿੱਚ ਕੰਮ ਕਰ ਰਿਹਾ ਸੀ, ਉਸ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਭਾਰਤ ਤੋਂ ਉਨ੍ਹਾਂ ਲਈ ਕੰਮ ਕਰ ਸਕਦਾ ਹਾਂ। ਮੈਂ ਉਸ ਨੂੰ ਕਿਹਾ ਕਿ ਮੈਂ ਬੰਗਲੌਰ ਵਾਪਿਸ ਆਉਣ ਤੋਂ ਬਾਅਦ ਉਸ ਨੂੰ ਆਪਣੇ ਫੈਸਲੇ ਬਾਰੇ ਦੱਸਾਂਗਾ। ਜਨਵਰੀ 2001 ਵਿੱਚ, ਮੈਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੈਂ ਉਨ੍ਹਾਂ ਲਈ ਕੰਮ ਕਰਾਂਗਾ ਅਤੇ ਇਸ ਮੌਕੇ ਦੇ ਨਾਲ, ਮੈਂ ਇੱਕ ਤਕਨੀਕੀ ਕਾਰੋਬਾਰ ਸ਼ੁਰੂ ਕਰਨ ਦੇ ਯੋਗ ਹੋ ਗਿਆ ਅਤੇ ਉਸ ਸਮੇਂ ਤੋਂ ਉੱਨਤੀ ਕਰਨ ਲੱਗਾ। ਪਰਮੇਸ਼ੁਰ ਬਹੁਤ ਦਿਆਲੂ ਸੀ ਕਿਉਂਕਿ ਕਈ ਸਾਲਾਂ ਤੋਂ ਮੇਰੇ ਮਨ ਵਿੱਚ ਇਹ ਇੱਛਾ ਸੀ ਕਿ ਮੇਰੀ ਆਪਣੀ ਤਕਨੀਕੀ ਕੰਪਨੀ ਜਿੱਥੇ ਹੋਵੇ, ਉੱਥੇ ਵੀ ਮੈਂ ਬਾਈਬਲ ਦੇ ਸਿਧਾਂਤਾਂ ਨੂੰ ਅਮਲ ਵਿੱਚ ਲਿਆ ਸਕਦਾ ਹਾਂ। ਮੈਂ ਇਸ ਬਾਰੇ ਬਹੁਤ ਸੋਚਦਾ ਅਤੇ ਸੁਫ਼ਨਾ ਵੇਖਦਾ ਸੀ ਅਤੇ ਇੱਥੇ ਜਨਵਰੀ 2001 ਵਿੱਚ, ਇਹ ਇੱਛਾ ਪੂਰੀ ਹੋਈ। ਇਹ ਸਭ ਸਹੀ ਸਮੇਂ ‘ਤੇ ਹੋਇਆ, ਜਦੋਂ ਪਰਮੇਸ਼ੁਰ ਨੇ ਸਮਾਂ ਨਿਯੁਕਤ ਕੀਤਾ ਹੈ।

## ਯਿਸੂ ਪਿਤਾ ਦੇ ਨਕਸ਼ੇ ਕਦਮਾਂ ‘ਤੇ ਅਤੇ ਸਮੇਂ ਦੇ ਨਾਲ ਚੱਲਿਆ

ਸਮੇਂ ਅਤੇ ਰੁੱਤਾਂ ਦੇ ਲੰਘਣ ਵਿੱਚ ਸਾਡੀ ਮਦਦ ਕਰਨ ਲਈ, ਅਸੀਂ ਵੇਖਦੇ ਹਾਂ ਕਿ ਪ੍ਰਭੂ ਯਿਸੂ ਨੇ ਪਿਤਾ ਦੀ ਆਗਿਆਕਾਰੀ ਵਿੱਚ ਚੱਲਦੇ ਹੋਏ ਆਪਣਾ ਸੰਸਾਰਿਕ ਜੀਵਨ ਕਿਵੇਂ ਬਿਤਾਇਆ। ਸਾਡੇ ਕੋਲ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿੱਥੇ ਸਾਨੂੰ ਸਪੱਸ਼ਟ ਤੌਰ ‘ਤੇ ਦੱਸਿਆ ਜਾਂਦਾ ਹੈ ਕਿ ਯਿਸੂ ਪਿਤਾ ਦੇ ਸਮੇਂ ਵੱਲ ਧਿਆਨ ਦਿੰਦਾ ਸੀ। ਜੇ ਯਿਸੂ ਨੇ ਅਜਿਹਾ ਕੀਤਾ ਸੀ। ਸਾਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ।

### *ਉਸ ਦੀ ਚਮਤਕਾਰੀ ਸੇਵਕਾਈ ਸ਼ੁਰੂ ਕਰਨ ਵਿੱਚ*

**ਯੂਹੰਨਾ 2:4**

**ਯਿਸੂ ਨੇ ਉਹ ਨੂੰ ਆਖਿਆ, ਬੀਬੀ ਜੀ, ਮੈਨੂੰ ਤੈਨੂੰ ਕੀ? ਮੇਰਾ ਸਮਾਂ ਅਜੇ ਨਹੀਂ ਆਇਆ।**

### *ਯਰੂਸ਼ਲਮ ਨੂੰ ਜਾਣਾ*

**ਯੂਹੰਨਾ 7:6,8**

**6 ਤਦ ਯਿਸੂ ਨੇ ਉਨ੍ਹਾਂ ਨੂੰ ਆਖਿਆ, ਮੇਰਾ ਵੇਲਾ ਅਜੇ ਨਹੀਂ ਆਇਆ ਪਰ ਤੁਹਾਡਾ ਵੇਲਾ ਨਿੱਤ ਤਿਆਰ ਰਹਿੰਦਾ ਹੈ**

8 ਤੁਸੀਂ ਇਸ ਤਿਉਹਾਰ ਉੱਤੇ ਜਾਓ। ਮੈਂ ਅਜੇ ਇਸ ਤਿਉਹਾਰ ਉੱਤੇ ਨਹੀਂ ਜਾਂਦਾ ਕਿਉਂਕਿ ਮੇਰਾ ਵੇਲਾ ਅਜੇ ਪੂਰਾ ਨਹੀਂ ਹੋਇਆ।

## *ਲਾਜ਼ਰ ਦੇ ਜੀਉਣ ਵਿੱਚ*

ਯੂਹੰਨਾ 11:5,6

5 ਯਿਸੂ ਮਾਰਥਾ ਨੂੰ ਅਤੇ ਉਹ ਦੀ ਭੈਣ ਅਰ ਲਾਜ਼ਰ ਨੂੰ ਪਿਆਰ ਕਰਦਾ ਸੀ

6 ਸੋ ਜਾਂ ਉਸ ਨੇ ਸੁਣਿਆ ਭਈ ਉਹ ਬਿਮਾਰ ਹੈ ਤਾਂ ਉਹ ਜਿੱਥੇ ਸੀ ਉਸ ਵੇਲੇ ਦੋ ਦਿਨ ਉੱਥੇ ਹੀ ਰਿਹਾ।

## *ਸਲੀਬ 'ਤੇ ਜਾਣ ਵਿੱਚ*

ਯੂਹੰਨਾ 12:23,27

23 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਵੇਲਾ ਆ ਪੁੱਜਿਆ ਹੈ ਜੋ ਮਨੁੱਖ ਦੇ ਪੁੱਤਰ ਦੀ ਵਡਿਆਈ ਕੀਤੀ ਜਾਏ।

27 ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਆਖਾਂ? ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾਅ? ਪਰ ਇਸੇ ਲਈ ਮੈਂ ਇਸ ਘੜੀ ਤੀਕੁਰ ਆਇਆ ਹਾਂ।

ਯੂਹੰਨਾ 13:1

ਪਸਾਹ ਦੇ ਤਿਉਹਾਰ ਤੋਂ ਪਹਿਲਾਂ ਯਿਸੂ ਨੇ ਇਹ ਜਾਣ ਕੇ ਭਈ ਮੇਰੀ ਘੜੀ ਆ ਪਹੁੰਚੀ ਹੈ ਜਾਂ ਮੈਂ ਇਸ ਜਗਤ ਨੂੰ ਛੱਡ ਕੇ ਪਿਤਾ ਦੇ ਕੋਲ ਜਾਵਾਂ ਆਪਣੇ ਨਿੱਜ ਲੋਕਾਂ ਨਾਲ ਜਿਹੜੇ ਜਗਤ ਵਿੱਚ ਸਨ, ਪਿਆਰ ਕਰ ਕੇ ਉਨ੍ਹਾਂ ਨੂੰ ਅੰਤ ਤੋੜੀ ਪਿਆਰ ਕਰਦਾ ਰਿਹਾ।

## *ਆਪਣੇ ਚੇਲਿਆਂ ਨੂੰ ਸੱਚ ਅਤੇ ਪ੍ਰਕਾਸ਼ਨ ਪ੍ਰਦਾਨ ਕਰਨ ਵਿੱਚ*

ਯੂਹੰਨਾ 16:4

ਪਰ ਮੈਂ ਤੁਹਾਡੇ ਨਾਲ ਇਹ ਗੱਲਾਂ ਇਸ ਲਈ ਕੀਤੀਆਂ ਹਨ ਕਿ ਜਦ ਉਨ੍ਹਾਂ ਦਾ ਸਮਾਂ ਆਵੇ ਤਦ ਤੁਸੀਂ ਉਨ੍ਹਾਂ ਨੂੰ ਚੇਤੇ ਕਰੋ ਕਿ ਜੋ ਮੈਂ ਤੁਹਾਨੂੰ ਆਖੀਆਂ ਅਤੇ ਮੈਂ ਮੁੱਢੋਂ ਇਹ ਗੱਲਾਂ ਤੁਹਾਨੂੰ ਨਾ ਆਖੀਆਂ ਕਿਉਂ ਜੋ ਮੈਂ ਤੁਹਾਡੇ ਨਾਲ ਸਾਂ।

ਯੂਹੰਨਾ 16:25

ਪਰ ਇਹ ਗੱਲਾਂ ਤੁਹਾਨੂੰ ਬੁਝਾਰਤਾਂ ਵਿੱਚ ਆਖੀਆਂ ਹਨ। ਉਹ ਸਮਾਂ ਆਉਂਦਾ ਹੈ ਜਾਂ ਮੈਂ ਤੁਹਾਨੂੰ ਫਿਰ ਬੁਝਾਰਤਾਂ ਵਿੱਚ ਨਾ ਕਹਾਂਗਾ ਪਰ ਖੋਲ੍ਹ ਕੇ ਤੁਹਾਨੂੰ ਪਿਤਾ ਦੀ ਖਬਰ ਦਿਆਂਗਾ।

## *ਆਪਣੇ ਸਲੀਬ ਉੱਤੇ ਚੜ੍ਹਾਏ ਜਾਣ ਅਤੇ ਵਡਿਆਈ ਵਿੱਚ*

ਯੂਹੰਨਾ 16:32

ਵੇਖੋ, ਸਮਾਂ ਆਉਂਦਾ ਹੈ ਸਗੋਂ ਆ ਪਹੁੰਚਿਆ ਹੈ ਜੋ ਤੁਸੀਂ ਸੱਭੇ ਆਪੋ ਆਪਣੇ ਥਾਈਂ ਖਿੰਡ ਜਾਓਗੇ ਅਤੇ ਮੈਨੂੰ ਇਕੱਲਾ ਛੱਡ ਦਿਓਗੇ ਪਰ ਤਾਂ ਵੀ ਮੈਂ ਇਕੱਲਾ ਨਹੀਂ ਕਿਉਂ ਜੋ ਪਿਤਾ ਮੇਰੇ ਨਾਲ ਹੈ।

**ਯੂਹੰਨਾ 17:1**
**ਯਿਸੂ ਨੇ ਇਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ, ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁੱਤਰ ਦੀ ਵਡਿਆਈ ਕਰ ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ।**

## ਪੁੱਛੋ ਕਿ, "ਕੀ ਇਹ ਸਹੀ ਸਮਾਂ ਹੈ?"

ਆਪਣੇ ਜੀਵਨ ਦੇ ਲਈ ਪਰਮੇਸ਼ੁਰ ਦੇ ਸਮੇਂ ਅਤੇ ਰੁੱਤਾਂ ਨੂੰ ਸਮਝਣਾ ਤੁਹਾਨੂੰ ਉਸ ਦੀ ਅਗਵਾਈ ਪਾਉਣ ਵਿੱਚ ਅਤੇ ਜੀਵਨ ਦੇ ਵੱਖ-ਵੱਖ ਮੌਸਮਾਂ ਵਿੱਚ ਉਸ ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰੇਗਾ।

ਕੋਈ ਫੈਸਲਾ ਲੈਂਦੇ ਸਮੇਂ, ਸਾਨੂੰ ਆਪਣੇ ਆਪ ਤੋਂ ਜੋ ਪ੍ਰਸ਼ਨ ਨੂੰ ਪੁੱਛਣਾ ਪੈਂਦਾ ਹੈ ਉਨ੍ਹਾਂ ਵਿੱਚੋਂ ਇੱਕ ਹੈ, "ਕੀ ਇਹ ਕੁਝ ਕਰਨ ਦਾ ਸਹੀ ਸਮਾਂ ਅਤੇ ਮੌਸਮ ਹੈ?" ਇਸ ਸਵਾਲ ਦਾ ਤੁਹਾਨੂੰ ਜੋ ਉੱਤਰ ਮਿਲਦਾ ਹੈ, ਉਹ ਤੁਹਾਨੂੰ ਉਸ ਦੀ ਅਗਵਾਈ ਪਾਉਣ ਵਿੱਚ ਤੁਹਾਡੀ ਮਦਦ ਕਰੇਗਾ।

ਏ. ਪੀ. ਸੀ ਵਿੱਚ ਅਸੀਂ ਜੋ ਫੈਸਲੇ ਲਏ ਹਨ ਅਤੇ ਉਸ ਫੈਸਲੇ ਵਿੱਚ, ਜਿਸ ਨੂੰ ਅਸੀਂ ਲੈਂਦੇ ਹਾਂ, ਉਨ੍ਹਾਂ ਵਿੱਚ ਸਮੇਂ ਦਾ ਇਹ ਵਿਸ਼ਾ ਬਹੁਤ ਮਹੱਤਵਪੂਰਨ ਹੈ। ਅਗਸਤ 2005 ਵਿੱਚ ਜਦੋਂ ਸਾਨੂੰ ਪਤਾ ਲੱਗਾ ਕਿ ਸਹੀ ਸਮਾਂ ਹੈ, ਤਾਂ ਅਸੀਂ ਆਪਣਾ ਬਾਈਬਲ ਕਾਲਜ ਸ਼ੁਰੂ ਕੀਤਾ। ਸਾਡੀ ਕਲੀਸਿਆ ਅਜੇ ਬਚਪਨ ਵਿੱਚ ਹੀ ਸੀ। ਪਰ ਇਹ ਇੱਕ ਮਹੱਤਵਪੂਰਣ ਭੂਮਿਕਾ ਸੀ, ਜੋ ਸਾਨੂੰ ਨਿਭਾਉਣ ਦੇ ਲਈ ਬੁਲਾਇਆ ਗਿਆ ਸੀ—ਲੋਕਾਂ ਨੂੰ ਪਰਮੇਸ਼ੁਰ ਦੇ ਰਾਜ ਦਾ ਵਿਸਥਾਰ ਕਰਨ ਲਈ ਦੇ ਤਿਆਰ ਕਰਨ ਅਤੇ ਭੇਜਣ ਲਈ।

ਜਿਸ ਤਰੀਕੇ ਨਾਲ ਅਸੀਂ ਆਪਣੇ ਆਗੂਆਂ ਨੂੰ ਸਥਾਨਕ ਤੌਰ 'ਤੇ ਤਿਆਰ ਕਰਦੇ ਹਾਂ, ਉਸ ਵਿੱਚ ਸਮਾਂ ਮਹੱਤਵਪੂਰਨ ਹੈ। ਅਸੀਂ ਉਨ੍ਹਾਂ ਨੂੰ ਅਗੂਵੇ ਦੀ ਭੂਮਿਕਾ ਦੇਣ ਲਈ ਕਾਹਲੀ ਨਹੀਂ ਕਰਦੇ। ਅਸੀਂ ਉਨ੍ਹਾਂ ਨੂੰ ਇੱਕ ਪੱਧਰ 'ਤੇ ਜ਼ਿੰਮੇਵਾਰੀਆਂ ਦਿੰਦੇ ਹਾਂ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਸਾਬਿਤ ਕਰਨ, ਸਿੱਖਣ, ਵਧਣ, ਪਰਿਪੱਕ ਹੋਣ ਅਤੇ ਫਿਰ ਉਨ੍ਹਾਂ ਨੂੰ ਅਗਲੇ ਪੱਧਰ 'ਤੇ ਲੈ ਜਾਣ ਦਾ ਮੌਕਾ ਦਿੰਦੇ ਹਾਂ। ਅਸੀਂ ਲੋਕਾਂ ਨੂੰ ਸਹੀ ਸਮੇਂ 'ਤੇ ਆਗੂਆਂ ਦੀ ਸਥਿਤੀ ਵਿੱਚ ਲਿਆਉਂਦੇ ਹਾਂ, ਵੱਧਦੇ ਹਾਂ ਅਤੇ ਉਨ੍ਹਾਂ ਨੂੰ ਪਰਿਪੱਕ ਹੋਣ ਦਾ ਮੌਕਾ ਦਿੰਦੇ ਹਾਂ।

ਸਮੇਂ ਅਤੇ ਮੌਸਮ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਏ.ਪੀ.ਸੀ

ਪਬਲਿਸ਼ਿੰਗ: **apcwo.org/books** ਦੁਆਰਾ ਪ੍ਰਕਾਸ਼ਿਤ ਕਿਤਾਬ ਪੜ੍ਹੋ: **"ਹਰ ਉਦੇਸ਼ ਲਈ ਸਮਾਂ।"**

## ਪ੍ਰਤੀਬਿੰਬ

1) ਸਮੇਂ ਅਤੇ ਰੁੱਤਾਂ ਨੂੰ ਪਛਾਣਨ ਦੁਆਰਾ ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਅਗਵਾਈ ਨੂੰ ਪ੍ਰਾਪਤ ਕਰਨ ਵਿੱਚ ਸਾਨੂੰ ਕਿਵੇਂ ਮਦਦ ਮਿਲੇਗੀ?

2) ਤੁਸੀਂ ਇਹ ਕਿਵੇਂ ਪਛਾਣਨ ਲੱਗੋਗੇ ਕਿ ਤੁਸੀਂ ਜੋ ਖਾਸ ਕਾਰਵਾਈ ਕਰਨ ਦੇ ਵਿਸ਼ੇ ਵਿੱਚ ਸੋਚ ਰਹੇ ਹੋ (ਕਦਮ ਉਠਾਉਣਾ ਚਾਹੁੰਦੇ ਹਨ) ਫੈਸਲਾ ਲੈਣਾ ਚਾਹੁੰਦੇ ਹੋ, ਉਸ ਦੇ ਲਈ ਸਹੀ ਸਮਾਂ ਆ ਚੁੱਕਾ ਹੈ?

# 13
# ਹਾਲਾਤਾਂ ਅਤੇ ਰੱਬੀ ਪ੍ਰਬੰਧ

ਆਖ਼ਰੀ ਵਿਧੀ ਜਾਂ ਤਰੀਕਾ ਜਿਸ ਬਾਰੇ ਅਸੀਂ ਵਿਚਾਰ ਕਰਾਂਗੇ ਉਹ ਹੈ ਜਿਸ ਦੁਆਰਾ ਅਸੀਂ ਪਰਮੇਸ਼ੁਰ ਦੀ ਅਗਵਾਈ ਨੂੰ ਪ੍ਰਾਪਤ ਕਰ ਸਕਦੇ ਹਾਂ, ਇਹ ਪਛਾਣਨ ਦੇ ਦੁਆਰਾ ਹੈ ਕਿ ਉਹ ਸਾਡੇ ਹਾਲਾਤਾਂ ਅਤੇ ਜੀਵਨ ਦੇ ਹਾਲਾਤਾਂ ਵਿੱਚ ਕੀ ਪ੍ਰਬੰਧ ਕਰ ਰਿਹਾ ਹੈ।

**2 ਇਤਿਹਾਸ 16:9**
**ਯਹੋਵਾਹ ਦੀਆਂ ਅੱਖਾਂ ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਹ ਉਨ੍ਹਾਂ ਦੀ ਸਹਾਇਤਾ ਲਈ ਜਿਨ੍ਹਾਂ ਦਾ ਦਿਲ ਉਸ ਉੱਤੇ ਪੂਰਨ ਨਿਹਚਾ ਰੱਖਦਾ ਹੈ ਆਪਣੇ ਆਪ ਨੂੰ ਸਮਰੱਥ ਵਿਖਾਵੇ। ਇਸ ਗੱਲ ਵਿੱਚ ਤੈਂ ਮੂਰਖਤਾਈ ਕੀਤੀ ਇਸ ਲਈ ਹੁਣ ਤੇਰੇ ਲਈ ਲੜਾਈ ਹੀ ਲੜਾਈ ਹੈ।**

ਪਰਮੇਸ਼ੁਰ ਸਾਡੇ ਲਈ ਆਪਣੀ ਸਮਰੱਥ ਦੀ ਵਰਤੋਂ ਕਰਦਾ ਹੈ। ਪਰਮੇਸ਼ੁਰ ਸਾਡੇ ਹਾਲਾਤਾਂ ਅਤੇ ਜੀਵਨ ਦੇ ਹਾਲਾਤਾਂ ਵਿੱਚ ਅਜਿਹਾ ਕਰਦਾ ਹੈ, ਜਿੱਥੇ ਉਹ ਸਾਡੇ ਲਈ ਰੱਬੀ ਰੂਪ ਨਾਲ ਗੱਲਾਂ ਦਾ ਪ੍ਰਬੰਧ ਕਰਦਾ ਹੈ। ਇਹ ਮੌਕਿਆਂ ਦੇ ਅਸਧਾਰਣ ਦਰਵਾਜ਼ੇ, ਲੋਕਾਂ ਦੀ ਕਿਰਪਾ ਜਾਂ ਉਨ੍ਹਾਂ ਦੇ ਨੇੜੇ ਪਹੁੰਚ, ਨਵੇਂ ਸੰਪਰਕ ਅਤੇ ਹੋਰ ਬਹੁਤ ਸਾਰੀਆਂ ਗੱਲਾਂ ਹੋ ਸਕਦੀਆਂ ਹਨ, ਜੋ ਪਰਮੇਸ਼ੁਰ ਸਾਡੇ ਜੀਵਨ ਦੇ ਹਾਲਾਤਾਂ ਵਿੱਚ ਪੈਦਾ ਕਰ ਸਕਦੇ ਹਨ। ਜਦੋਂ ਪਰਮੇਸ਼ੁਰ ਅਜਿਹੀਆਂ ਗੱਲਾਂ ਕਰਦਾ ਹੈ, ਤਾਂ ਕੋਈ ਵੀ ਉਸ ਨੂੰ ਰੋਕ ਨਹੀਂ ਸਕਦਾ। ਸਭ ਤੋਂ ਅਦਭੁੱਤ ਗੱਲਾਂ, ਉਹ ਗੱਲਾਂ ਜੋ ਅੱਖਾਂ ਨੇ ਨਹੀਂ ਵੇਖੀਆਂ, ਜੋ ਕੰਨਾਂ ਨੇ ਨਹੀਂ ਸੁਣੀਆਂ, ਉਹ ਗੱਲਾਂ ਜਿਨ੍ਹਾਂ ਦੀ ਲੋਕਾਂ ਨੇ ਕਦੇ ਕਲਪਨਾ ਨਹੀਂ ਕੀਤੀ, ਅਜਿਹੀਆਂ ਗੱਲਾਂ ਸਾਡੇ ਰਹਿਣ-ਸਹਿਣ ਦੇ ਹਾਲਾਤਾਂ ਵਿੱਚ ਵਾਪਰਦੀਆਂ ਹਨ।

**ਅੱਯੂਬ 42:2**
**ਮੈਂ ਜਾਣਦਾ ਹਾਂ ਭਈ ਤੂੰ ਸਭ ਕੁਝ ਕਰ ਸਕਦਾ ਹੈਂ ਅਤੇ ਤੇਰਾ ਕੋਈ ਪਰੋਜਨ ਰੁਕ ਨਹੀਂ ਸਕਦਾ ਹੈ।**

**ਪਰਕਾਸ਼ ਦੀ ਪੋਥੀ 3:7**
**ਫ਼ਿਲਦਲਫ਼ੀਏ ਦੀ ਕਲੀਸਿਆ ਦੇ ਦੂਤ ਨੂੰ ਇਉਂ ਲਿਖ ਭਈ ਉਹ ਜਿਹੜਾ ਪਵਿੱਤਰ ਹੈ, ਜਿਹੜਾ**

**ਸਤ ਹੈ, ਜਿਹ ਦੇ ਕੋਲ ਦਾਊਦ ਦੀ ਕੂੰਜੀ ਹੈ, ਜਿਹੜਾ ਖੋਲ੍ਹਦਾ ਹੈ ਅਤੇ ਕੋਈ ਬੰਦ ਨਹੀਂ ਕਰਦਾ ਅਤੇ ਬੰਦ ਕਰਦਾ ਹੈ ਅਤੇ ਕੋਈ ਨਹੀਂ ਖੋਲਦਾ ਉਹ ਇਹ ਆਖਦਾ ਹੈ।**

ਇਸ ਲਈ, ਸਾਨੂੰ ਆਪਣੇ ਜੀਵਨ ਦੀਆਂ ਹਾਲਾਤਾਂ ਵਿੱਚ ਹੋਣ ਵਾਲੀਆਂ ਰੱਬੀ ਪ੍ਰਬੰਧ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਯਥਾਰਥ ਰੂਪ ਨਾਲ, ਦਾ ਉਨ੍ਹਾਂ ਨੂੰ ਉੱਤਰ ਦੇਣਾ ਚਾਹੀਦਾ ਹੈ।

ਉਦਾਹਰਣ ਦੇ ਲਈ, ਆਪਣੇ ਪੇਸ਼ੇਵਰ ਕਰੀਅਰ ਬਾਰੇ ਪ੍ਰਾਰਥਨਾ ਕਰਦੇ ਸਮੇਂ ਅਤੇ ਪਰਮੇਸ਼ੁਰ ਤੋਂ ਅਗਵਾਈ ਲਈ ਪੁੱਛਣ ਵੇਲੇ ਆਪਣੀ ਭੂਮਿਕਾ ਨਿਭਾਓ। ਉਹਨਾਂ ਹੁਨਰਾਂ ਦਾ ਵਿਕਾਸ ਕਰੋ, ਜਿਨ੍ਹਾਂ ਦੀ ਤੁਹਾਨੂੰ ਲੋੜ ਹੈ। ਨੌਕਰੀ ਲੱਭੋ, ਇੰਟਰਵਿਊ ਦਿਓ, ਆਦਿ। ਤੁਸੀਂ ਇਨ੍ਹਾਂ ਗੱਲਾਂ ਨੂੰ ਕਰ ਸਕਦੇ ਹੋ। ਤੁਸੀਂ ਪਰਮੇਸ਼ੁਰ 'ਤੇ ਭਰੋਸਾ ਕਰਦੇ ਹੋ ਕਿ ਪਰਮੇਸ਼ੁਰ ਸਹੀ ਨੌਕਰੀ ਅਤੇ ਸਹੀ ਹਾਲਾਤ ਵੱਲ ਆਪਣੇ ਕਦਮਾਂ ਨੂੰ ਵਧਾਏਗਾ ਤਾਂ ਜੋ ਤੁਸੀਂ ਵਿਕਾਸ ਕਰ ਸਕੋ ਅਤੇ ਤਰੱਕੀ ਕਰ ਸਕੋ। ਭਾਵ, ਇੱਥੇ ਬਹੁਤ ਸਾਰੇ ਵੱਖੋ-ਵੱਖਰੇ ਦ੍ਰਿਸ਼ ਹਨ, ਜੋ ਪ੍ਰਗਟ ਹੋ ਸਕਦੇ ਹਨ, ਪਰ ਸਧਾਰਣ ਅਤੇ ਅਸਾਨ ਮਾਰਗ 'ਤੇ ਵਿਚਾਰ ਕਰੋ। ਤੁਸੀਂ ਸਿਰਫ਼ ਇੱਕ ਨੌਕਰੀ ਦੀ ਪੇਸ਼ਕਸ਼ ਪ੍ਰਾਪਤ ਕਰਦੇ ਹੋ ਅਤੇ ਇਹ ਇੱਕ ਵੱਡਾ ਮੌਕਾ ਹੈ ਅਤੇ ਕੁਝ ਅਜਿਹਾ ਜੋ ਤੁਹਾਡੇ ਹੁਨਰਾਂ ਅਤੇ ਯੋਗਤਾਵਾਂ ਦੇ ਨਾਲ ਮੇਲ ਖਾਂਦਾ ਹੈ। ਤੁਸੀਂ ਦੂਸਰੇ ਦ੍ਰਿਸ਼ਟੀਕੋਣਾਂ ਦੀ ਤਲਾਸ਼ ਕਰ ਰਹੇ ਹੋ, ਜਿਨ੍ਹਾਂ ਬਾਰੇ ਅਸੀਂ ਪਹਿਲਾਂ ਵਿਚਾਰ ਕੀਤਾ ਹੈ (ਉਦਾਹਰਨ ਲਈ, ਆਤਮਾ ਦੀ ਅੰਦਰੂਨੀ ਅਵਾਜ਼, ਨਵਾਂ ਮਨ, ਆਦਿ)। ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਸਚਾਈ ਕਿ ਇਹ ਮੌਕਾ ਤੁਹਾਡੇ ਸਾਹਮਣੇ ਰੱਖਿਆ ਗਿਆ ਹੈ, ਤੁਹਾਡੇ ਲਈ ਪਰਮੇਸ਼ੁਰ ਦਾ ਮਾਰਗ ਦਰਸ਼ਨ ਹੈ ਕਿ ਤੁਹਾਨੂੰ ਇਸੇ ਦਿਸ਼ਾ ਵਿੱਚ ਅੱਗੇ ਵੱਧਣਾ ਹੈ। ਜਿੰਨਾ ਚਿਰ ਇਹ ਨੌਕਰੀ ਨਾ ਲੈਣ ਦੇ ਨਿਸ਼ਚਿਤ ਕਾਰਨ ਹਨ (ਉਦਾਹਰਣ ਵਜੋਂ, ਤੁਹਾਨੂੰ ਕੋਈ ਅਨੈਤਿਕ ਕੰਮ ਕਰਨ ਦੀ ਜ਼ਰੂਰਤ ਹੈ ਜਾਂ ਤੁਹਾਡੀ ਆਤਮਾ ਵਿੱਚ ਸਪੱਸ਼ਟ ਗਵਾਹੀ ਹੈ ਕਿ ਤੁਹਾਨੂੰ ਇਹ ਨੌਕਰੀ ਲੈਣ ਦੀ ਜ਼ਰੂਰਤ ਨਹੀਂ ਹੈ ਜਾਂ ਪਰਮੇਸ਼ੁਰ ਤੁਹਾਨੂੰ ਇੱਕ ਸੁਫ਼ਨਾ ਦਿੰਦਾ ਹੈ ਕਿ ਤੁਹਾਨੂੰ ਇਹ ਨੌਕਰੀ ਲੈਣ ਦੀ ਜ਼ਰੂਰਤ ਨਹੀਂ ਹੈ), ਤੁਸੀਂ ਇਸ ਨੌਕਰੀ ਵਿੱਚ ਅੱਗੇ ਵੱਧ ਸਕਦੇ ਹੋ। ਇਸ ਲਈ, ਇਸ ਮਾਮਲੇ ਵਿੱਚ, ਪਰਮੇਸ਼ੁਰ ਨੇ ਤੁਹਾਡੇ ਲਈ ਜੋ ਹਾਲਾਤ ਤਿਆਰ ਕੀਤੇ ਹਨ, ਪਰਮੇਸ਼ੁਰ ਨੇ ਤੁਹਾਡੇ ਕਦਮਾਂ ਨੂੰ ਦਿਸ਼ਾ ਪ੍ਰਦਾਨ ਕੀਤੀ ਹੈ। ਤੁਹਾਡੇ ਜੀਵਨ ਦੀਆਂ ਸਥਿਤੀਆਂ ਅਤੇ ਹਾਲਾਤਾਂ ਵਿੱਚ ਪਰਮੇਸ਼ੁਰ ਦੁਆਰਾ ਰੱਬੀ ਪ੍ਰਬੰਧ ਦੇ ਦੁਆਰਾ ਤੁਸੀਂ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕੀਤੀ ਹੈ।

## ਜੀਵਨ ਦੀਆਂ ਪ੍ਰਸਥਿਤੀਆਂ ਵਿੱਚ ਕੰਮ ਕਰਨ ਵਾਲੇ ਹੋਰ ਕਾਰਕਾਂ ਉੱਤੇ ਧਿਆਨ ਦਿਉ

ਇੱਕ ਮਹੱਤਵਪੂਰਣ ਗੱਲ ਜਿਸ ਤੇ ਧਿਆਨ ਦੇਣਾ ਹੈ ਉਹ ਇਹ ਹੈ ਕਿ ਸਾਡੀ ਪ੍ਰਸਥਿਤੀਆਂ ਅਤੇ ਹਾਲਾਤਾਂ ਵਿੱਚ ਹੋਣ ਵਾਲੀ ਹਰੇਕ ਗੱਲ ਪਰਮੇਸ਼ੁਰ ਦਾ ਕੰਮ ਨਹੀਂ ਹੈ। ਅਸੀਂ ਇਸ ਪ੍ਰਕਾਰ ਦੇ ਕਥਨਾਂ ਨੂੰ ਸੁਣਦੇ ਹਾਂ "ਪਰਮੇਸ਼ੁਰ ਨਿਯੰਤਰਣ ਰੱਖਦਾ ਹੈ," "ਜੇ ਪਰਮੇਸ਼ੁਰ ਦੀ ਇੱਛਾ ਰਹੀ ਤਾਂ ਇਹ ਹੋਵੇਗਾ," ਆਦਿ ਵਰਗੇ ਬਿਆਨ ਸੁਣਦੇ ਹਾਂ ਅਤੇ ਲੋਕ ਇਸ ਦਾ ਉਪਯੋਗ ਇਸ ਅਰਥ ਵਿੱਚ ਕਰਦੇ ਹਨ ਕਿ ਜੀਵਨ ਦੇ ਹਾਲਾਤਾਂ ਵਿੱਚ ਜੋ ਕੁਝ ਵੀ ਹੁੰਦਾ ਹੈ ਉਹ ਪਰਮੇਸ਼ੁਰ ਤੋਂ ਹੈ। ਪਰ ਇਹ ਸੱਚ ਨਹੀਂ ਹੈ। ਇੱਥੇ ਸ਼ੈਤਾਨ ਹੈ, ਜੋ ਕੰਮ ਕਰ ਰਿਹਾ ਹੈ, ਰੁਕਾਵਟ ਪਾ ਰਿਹਾ ਹੈ, ਪਰਮੇਸ਼ੁਰ ਦੇ ਉਦੇਸ਼ਾਂ ਦਾ ਵਿਰੋਧ ਕਰ ਰਿਹਾ ਹੈ, ਮੁਸੀਬਤ ਪੈਦਾ ਕਰ ਰਿਹਾ ਹੈ, ਆਦਿ। ਇਸ ਲਈ ਸਾਨੂੰ ਸ਼ੈਤਾਨ ਦਾ ਸਾਹਮਣਾ ਕਰਨ ਅਤੇ ਸੰਸਾਰ ਨੂੰ ਜਿੱਤਣ ਲਈ ਕਿਹਾ ਗਿਆ ਹੈ। ਇਸ ਲਈ ਸਾਨੂੰ ਤੂਫ਼ਾਨਾਂ ਨੂੰ ਸ਼ਾਂਤ ਹੋਣ ਅਤੇ ਪਹਾੜਾਂ ਨੂੰ ਹਟ ਜਾਣ ਲਈ ਕਹਿਣਾ ਪਏਗਾ। ਤੂਫ਼ਾਨ ਅਤੇ ਪਹਾੜ ਰੁਕਾਵਟਾਂ ਦੇ ਰੂਪ ਵਿੱਚ ਹਨ ਅਤੇ ਸਾਨੂੰ ਉਨ੍ਹਾਂ ਨੂੰ ਪਰਮੇਸ਼ੁਰ ਦੀ ਇੱਛਾ ਵਜੋਂ ਕਬੂਲ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਪਰਮੇਸ਼ੁਰ ਦੀ ਇੱਛਾ ਵਿੱਚ ਰੁਕਾਵਟਾਂ ਵਜੋਂ ਵੇਖਿਆ ਜਾਣਾ ਚਾਹੀਦਾ ਹੈ ਅਤੇ ਇਸ ਲਈ ਵਿਸ਼ਵਾਸ ਦੇ ਦੁਆਰਾ ਉਨ੍ਹਾਂ ਦਾ ਸਾਹਮਣਾ ਕੀਤਾ ਜਾਣਾ ਚਾਹੀਦਾ ਹੈ। ਉਸ ਤੋਂ ਲੋਕ ਹਨ, ਅਤੇ ਸਾਡੇ ਕੋਲ ਆਪਣੀਆਂ ਚੋਣਾਂ ਅਤੇ ਫੈਸਲੇ ਹਨ ਜੋ ਵੱਖੋ-ਵੱਖਰੇ ਹਾਲਾਤ ਪੈਦਾ ਕਰਦੇ ਹਨ। ਉਦਾਹਰਣ ਦੇ ਤੌਰ ਤੇ, ਜੋ ਕੁਝ ਅਸੀਂ ਬੀਜਦੇ ਹਾਂ, ਉਹੀ ਕੱਟਾਂਗੇ ਜਾਂ ਦੂਜੇ ਸ਼ਬਦਾਂ ਵਿੱਚ, ਸਾਨੂੰ ਆਪਣੀਆਂ ਚੋਣਾਂ ਅਤੇ ਕੰਮਾਂ ਦੇ ਨਤੀਜਿਆਂ ਦਾ ਸਾਹਮਣਾ ਕਰਨਾ ਪਏਗਾ। ਇਨ੍ਹਾਂ ਨਤੀਜਿਆਂ ਦੇ ਲਈ ਨਾ ਤਾਂ ਪਰਮੇਸ਼ੁਰ ਨੂੰ ਅਤੇ ਨਾ ਹੀ ਸ਼ੈਤਾਨ ਨੂੰ ਜਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਇਹ ਸਾਡੀਆਂ ਚੋਣਾਂ ਦੇ ਨਤੀਜ਼ੇ ਹਨ ਅਤੇ ਸਾਨੂੰ ਇਸ ਦੀ ਜ਼ਿੰਮੇਵਾਰੀ ਸਵੀਕਾਰ ਕਰਨੀ ਹੈ।

ਜਦ ਕਿ ਸਾਨੂੰ ਇਹ ਅਹਿਸਾਸ ਹੈ ਕਿ ਪਰਮੇਸ਼ੁਰ ਸਾਡੀਆਂ ਪ੍ਰਸਥਿਤੀਆਂ ਵਿੱਚ ਅਤੇ ਹਾਲਾਤਾਂ ਵਿੱਚ ਕੰਮ ਕਰੇਗਾ, ਫਿਰ ਵੀ ਸਾਡੇ ਰਾਹ ਵਿੱਚ ਆਉਣ ਵਾਲੀ ਹਰੇਕ ਗੱਲ ਸਾਨੂੰ ਪਰਮੇਸ਼ੁਰ ਦੀ ਵੱਲੋਂ ਮੰਨ ਕੇ ਕਬੂਲ ਨਹੀਂ ਕਰਨੀ ਚਾਹੀਦੀ ਹੈ। ਸਾਨੂੰ ਸਮਝਣਾ ਪਏਗਾ ਅਤੇ ਬੁੱਧੀ ਨਾਲ ਕੰਮ ਕਰਨਾ ਪਏਗਾ। ਪਰਮੇਸ਼ੁਰ ਦੀ ਵੱਲੋਂ ਜੋ ਹੈ, ਉਸ ਨੂੰ ਕਬੂਲ ਕਰੋ, ਜੋ ਕੁਝ ਦੁਸ਼ਮਣ ਤੋਂ ਹੈ, ਉਸ ਦਾ ਸਾਹਮਣਾ ਕਰੋ ਅਤੇ ਇਸ 'ਤੇ ਜਿੱਤ ਪ੍ਰਾਪਤ ਕਰੋ।

## ਤੁਹਾਡੀ ਉੱਨ ਤੁਹਾਨੂੰ ਧੋਖਾ ਦੇ ਸਕਦੀ ਹੈ

**ਨਿਆਈਆਂ ਦੀ ਪੋਥੀ 6:36-40**

**36 ਤਦ ਗਿਦਾਊਨ ਨੇ ਪਰਮੇਸ਼ੁਰ ਨੂੰ ਆਖਿਆ, ਜੇ ਤੂੰ ਚਾਹੁੰਦਾ ਹੈਂ ਜੋ ਇਸਰਾਏਲ ਦਾ ਛੁਟਕਾਰਾ ਮੇਰੇ ਹੱਥੀਂ ਕੀਤਾ ਜਾਵੇ, ਜਿਹਾ ਕੁ ਤੈਂ ਆਖਿਆ ਹੈ**
**37 ਤਾਂ ਵੇਖ, ਮੈਂ ਇੱਕ ਉੱਨ ਦਾ ਫੰਬਾ ਪਿੜ ਦੇ ਵਿੱਚ ਰੱਖ ਦਿੰਦਾ ਹਾਂ, ਸੋ ਜੇਕਰ ਤ੍ਰੇਲ ਨਿਰੀ ਉੱਨ ਦੇ ਫੰਬੇ ਉੱਤੇ ਹੀ ਪਵੇ ਅਰ ਆਲੇ-ਦੁਆਲੇ ਦੀ ਧਰਤੀ ਸਭ ਸੁੱਕੀ ਰਹੇ ਤਾਂ ਮੈਂ ਸੱਚਮੁੱਚ ਜਾਣਾਂਗਾ ਕਿ ਜਿੱਕੁਰ ਤੈਂ ਆਖਿਆ ਹੈ, ਤਿਹਾ ਹੀ ਇਸਰਾਏਲ ਨੂੰ ਤੂੰ ਮੇਰੇ ਹੱਥੀਂ ਛੁਟਕਾਰਾ ਦੇਵੇਂਗਾ।**
**38 ਤਾਂ ਅਜਿਹਾ ਹੀ ਹੋਇਆ ਜਾਂ ਉਹ ਪਰਭਾਤ ਦੇ ਵੇਲੇ ਉੱਠਿਆ ਅਤੇ ਉਸ ਉੱਨ ਦੇ ਫੰਬੇ ਨੂੰ ਘੁੱਟ ਕੇ ਨਪੀੜਿਆ ਤਾਂ ਉਸ ਫੰਬੇ ਵਿੱਚੋਂ ਤ੍ਰੇਲ ਦੇ ਪਾਣੀ ਦਾ ਇੱਕ ਕਟੋਰਾ ਭਰਿਆ ਗਿਆ**
**39 ਤਦ ਗਿਦਊਨ ਨੇ ਪਰਮੇਸ਼ੁਰ ਨੂੰ ਆਖਿਆ, ਮੇਰੇ ਉੱਤੇ ਤੇਰਾ ਕ੍ਰੋਧ ਨਾ ਜਾਗੇ ਕਿਉਂ ਜੋ ਮੈਂ ਇੱਕੋ ਹੀ ਵਾਰ ਹੋਰ ਆਖਣਾ, ਮੈਂ ਤੇਰੇ ਅੱਗੇ ਅਰਦਾਸ ਕਰਦਾ ਹਾਂ ਜੋ ਇੱਕ ਹੁਣ ਦੀ ਵਾਰੀ ਹੋਰ ਇਸ ਉੱਨ ਦੇ ਫੰਬੇ ਨਾਲ ਤੇਰਾ ਪਰਤਾਵਾ ਲਵਾਂ, ਸੋ ਹੁਣ ਨਿਰਾ ਉੱਨ ਦਾ ਫੰਬਾ ਸੁੱਕਾ ਰਹੇ ਅਤੇ ਆਲੇ-ਦੁਆਲੇ ਦੀ ਸਾਰੀ ਧਰਤੀ ਉੱਤੇ ਤ੍ਰੇਲ ਪਵੇ।**
**40 ਸੋ ਪਰਮੇਸ਼ੁਰ ਨੇ ਉਸ ਰਾਤ ਅਜਿਹਾ ਹੀ ਕੀਤਾ ਕਿਉਂ ਜੋ ਨਿਰਾ ਉੱਨ ਦਾ ਫੰਬਾ ਸੁੱਕਾ ਰਿਹਾ ਅਤੇ ਹੋਰ ਸਾਰੀ ਧਰਤੀ ਉੱਤੇ ਤ੍ਰੇਲ ਪਈ ਸੀ।**

ਸਾਡੇ ਕੋਲ ਪੁਰਾਣੇ ਨੇਮ ਵਿੱਚ ਇੱਕ ਘਟਨਾ ਹੈ, ਜਿੱਥੇ ਗਿਦਾਊਨ ਨੇ ਪਰਮੇਸ਼ੁਰ ਦੇ ਸਾਹਮਣੇ ਉੱਨ ਰੱਖੀ ਤਾਂ ਜੋ ਪਰਮੇਸ਼ੁਰ ਤੋਂ ਇਸਰਾਏਲ ਦੇ ਮੁਕਤੀਦਾਤਾ ਵਜੋਂ ਉਸ ਦੇ ਸੱਦੇ ਦੀ ਪੁਸ਼ਟੀ ਪ੍ਰਾਪਤ ਕੀਤੀ ਜਾ ਸਕੇ। ਪਰਮੇਸ਼ੁਰ ਨੇ ਉਸ ਦਾ ਹੁਕਮ ਮੰਨਿਆ ਅਤੇ ਉਸ ਦੁਆਰਾ ਉਸ ਦੀ ਅਗਵਾਈ ਕੀਤੀ। ਪਰਮੇਸ਼ੁਰ ਇਸ ਨੂੰ ਦੁਬਾਰਾ ਕਰ ਸਕਦਾ ਹੈ। ਪਰ ਅਸੀਂ ਵਿਸ਼ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਉੱਨ ਰੱਖਣ ਦੀ ਕੋਸ਼ਿਸ਼ ਨਾ ਕਰਨ। ਉਸ ਸਮੇਂ, ਗਿਦਾਊਨ ਕੋਲ ਦੂਸਰਾ ਕੋਈ ਵਿਕੱਲਪ ਨਹੀਂ ਸੀ। ਪਰ, ਅਸੀਂ ਜੋ ਨਵੇਂ ਨੇਮ ਦੇ ਵਿਸ਼ਵਾਸੀ ਹਾਂ, ਸਾਡੇ ਕੋਲ ਮੁੱਖ ਰਾਹ ਹਨ, ਜਿਨ੍ਹਾਂ ਦੁਆਰਾ ਪਰਮੇਸ਼ੁਰ ਸਾਡੀ ਅਗਵਾਈ ਕਰਦਾ ਹੈ ਅਤੇ ਮਾਰਗ ਦਰਸ਼ਨ ਕਰਦਾ ਹੈ, ਜੋ ਕਿ ਉਸ ਦੇ ਲਿਖਤੀ ਵਚਨ ਅਤੇ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਹੈ। ਨਵੇਂ ਨੇਮ ਦੇ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਨੇ ਇਸ ਲਈ ਬੁਲਾਇਆ ਹੈ ਕਿ ਉਸ ਦੇ ਵਚਨ ਦੁਆਰਾ ਸਿੱਖਿਆ ਪ੍ਰਾਪਤ ਕਰਨ (2 ਤਿਮੋਥਿਉਸ 3:16,17) ਅਤੇ ਉਸ ਦੀ ਆਤਮਾ ਨੂੰ ਸੁਣਨ ਅਤੇ ਉਸ ਦੀ ਅਗਵਾਈ ਕਰਨਾ ਸਿੱਖਣ ਲਈ (ਰੋਮੀਆਂ 8:14)।

ਸਾਨੂੰ ਇਨ੍ਹਾਂ ਗੱਲਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਉੱਨ ਰੱਖਣ ਦੀ ਕੋਸ਼ਿਸ਼

ਨਹੀਂ ਕਰਨੀ ਚਾਹੀਦੀ। ਯਾਦ ਰੱਖੋ, ਤੁਹਾਡੀ ਉੱਨ ਤੁਹਾਨੂੰ ਧੋਖਾ ਦੇ ਸਕਦੀ ਹੈ। ਇਸ ਲਈ ਸਾਵਧਾਨ ਰਹੋ।

## ਚਿੱਠੀਆਂ ਪਾਉਣਾ

**ਰਸੂਲਾਂ ਦੇ ਕਰਤੱਬ 1:24-26**

**24 ਅਰ ਪ੍ਰਾਰਥਨਾ ਕਰ ਕੇ ਆਖਿਆ ਕਿ ਹੇ ਪ੍ਰਭੂ ਤੂੰ ਜੋ ਸਭਨਾਂ ਦਾ ਅੰਤਰਜਾਮੀ ਹੈਂ, ਵਿਖਾਲ ਕਿ ਇਨ੍ਹਾਂ ਦੋਹਾਂ ਵਿੱਚੋਂ ਤੈਂ ਕਿਹਨੂੰ ਚੁਣਿਆ ਹੈ।**
**25 ਜੋ ਇਸ ਸੇਵਾ ਅਤੇ ਰਸੂਲਪੁਣੇ ਦੀ ਉਹ ਜਗ੍ਹਾ ਲਵੇ, ਜਿਸ ਤੋਂ ਯਹੂਦਾ ਡਿੱਗਿਆ ਭਈ ਉਹ ਆਪਣੀ ਨਿੱਜ ਥਾਂ ਨੂੰ ਜਾਵੇ।**
**26 ਅਤੇ ਉਨ੍ਹਾਂ ਨੇ ਓਹਨਾਂ ਦੇ ਲਈ ਚਿੱਠੀਆਂ ਪਾਈਆਂ ਅਰ ਚਿੱਠੀ ਮੱਥਿਆਸ ਦੇ ਨਾਉਂ ਦੀ ਨਿਕਲੀ। ਤਦ ਉਹ ਉਨ੍ਹਾਂ ਗਿਆਰਾਂ ਰਸੂਲਾਂ ਨਾਲ ਗਿਣਿਆ ਗਿਆ।**

ਯਿਸੂ ਦੇ ਸਵਰਗ ਜਾਣ ਤੋਂ ਬਾਅਦ, ਰਸੂਲ ਯਹੂਦਾ ਦੀ ਥਾਂ ਲੈਣ ਦੇ ਲਈ ਇੱਕ ਵਿਅਕਤੀ ਲੱਭਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਦੋ ਆਦਮੀਆਂ ਨੂੰ ਚੁਣਿਆ ਜੋ ਯਹੂਦਾ ਦੀ ਥਾਂ ਲੈਣ ਲਈ ਲੋੜੀਂਦੀਆਂ ਯੋਗਤਾਵਾਂ ਨੂੰ ਪੂਰਾ ਕਰਦੇ ਸਨ ਅਤੇ ਉਨ੍ਹਾਂ ਨੇ ਚਿੱਠੀਆਂ ਨੂੰ ਪਾਇਆ। ਉਨ੍ਹਾਂ ਨੇ ਪਰਮੇਸ਼ੁਰ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਇਸ ਚੋਣ ਬਾਰੇ ਮਾਰਗ ਦਰਸ਼ਨ ਕਰੇ ਅਤੇ ਉਨ੍ਹਾਂ ਨੇ ਬਾਰਾਂ ਰਸੂਲਾਂ ਨਾਲ ਸਾਂਝਾ ਕਰਨ ਦੇ ਲਈ ਮੱਥਿਆਸ ਦੇ ਨਾਮ ਦਾ ਇੱਕ ਪੱਤਰ ਕੱਢਿਆ।

ਪਰ, ਇਹ ਗੱਲ ਯਾਦ ਰੱਖੋ ਕਿ ਪਰਮੇਸ਼ੁਰ ਦੀ ਅਗਵਾਈ ਲਈ ਚਿੱਠੀਆਂ ਪਾਉਣ ਦੀ ਇਹ ਪ੍ਰਥਾ ਪੰਤੇਕੁਸਤ ਦੇ ਦਿਨ ਤੋਂ ਪਹਿਲਾਂ ਦੀ ਸੀ। ਰਸੂਲ ਅਜੇ ਤੱਕ ਪਵਿੱਤਰ ਆਤਮਾ ਦੇ ਕੰਮ ਅਤੇ ਗਤੀਵਿਧੀ ਤੋਂ ਜਾਣੂ ਨਹੀਂ ਸਨ।

ਬਾਅਦ ਵਿੱਚ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚ, ਅਸੀਂ ਵੇਖਦੇ ਹਾਂ ਕਿ ਜਦੋਂ ਮਹੱਤਵਪੂਰਣ ਫੈਸਲੇ ਲਏ ਜਾਣੇ ਸਨ, ਤਾਂ ਉਹ ਪਵਿੱਤਰ ਆਤਮਾ ਦੀ ਅਗਵਾਈ 'ਤੇ ਨਿਰਭਰ ਕਰਦੇ ਸਨ।

ਇਨ੍ਹਾਂ ਦੋ ਉਦਾਹਰਣਾਂ 'ਤੇ ਵਿਚਾਰ ਕਰੋ।

ਰਸੂਲਾਂ ਦੇ ਕਰਤੱਬ 13 ਵਿੱਚ, ਪਵਿੱਤਰ ਆਤਮਾ ਬਰਨਬਾਸ ਅਤੇ ਸ਼ਾਊਲ ਨੂੰ ਰਸੂਲ ਦੀ ਸੇਵਕਾਈ ਵਿੱਚ ਕੰਮ ਕਰਨ ਲਈ ਬੁਲਾਉਂਦਾ ਸੀ। ਅੰਤਾਕਿਯਾ ਦੇ ਆਗੂਆਂ ਨੇ ਇਸ ਲਈ ਚਿੱਠੀਆਂ ਨਹੀਂ ਰੱਖੀਆਂ।

**ਰਸੂਲਾਂ ਦੇ ਕਰਤੱਬ 13:2**
**ਜਾਂ ਇਹ ਪ੍ਰਭੂ ਦੀ ਉਪਾਸਨਾ ਕਰਦੇ ਅਤੇ ਵਰਤ ਰੱਖਦੇ ਸਨ ਤਾਂ ਪਵਿੱਤਰ ਆਤਮਾ ਨੇ ਕਿਹਾ ਕਿ ਮੇਰੇ ਲਈ ਬਰਨਬਾਸ ਅਤੇ ਸੌਲੁਸ ਨੂੰ ਉਸ ਕੰਮ ਦੇ ਲਈ ਵੱਖਰਾ ਕਰੋ ਜਿਹ ਦੇ ਲਈ ਮੈਂ ਉਨ੍ਹਾਂ ਨੂੰ ਬੁਲਾਇਆ ਹੈ।**

ਯਰੂਸ਼ਲਮ ਦੀ ਮਹੱਤਵਪੂਰਣ ਸਭਾ ਵਿੱਚ, ਜਦੋਂ ਰਸੂਲਾਂ ਅਤੇ ਬਜ਼ੁਰਗਾਂ ਨੇ ਆਪਣੇ ਫੈਸਲੇ ਲਏ, ਯਾਕੂਬ ਨੇ ਪਵਿੱਤਰ ਬਾਈਬਲ ਦਾ ਹਵਾਲਾ ਦਿੱਤਾ (ਆਮੋਸ 9:11-13) ਅਤੇ ਕਿਹਾ ਕਿ ਉਸ ਦਾ ਫੈਸਲਾ ਪਵਿੱਤਰ ਆਤਮਾ ਤੋਂ ਸੀ। ਉਸ ਨੇ ਇੱਥੇ ਚਿੱਠੀਆਂ ਵੀ ਪੋਸਟ ਨਹੀਂ ਕੀਤੀਆਂ।

**ਰਸੂਲਾਂ ਦੇ ਕਰਤੱਬ 15:28**
**ਕਿਉਂਕਿ ਪਵਿੱਤਰ ਆਤਮਾ ਨੇ ਅਤੇ ਅਸਾਂ ਚੰਗਾ ਜਾਣਿਆ ਜੋ ਇਨ੍ਹਾਂ ਜ਼ਰੂਰੀ ਗੱਲਾਂ ਤੋਂ ਬਿਨ੍ਹਾਂ ਤੁਹਾਡੇ ਉੱਤੇ ਹੋਰ ਕੁਝ ਭਾਰ ਨਾ ਪਾਈਏ।**

ਜੋ ਗੱਲ ਅਸੀਂ ਇੱਥੇ ਕਹਿਣਾ ਚਾਹੁੰਦੇ ਹਾਂ ਉਹ ਇਹ ਹੈ ਕਿ ਨਵੇਂ ਨੇਮ ਦੇ ਵਿਸ਼ਵਾਸੀ ਹੋਣ ਦੇ ਨਾਤੇ ਅਸੀਂ ਮਹੱਤਵਪੂਰਣ ਫੈਸਲੇ ਲੈਣ ਲਈ ਕੋਈ ਚਿੱਠੀਆਂ ਨਹੀਂ ਪਾਉਂਦੇ। ਜਿਵੇਂ ਕਿ ਅਸੀਂ ਉੱਨ ਨਹੀਂ ਰੱਖਦੇ, ਉਸੇ ਤਰ੍ਹਾਂ ਅਸੀਂ ਚਿੱਠੀਆਂ ਨਹੀਂ ਪਾਉਂਦੇ, ਪਰ ਪਵਿੱਤਰ ਬਾਈਬਲ ਦੇ ਵਚਨਾਂ ਉੱਤੇ ਅਤੇ ਪਵਿੱਤਰ ਆਤਮਾ ਦੀ ਅਗਵਾਈ 'ਤੇ ਭਰੋਸਾ ਕਰਦੇ ਹਾਂ। ਇੱਥੇ ਦੂਸਰੇ ਸੈਕੰਡਰੀ ਤਰੀਕੇ ਹਨ, ਜਿਨ੍ਹਾਂ ਦਾ ਅਸੀਂ ਇਸ ਕਿਤਾਬ ਵਿੱਚ ਜ਼ਿਕਰ ਕੀਤਾ ਹੈ, ਜਿਨ੍ਹਾਂ ਦੁਆਰਾ ਪਰਮੇਸ਼ੁਰ ਸਾਡੀ ਅਗਵਾਈ ਕਰਦਾ ਹੈ, ਪਰ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੇ ਨਾਲ ਪਰਖਿਆ ਜਾਣਾ ਚਾਹੀਦਾ ਹੈ।

ਜੇ ਤੁਸੀਂ ਆਪਣੇ ਜੀਵਨ ਦੇ ਲਈ ਪਰਮੇਸ਼ੁਰ ਦੀ ਦਿਸ਼ਾ ਨੂੰ ਸਮਝਣ ਲਈ ਆਪਣੇ ਜੀਵਨ ਦੀਆਂ ਪ੍ਰਸਥਿਤੀਆਂ ਅਤੇ ਹਾਲਾਤਾਂ 'ਤੇ ਵਿਚਾਰ ਕਰਦੇ ਹੋ, ਤਾਂ ਕੁਝ ਗੱਲਾਂ ਯਾਦ ਰੱਖੋ ਜੋ ਇੱਥੇ ਪੇਸ਼ ਕੀਤੀਆਂ ਗਈਆਂ ਹਨ:

## ਹਰ ਬੰਦ ਦਰਵਾਜ਼ੇ ਦਾ ਮਤਲਬ "ਨਾ" ਨਹੀਂ ਹੁੰਦਾ

ਕੁਝ ਦਰਵਾਜ਼ੇ ਬੰਦ ਹਨ, ਕਿਉਂਕਿ ਤੁਹਾਨੂੰ ਉਨ੍ਹਾਂ ਨੂੰ "ਖੜਕਾਉਣ" ਦੀ ਜ਼ਰੂਰਤ ਹੈ ... ਹੋ ਸਕਦਾ ਹੈ ਕਿ ਇਸ ਨੂੰ "ਖੜਕਾ ਕੇ" ਖੋਲ੍ਹ ਦੇਣ ਦੀ ਵੀ।

**ਮੱਤੀ 7:7,8**
**7 ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਢੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ**

**ਖੋਲ੍ਹਿਆ ਜਾਵੇਗਾ**
**8 ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ।**

ਕੁਝ ਦਰਵਾਜ਼ੇ ਸਿਰਫ਼ ਇਸ ਲਈ ਬੰਦ ਕੀਤੇ ਜਾਂਦੇ ਹਨ ਤਾਂ ਜੋ ਤੁਹਾਨੂੰ ਸਹੀ ਦਰਵਾਜ਼ੇ 'ਤੇ ਭੇਜਿਆ ਜਾਵੇ, ਜੋ ਤੁਹਾਡੇ ਲਈ ਸਹੀ ਜਗ੍ਹਾ ਖੋਲ੍ਹ ਦੇਵੇਗਾ। ਬੰਦ ਦਰਵਾਜ਼ੇ ਦਾ ਮਤਲਬ ਇਹ ਨਹੀਂ ਹੈ ਕਿ ਜਿਸ ਉਦੇਸ਼ ਦੇ ਲਈ ਤੁਸੀਂ ਕੋਸ਼ਿਸ਼ ਕਰ ਰਹੇ ਹੋ ਉਹ ਤੁਹਾਡੇ ਲਈ ਨਹੀਂ ਹੈ। ਉਸ ਦਾ ਮਤਲਬ ਇਹ ਹੈ ਕਿ ਉਸ ਉਦੇਸ਼ ਨੂੰ ਕਿਸੇ ਵੱਖਰੀ ਜਗ੍ਹਾ ਤੋਂ ਪ੍ਰਾਪਤ ਕਰਨ ਦੀ ਜ਼ਰੂਰਤ ਹੈ।

ਜਦੋਂ ਯੂਸੁਫ਼ ਅਤੇ ਮਰਿਯਮ ਬੈਤਲਹਮ ਪਹੁੰਚੇ, ਤਾਂ ਉਨ੍ਹਾਂ ਲਈ ਸਰਾਂ ਵਿੱਚ ਇੱਕ ਵੀ ਕਮਰਾ ਖਾਲੀ ਨਹੀਂ ਸੀ। ਸਰਾਂ ਵਿੱਚ ਕਮਰੇ ਦਾ ਨਾ ਹੋਣਾ ਕਿਸੇ ਵੀ ਤਰ੍ਹਾਂ ਇਸ ਸਚਾਈ ਤੋਂ ਇਨਕਾਰ ਨਹੀਂ ਕਰਦਾ ਸੀ ਕਿ ਉਸ ਦੀ ਕੁੱਖ ਵਿੱਚ ਪਰਮੇਸ਼ੁਰ ਦਾ ਪੁੱਤਰ ਸੀ, ਕਿ ਉਹ ਪਰਮੇਸ਼ੁਰ ਦੀ ਆਤਮਾ ਦੀ ਸਮਰੱਥ ਦੁਆਰਾ ਗਰਭਵਤੀ ਸੀ। ਯਿਸੂ ਦਾ ਜਨਮ ਇੱਕ ਅਜਿਹੀ ਜਗ੍ਹਾ 'ਤੇ ਹੋਇਆ ਸੀ, ਜਿੱਥੇ ਜਾਨਵਰਾਂ ਨੂੰ ਰੱਖਿਆ ਗਿਆ ਸੀ ਅਤੇ ਇੱਕ ਗਾਂ ਦੀ ਖੁਰਲੀ ਵਿੱਚ ਰੱਖਿਆ ਗਿਆ ਸੀ (ਲੂਕਾ 2:7), ਪਰ ਇਸ ਵਿੱਚੋਂ ਕਿਸੇ ਨੇ ਵੀ ਇਸ ਗੱਲ ਦੀ ਮਹੱਤਤਾ ਨੂੰ ਘੱਟ ਨਹੀਂ ਕੀਤਾ ਕਿ ਉਹ ਕੌਣ ਸੀ ਜਾਂ ਮਨੁੱਖਜਾਤੀ 'ਤੇ ਉਸ ਦਾ ਪ੍ਰਭਾਵ ਸੀ।

ਸਿਰਫ਼ ਇਸ ਗੱਲ ਨੂੰ ਯਾਦ ਰੱਖੋ ਕਿ ਬੰਦ ਦਰਵਾਜ਼ੇ ਦਾ ਮਤਲਬ ਹਮੇਸ਼ਾਂ "ਨਾ" ਨਹੀਂ ਹੁੰਦਾ। ਤੁਹਾਨੂੰ ਇਹ ਪਛਾਣਨਾ ਪਏਗਾ ਕਿ ਪਰਮੇਸ਼ੁਰ ਕੀ ਚਾਹੁੰਦਾ ਹੈ ਅਤੇ ਉਸ ਦੇ ਪਿੱਛੇ ਚੱਲਣਾ ਹੋਵੇਗਾ।

## ਹਰ ਦੇਰੀ ਇੱਕ ਇਨਕਾਰ ਨਹੀਂ ਹੈ

ਕਈ-ਕਈ ਵਾਰ ਅਸੀਂ ਕਿਸੇ ਖਾਸ ਸਮੇਂ 'ਤੇ ਕੁਝ ਹੋਣ ਦੀ ਆਸ ਕਰਦੇ ਹਾਂ ਅਤੇ ਜੇ ਅਸੀਂ ਸੋਚਦੇ ਜਾਂ ਕਲਪਨਾ ਕਰਦੇ ਹਾਂ ਉਸ ਸਮੇਂ ਵਿੱਚ ਕੁਝ ਨਹੀਂ ਹੁੰਦਾ, ਤਾਂ ਅਸੀਂ ਨਿਰਾਸ਼ਾ ਵਿੱਚ ਹਾਰ ਮੰਨ ਲੈਂਦੇ ਹਾਂ। ਅਕਸਰ, ਅਸੀਂ ਦੇਰੀ ਨੂੰ ਇਨਕਾਰ ਕਹਿੰਦੇ ਹਾਂ। ਅਜਿਹਾ ਨਹੀਂ ਹੈ। ਜਿਵੇਂ ਕਿ ਅਸੀਂ ਪਿਛਲੇ ਅਧਿਆਇ ਵਿੱਚ ਸਿੱਖਿਆ ਸੀ, ਪਰਮੇਸ਼ੁਰ ਨਿਸ਼ਚਿਤ ਸਮੇਂ ਵਿੱਚ ਗੱਲਾਂ ਦਾ ਖੁਲਾਸਾ ਕਰਦਾ ਹੈ ਅਤੇ ਸਾਨੂੰ ਪਰਮੇਸ਼ੁਰ ਦੇ *'ਕੈਰੋਸ'* ਦੇ ਸਮੇਂ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

ਯੂਸੁਫ਼ ਦੇ ਬਾਰੇ ਸੋਚੋ। ਜਦੋਂ ਉਹ ਜਵਾਨ ਸੀ, ਉਸ ਨੂੰ ਸੁਫ਼ਨੇ ਦਿੱਤੇ ਗਏ

ਸਨ ਕਿ ਪਰਮੇਸ਼ੁਰ ਉਸ ਦੇ ਜੀਵਨ ਨਾਲ ਕੀ ਕਰਨ ਜਾ ਰਿਹਾ ਹੈ। ਸਮਾਂ ਬੀਤਦਾ ਗਿਆ। ਉਸ ਲਈ ਹਾਲਾਤ ਹੋਰ ਮੁਸ਼ਕਿਲ ਹੁੰਦੇ ਜਾਪਦੇ ਸਨ। ਉਸ ਨੂੰ ਵੇਚ ਦਿੱਤਾ ਗਿਆ ਅਤੇ ਇੱਕ ਗ਼ੁਲਾਮ ਵਜੋਂ ਮਿਸਰ ਭੇਜਿਆ ਗਿਆ ਅਤੇ ਫਿਰ ਝੂਠਾ ਦੋਸ਼ ਲਗਾਇਆ ਗਿਆ ਅਤੇ ਕੈਦ ਕਰ ਦਿੱਤਾ ਗਿਆ। ਕੀ ਇਸ ਦਾ ਮਤਲਬ ਇਹ ਸੀ ਕਿ ਪਰਮੇਸ਼ੁਰ ਦਾ ਉਦੇਸ਼ ਕਦੇ ਵੀ ਪੂਰਾ ਨਹੀਂ ਹੋਵੇਗਾ? ਪਰਮੇਸ਼ੁਰ ਅਸਲ ਵਿੱਚ ਗੱਲਾਂ ਦਾ ਪ੍ਰਬੰਧ ਕਰ ਰਿਹਾ ਸੀ ਅਤੇ ਉਹ ਆਪਣੇ ਕੈਦ ਵਿੱਚ ਆਉਣ ਦੁਆਰਾ ਵੀ ਕੰਮ ਕਰ ਰਿਹਾ ਸੀ। ਇਹ ਜ਼ੇਲ੍ਹ ਵਿੱਚ ਸੀ "ਕਿ ਉਸ ਦਾ ਵਚਨ" (ਸੁਫ਼ਨਿਆਂ ਨੂੰ ਪਰਿਭਾਸ਼ਿਤ ਕਰਨਾ) ਅਜ਼ਾਦ ਅਤੇ ਪੂਰਾ ਹੋਇਆ ਸੀ ਅਤੇ ਅਚਾਨਕ, ਹਾਲਾਤ ਬਦਲ ਗਏ ਅਤੇ ਉਸ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਪਰਮੇਸ਼ੁਰ ਦੀਆਂ ਯੋਜਨਾਵਾਂ ਨੂੰ ਪ੍ਰਗਟ ਹੁੰਦੇ ਹੋਏ ਵੇਖਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਦੌਰਾਨ, ਪਰਮੇਸ਼ੁਰ ਯੂਸੁਫ਼ ਦੀ ਪਰਖ ਕਰ ਰਿਹਾ ਸੀ (ਜਿਸ ਤਰੀਕੇ ਨਾਲ ਧਾਤੂ ਦੀ ਪਰਖ ਕੀਤੀ ਜਾਂਦੀ ਹੈ ਅਤੇ ਸ਼ੁੱਧ ਕੀਤਾ ਜਾਂਦਾ ਹੈ) ਅਤੇ ਪਰਮੇਸ਼ੁਰ ਉਸ ਨੂੰ ਆਪਣੇ ਜੀਵਨ ਦੇ ਕੰਮ ਦੇ ਲਈ ਤਿਆਰ ਕਰ ਰਿਹਾ ਸੀ।

ਜ਼ਬੂਰਾਂ 105:17-22

**17 ਉਹ ਨੇ ਉਨ੍ਹਾਂ ਦੇ ਅੱਗੇ ਇੱਕ ਮਨੁੱਖ ਘੱਲਿਆ, ਯੂਸੁਫ਼ ਦਾਸ ਕਰਕੇ ਵੇਚਿਆ ਗਿਆ।**
**18 ਉਨ੍ਹਾਂ ਨੇ ਉਹ ਦੇ ਪੈਰਾਂ ਨੂੰ ਬੇੜੀਆਂ ਨਾਲ ਦੁੱਖ ਦਿੱਤਾ, ਉਹ ਲੋਹੇ ਵਿੱਚ ਜਕੜਿਆ ਗਿਆ,**
**19 ਉਸ ਵੇਲੇ ਤੀਕ ਭਈ ਉਹ ਦਾ ਬਚਨ ਪੂਰਾ ਹੋ ਗਿਆ, ਯਹੋਵਾਹ ਦਾ ਸ਼ਬਦ ਉਹ ਨੂੰ ਪਰਖਦਾ ਰਿਹਾ।**
**20 ਰਾਜੇ ਨੇ ਹੁਕਮ ਘੱਲ ਕੇ ਉਹ ਨੂੰ ਖੋਲ੍ਹ ਦਿੱਤਾ, ਰਈਯਤਾਂ ਦੇ ਹਾਕਮ ਨੇ ਉਹ ਨੂੰ ਅਜ਼ਾਦ ਕੀਤਾ।**
**21 ਉਸ ਨੇ ਉਹ ਨੂੰ ਆਪਣੇ ਘਰ ਦਾ ਮਾਲਕ ਅਤੇ ਆਪਣੀ ਸਾਰੀ ਮਿਲਖ ਦਾ ਹਾਕਮ ਠਹਿਰਾਇਆ,**
**22 ਭਈ ਉਹ ਆਪਣੀ ਮਰਜ਼ੀ ਨਾਲ ਉਹ ਦੇ ਸਰਦਾਰਾਂ ਨੂੰ ਬੰਨ੍ਹ ਲਵੇ ਅਤੇ ਉਸ ਦੇ ਬਜ਼ੁਰਗਾਂ ਨੂੰ ਮੱਤ ਸਿਖਾਵੇ।**

ਇਸ ਲਈ ਜਦੋਂ ਅਸੀਂ ਆਪਣੀ ਪ੍ਰਸਥਿਤੀਆਂ ਅਤੇ ਹਾਲਾਤਾਂ ਬਾਰੇ ਸੋਚਦੇ ਹਾਂ। ਫਿਰ ਸਾਨੂੰ ਸਾਵਧਾਨ ਰਹਿਣਾ ਪਏਗਾ ਕਿ ਅਸੀਂ ਦੇਰੀ ਦੇ ਅਰਥ ਨੂੰ ਇਨਕਾਰ ਦੇ ਰੂਪ ਵਿੱਚ ਨਾ ਲਈਏ।

## ਬੰਦ ਦਰਵਾਜ਼ਿਆਂ ਨੂੰ ਖੋਲ੍ਹਣਾ ਅਤੇ ਦੇਰੀ ਵਿੱਚ ਸਹਿਣ ਕਰਨਾ

ਇਸ ਲਈ, ਜਦੋਂ ਅਸੀਂ ਆਪਣੇ ਜੀਵਨ ਦੇ ਹਾਲਾਤਾਂ ਵਿੱਚ ਅਤੇ ਉਸ ਦੇ ਰੱਬੀ ਪ੍ਰਬੰਧਾਂ ਵਿੱਚ ਉਸ ਦੇ ਹੱਥ ਨੂੰ ਕੰਮ ਕਰਦੇ ਹੋਏ ਵੇਖਦੇ ਹਾਂ ਅਤੇ ਪਛਾਣਦੇ ਹਾਂ ਅਤੇ ਉਸ ਦੁਆਰਾ ਪਰਮੇਸ਼ੁਰ ਦੀ ਅਗਵਾਈ ਨੂੰ ਪਛਾਣਦੇ ਹਾਂ ਅਤੇ ਪ੍ਰਾਪਤ

ਕਰਦੇ ਹਾਂ, ਤਾਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ।

1) ਹਰ ਬੰਦ ਦਰਵਾਜ਼ੇ ਨੂੰ "ਨਾ" ਦੇ ਰੂਪ ਵਿੱਚ ਕਬੂਲ ਨਾ ਕਰੋ। ਕੁਝ ਦਰਵਾਜ਼ਿਆਂ ਨੂੰ ਖੋਲ੍ਹਣ ਦੀ ਜ਼ਰੂਰਤ ਹੁੰਦੀ ਹੈ।

2) ਹਰ ਦੇਰੀ ਨੂੰ ਇਨਕਾਰ ਨਾ ਸਮਝੋ। ਕਈ-ਕਈ ਵਾਰ ਸਾਨੂੰ ਸਮੇਂ ਦੇ ਨਾਲ ਇੰਤਜ਼ਾਰ ਕਰਨਾ ਪੈਂਦਾ ਹੈ।

3) ਫਿਰ ਵੀ, ਜੋ ਕੁਝ ਵੀ ਹੁੰਦਾ ਹੈ, ਉਸ ਵਿੱਚ ਜ਼ਿਆਦਾ ਸ਼ਾਮਿਲ ਨਾ ਹੋਵੋ, ਭੈਅ-ਭੀਤ ਨਾ ਹੋਵੋ। ਅੰਧ-ਵਿਸ਼ਵਾਸ ਜਾਂ ਗ਼ੈਰ-ਯਥਾਰਥਵਾਦੀ ਵਿਸ਼ਵਾਸ ਨਾ ਰੱਖੋ।

ਸਾਨੂੰ ਇਹ ਪਛਾਣਨ ਦੀ ਜ਼ਰੂਰਤ ਹੈ ਕਿ ਪਰਮੇਸ਼ੁਰ ਕਦੋਂ ਕਿਸੇ ਗੱਲ ਦਾ ਪ੍ਰਬੰਧ ਕਰ ਰਿਹਾ ਹੈ ਅਤੇ ਕਦੋਂ ਨਹੀਂ ਕਰ ਰਿਹਾ ਹੈ। ਪਛਾਣੋ ਕਿ ਪਰਮੇਸ਼ੁਰ ਕਦੋਂ ਕੰਮ ਕਰ ਰਿਹਾ ਹੈ। ਤੁਹਾਨੂੰ ਉਸ ਦੇ ਉਦੇਸ਼ਾਂ ਵੱਲ ਲੈ ਜਾਣ ਲਈ, ਉਸ ਦੇ ਮਾਰਗ ਵਜੋਂ ਕਬੂਲ ਕਰੋ। ਉਨ੍ਹਾਂ ਸਮਾਗਮਾਂ ਵਿੱਚ ਦਾਖ਼ਿਲ ਹੋਵੋ, ਜੋ ਉਹ ਤੁਹਾਡੇ ਲਈ ਪ੍ਰਬੰਧ ਕਰਦਾ ਹੈ।

ਇੱਕ ਸਥਾਨਕ ਕਲੀਸਿਆ ਦੇ ਰੂਪ ਵਿੱਚ ਸਾਡੀ ਯਾਤਰਾ ਵਿੱਚ ਕਈ ਵਾਰ ਅਜਿਹਾ ਹੋਇਆ ਹੈ, ਜਦੋਂ ਪਰਮੇਸ਼ੁਰ ਨੇ ਹਾਲਾਤਾਂ ਅਤੇ ਰੱਬੀ ਅਜ਼ਮਾਇਸ਼ਾਂ ਦੁਆਰਾ ਸਾਡੀ ਅਗਵਾਈ ਕੀਤੀ ਹੈ। ਸ਼ਾਇਦ ਕੋਈ ਸਾਡੇ ਰਾਹ ਵਿੱਚ ਆਇਆ ਅਤੇ ਸਾਨੂੰ ਕੁਝ ਜਾਣਕਾਰੀ ਦਿੱਤੀ, ਸਾਡੇ ਲਈ ਇੱਕ ਅਸਧਾਰਣ ਦਰਵਾਜ਼ਾ ਖੋਲ੍ਹਿਆ, ਆਦਿ।

ਇੱਥੇ ਕੁਝ ਉਦਾਹਰਣਾਂ ਹਨ:

### *ਮਈ/ਜੂਨ 2002: ਏ.ਪੀ.ਸੀ ਮੰਗਲੌਰ ਦੀ ਸ਼ੁਰੂਆਤ*

ਨਵੰਬਰ 2001 ਵਿੱਚ, ਡਾ. ਰਣਜੀਤ ਪੀਟਰ ਨੇ ਬੰਗਲੌਰ ਵਿੱਚ ਸਾਨੂੰ ਭੇਂਟ ਦਿੱਤੀ ਅਤੇ ਮੰਗਲੌਰ ਦੇ ਬਾਹਰ ਡੇਰਾਲੇਕੇਟ੍ਰਾ ਨਾਮਕ ਇੱਕ ਜਗ੍ਹਾ ਦਾ ਜ਼ਿਕਰ ਕੀਤਾ। ਇੱਥੇ ਬਹੁਤ ਸਾਰੇ ਕਾਲਜ ਸਨ ਅਤੇ ਉਸ ਨੇ ਸੁਝਾਅ ਦਿੱਤਾ ਕਿ ਅਸੀਂ ਇੱਥੇ ਵਿਦਿਆਰਥੀਆਂ ਦੇ ਲਈ ਇੱਕ ਸਥਾਨਕ ਕਲੀਸਿਆ ਸ਼ੁਰੂ ਕਰੀਏ। ਇਹ ਗੱਲ ਅਸੀਂ ਆਪਣੇ ਮਨ ਵਿੱਚ ਰੱਖ ਲਈ। ਏ.ਪੀ.ਸੀ ਬੰਗਲੌਰ ਅਜੇ ਬਹੁਤ ਛੋਟਾ ਸੀ, ਇਸ ਨੂੰ ਸ਼ੁਰੂ ਹੋਏ ਇੱਕ ਸਾਲ ਵੀ ਨਹੀਂ ਹੋਇਆ ਸੀ। 2002 ਦੇ ਅਰੰਭ ਵਿੱਚ, ਅਸੀਂ ਚਾਰ ਡੇਰਾਲੇਕੇਟ੍ਰਾ ਗਏ ਅਤੇ ਉਸ ਜਗ੍ਹਾ ਦੀ ਛਾਣਬੀਣ ਕੀਤੀ।

ਅਸੀਂ ਇੱਕ ਵੀਡੀਓ ਸਿਨੇਮਾ ਦਾ ਇੱਕ ਛੋਟਾ ਜਿਹਾ ਹਾਲ ਵੀ ਵੇਖਿਆ, ਜਿਸ ਵਿੱਚ ਲੱਗਭੱਗ 50 ਲੋਕ ਬੈਠ ਸਕਦੇ ਸਨ। ਇਸ ਹਾਲ ਵਿੱਚ ਉਹ ਵੀਡੀਓ ਫਿਲਮਾਂ ਬਣਾਉਂਦਾ ਸੀ। ਅਸੀਂ ਮਾਲਕ ਨੂੰ ਪੁੱਛਿਆ ਕਿ ਕੀ ਉਹ ਸਾਨੂੰ ਸ਼ਨੀਵਾਰ ਦੇ ਦਿਨ (ਸੰਗੀਤ ਤਿਉਹਾਰ) ਨੂੰ ਸੰਗੀਤ ਸਮਾਰੋਹ ਦੇ ਲਈ ਜਗ੍ਹਾ ਕਿਰਾਏ ‘ਤੇ ਦੇਣਗੇ ਅਤੇ ਫਿਰ ਹਰ ਐਤਵਾਰ ਨੂੰ ਦੁਪਹਿਰ 1 ਵਜੇ ਉਸ ਦਾ ਪਹਿਲਾ ਸ਼ੋਅ ਸ਼ੁਰੂ ਹੋਣ ਤੋਂ ਪਹਿਲਾ 10:30 ਤੋਂ ਦੁਪਹਿਰ 12:30 ਵਜੇ ਤੱਕ ਕਿਰਾਏ ਤੇ ਦੇਣਗੇ। ਉਸ ਨੇ ਹਾਂ ਕਿਹਾ। ਇਸ ਲਈ ਅਸੀਂ ਇੱਕ ਵਿਅਕਤੀ ਦੇ ਸੰਗੀਤ ਉਤਸਵ ਦਾ ਆਯੋਜਨ ਕੀਤਾ। ਸ਼ਨੀਵਾਰ, 8 ਜੂਨ ਨੂੰ, ਮੰਗਲੌਰ ਦੇ ਡੇਰਾਲੇਕੇਟਾ ਵਿੱਚ ਕਿਰਾਏ ‘ਤੇ ਦਿੱਤੇ ਗਏ ਇਸ ਛੋਟੇ ਜਿਹੇ ਫਿਲਮ ਹਾਲ ਵਿੱਚ ਜਰਜੀ ਸੈਮ ਨੇ ਸੰਗੀਤ ਉਤਸਵ ਦੀ ਅਗਵਾਈ ਕੀਤੀ। ਸ਼ਾਇਦ ਇਸ ਸੰਗੀਤ ਉਤਸਵ ਵਿੱਚ ਲੱਗਭੱਗ 20 ਲੋਕਾਂ ਨੇ ਹਿੱਸਾ ਲਿਆ। ਉਸ ਦੇ ਬਾਅਦ ਅਗਲੇ ਦਿਨ, ਐਤਵਾਰ, ਜੂਨ 2002 ਨੂੰ, ਅਸੀਂ ਆਲ ਪੀਪਲਜ਼ ਚਰਚ, ਮੰਗਲੌਰ ਦੀ ਪਹਿਲੀ ਅਰਾਧਨਾ ਲਈ (ਸ਼ੁਰੂ ਵਿੱਚ ਇਸ ਨੂੰ ਏ.ਪੀ.ਸੀ. ਡੇਰਾਲੇਕੇਟਾ ਕਿਹਾ ਜਾਂਦਾ ਸੀ)। ਇਨ੍ਹਾਂ ਸਾਲਾਂ ਤੋਂ, ਪਰਮੇਸ਼ੁਰ ਨੇ ਇਸ ਕਲੀਸਿਆ ਦੀ ਸ਼ੁਰੂਆਤ ਦੁਆਰਾ ਬਹੁਤ ਸਾਰੇ ਕਾਲਜ ਦੇ ਵਿਦਿਆਰਥੀਆਂ ਦੇ ਜੀਵਨ ਨੂੰ ਸਮਰੱਥ ਦੇ ਨਾਲ ਛੂਹਿਆ ਹੈ, ਖੁਸ਼ਹਾਲ ਬਣਾਇਆ ਹੈ ਅਤੇ ਬਦਲ ਦਿੱਤਾ ਹੈ। ਅੱਜ, ਮੰਗਲੌਰ ਸ਼ਹਿਰ ਵਿੱਚ ਇਹ ਸਥਾਨਕ ਕਲੀਸਿਆ ਇੱਕ ਸੰਪੰਨ ਕਲੀਸਿਆ ਹੈ।

### *ਜੁਲਾਈ 2002: ਏ.ਪੀ.ਸੀ ਚਰਚ ਦੀ ਸ਼ੁਰੂਆਤ ਹੋਈ।*

ਜੁਲਾਈ 2002 ਵਿੱਚ, ਲੱਗਭੱਗ 10 ਨੇਪਾਲੀ ਲੋਕਾਂ ਦਾ ਇੱਕ ਸਮੂਹ ਮੇਰੇ ਕੋਲ ਆਇਆ ਕਿ ਮੈਂ ਹਰ ਮੰਗਲਵਾਰ ਨੂੰ ਸ਼ਾਮ 4:00 ਤੋਂ 5:30 ਵਜੇ ਤੱਕ ਉਨ੍ਹਾਂ ਦੀ ਅਰਾਧਨਾ ਵਿੱਚ ਅਗਵਾਈ ਕਰਾਂ ਅਤੇ ਉਨ੍ਹਾਂ ਨੂੰ ਵਚਨ ਦੀ ਸਿੱਖਿਆ ਦੇਵਾਂ। ਸਾਡੀ ਨੇਪਾਲੀ ਲੋਕਾਂ ਵਿੱਚ ਸੇਵਾ ਕਰਨ ਦੀ ਜਾਂ ਨੇਪਾਲੀ ਕਲੀਸਿਆ ਸ਼ੁਰੂ ਕਰਨ ਦੀ ਕੋਈ ਯੋਜਨਾ ਨਹੀਂ ਸੀ। ਪਰ ਇਸ ਛੋਟੀ ਜਿਹੀ ਅਤੇ ਸਧਾਰਣ ਸ਼ੁਰੂਆਤ ਦੇ ਨਾਲ, ਜੁਲਾਈ 2002 ਵਿੱਚ ਆਲ ਪੀਪਲਜ਼ ਚਰਚ-ਨੇਪਾਲੀ ਸੰਗਤੀ ਸ਼ੁਰੂ ਹੋਈ। ਪਰਮੇਸ਼ੁਰ ਵਫ਼ਾਦਾਰ ਸੀ ਅਤੇ ਉਸ ਨੇ ਸਾਨੂੰ ਨੇਪਾਲੀ ਲੋਕਾਂ ਵਿੱਚ ਸੇਵਾ ਕਰਨ ਵਿੱਚ ਸਾਡੀ ਮਦਦ ਕਰਨ ਲਈ ਲੋਕ ਦਿੱਤੇ। ਨੇਪਾਲੀ ਕਲੀਸਿਆ ਨੇ ਸਾਲਾਂ ਦੌਰਾਨ ਸੈਂਕੜੇ ਨੇਪਾਲੀ ਲੋਕਾਂ ਦੀ ਸੇਵਾ ਕੀਤੀ। 2017 ਵਿੱਚ, ਅਸੀਂ ਉਨ੍ਹਾਂ ਨੂੰ ਆਪਣੀ ਸਥਾਨਕ ਕਲੀਸਿਆ ਸ਼ੁਰੂ ਕਰਨ ਲਈ ਅਜ਼ਾਦ ਕੀਤਾ ਅਤੇ ਵਿਸ਼ਵਾਸੀਆਂ ਦਾ ਇੱਕ ਸ਼ਾਨਦਾਰ ਸਮਾਜ ਸਥਾਪਿਤ ਕੀਤੀ।

## *ਜੂਨ 2008: ਕੈਟਾਲਿਸਟ ਦੀ ਸ਼ੁਰੂਆਤ*

ਮਾਰਚ / ਅਪ੍ਰੈਲ ਵਿੱਚ ਕਿਸੇ ਸਮੇਂ, ਰਿਆਨ ਇੰਟਰਨੈਸ਼ਨਲ ਸਕੂਲ ਅਤੇ ਜ਼ੇਵੀਅਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਪ੍ਰਧਾਨ ਡਾ. ਏ. ਐਫ. ਪਿੰਟੋ ਮੈਨੂੰ ਮਿਲਿਆ ਅਤੇ ਮੈਨੂੰ ਪੁੱਛਿਆ ਕਿ ਕੀ ਰਿਆਨ ਇੰਟਰਨੈਸ਼ਨਲ ਯੇਲਹੰਕਾ ਦੇ ਵਿਦਿਆਰਥੀਆਂ ਦੇ ਲਈ ਏ. ਪੀ. ਸੀ ਪਵਿੱਤਰ ਬਾਈਬਲ ਦੀਆਂ ਕਲਾਸਾਂ ਲੈ ਸਕਦਾ ਹੈ। ਮੈਂ ਇਸ ਨੂੰ ਕਰਨ ਲਈ ਸਹਿਮਤ ਹੋ ਗਿਆ, ਹਾਲਾਂਕਿ ਸਾਨੂੰ ਨਹੀਂ ਪਤਾ ਸੀ ਕਿ ਅਸੀਂ ਇਹ ਕਿਵੇਂ ਕਰਨ ਜਾ ਰਹੇ ਹਾਂ ਅਤੇ ਨਾ ਹੀ ਸਾਡੇ ਕੋਲ ਸਹੀ ਲੋਕ ਉਪਲੱਬਧ ਸਨ। ਪਰ ਪਾ. ਸੇਲੀਨਾ ਮਕਵਾਨਾ ਦੀ ਇੰਟਰਵਿਊ ਕੀਤੀ ਗਈ ਅਤੇ ਉਹ ਜੂਨ 2008 ਵਿੱਚ ਸਾਡੇ ਨਾਲ ਜੁੜ ਗਈ ਅਤੇ ਤੁਰੰਤ ਸਕੂਲਾਂ ਵਿੱਚ ਕੈਟਾਲਿਸਟ ਦੀ ਖੁਸ਼ਖ਼ਬਰੀ ਦੀ ਸੇਵਕਾਈ ਸ਼ੁਰੂ ਹੋ ਗਈ। ਅਸੀਂ ਰਿਆਨ ਇੰਟਰਨੈਸ਼ਨਲ, ਯੇਲਹੰਕਾ ਤੋਂ ਅਰੰਭ ਕੀਤਾ ਅਤੇ ਦੂਸਰੇ ਸਕੂਲਾਂ ਵਿੱਚ ਸਾਡਾ ਵਿਸਥਾਰ ਹੋ ਗਿਆ।

## *ਜੂਨ 2012: ਪਰਮੇਸ਼ੁਰ ਟੀ. ਵੀ (ਏਸ਼ੀਆ)*

ਜੂਨ 2012 ਵਿੱਚ, ਸਾਨੂੰ ਚੇਨਈ ਵਿੱਚ ਗੌਡ ਟੀ. ਵੀ ਦੁਆਰਾ ਬੁਲਾਇਆ ਗਿਆ ਸੀ ਅਤੇ ਗੌਡ ਟੀ. ਵੀ. (ਏਸ਼ੀਆ) ਨੂੰ ਏਸ਼ੀਆ ਬਾਰੇ ਹਫ਼ਤਾਵਾਰੀ ਤਨਖ਼ਾਹ ਪ੍ਰੋਗਰਾਮ ਕਰਵਾਉਣ ਲਈ ਸੱਦਾ ਦਿੱਤਾ ਗਿਆ ਸੀ। ਏ.ਪੀ.ਸੀ. ਬੰਗਲੌਰ ਸ਼ਹਿਰ ਦੀ ਸਭ ਤੋਂ ਵੱਡੀ ਕਲੀਸਿਆ ਨਹੀਂ ਸੀ ਅਤੇ ਫਿਰ ਵੀ ਸਾਨੂੰ ਇਹ ਸੱਦਾ ਦੇਣ ਦਾ ਸਨਮਾਨ ਮਿਲਿਆ। ਸਾਡੇ ਕੋਲ ਲੋੜੀਂਦੇ ਫੰਡ ਸਨ ਅਤੇ ਸਾਡੇ ਕੋਲ ਕੁਝ ਲੋਕ ਸਨ, ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਚਲਾਉਣ ਵਿੱਚ ਸਾਡੀ ਮਦਦ ਕੀਤੀ, ਇਸ ਲਈ ਅਸੀਂ ਆਪਣਾ ਇਸ ਵਿੱਚ ਕਦਮ ਰੱਖਿਆ।

## *ਅਕਤੂਬਰ 2012: ਥੋੜ੍ਹੇ ਸਮੇਂ ਲਈ ਬਾਈਬਲ ਕੋਰਸ ਦੀ ਸ਼ੁਰੂਆਤ*

2011 ਵਿੱਚ, ਇਮੈਨੁਅਲ ਹਸਪਤਾਲ ਐਸੋਸੀਏਸ਼ਨ (ਈ. ਐੱਚ. ਏ) ਦੇ ਡਾ. ਅਸ਼ੋਕ ਚਾਕੋ ਨੇ ਏ.ਪੀ.ਸੀ ਨਾਲ ਸੰਪਰਕ ਕੀਤਾ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਏ.ਪੀ.ਸੀ ਉਨ੍ਹਾਂ ਦੇ ਹਸਪਤਾਲਾਂ ਦੀ ਆਤਮਿਕ ਤੌਰ ‘ਤੇ ਸੇਵਾ ਕਰਨ ਵਿੱਚ ਸਹਾਇਤਾ ਕਰੇਗੀ। ਨਵੰਬਰ 2011 ਵਿੱਚ, ਮੈਂ ਚੰਪਾ (ਛੱਤੀਸਗੜ੍ਹ) ਦੇ ਈ. ਐੱਚ. ਏ ਮਸੀਹੀ ਹਸਪਤਾਲ ਅਤੇ ਛਤਰਪੁਰ (ਮੱਧ ਪ੍ਰਦੇਸ਼) ਦੇ ਈ.ਐੱਚ.ਏ ਮਸੀਹੀ ਹਸਪਤਾਲ ਦਾ ਦੌਰਾ ਕੀਤਾ। ਈ.ਐੱਚ.ਏ. ਮਸੀਹੀ ਹਸਪਤਾਲ, ਚੰਪਾ (ਛੱਤੀਸਗੜ੍ਹ) ਦੇ ਡਾਇਰੈਕਟਰ ਸ੍ਰੀ. ਜੋਨ ਵਿਲਜ਼ ਨੇ ਸਥਾਨਕ ਪਾਸਟਰਾਂ ਦੇ

ਨਾਲ ਇੱਕ ਇਕੱਠ ਦਾ ਆਯੋਜਨ ਕੀਤਾ। ਉਸ ਨੇ ਆਪਣੇ ਲੋਕਾਂ ਨੂੰ ਤਿਆਰ ਕਰਨ ਲਈ ਥੋੜ੍ਹੇ ਸਮੇਂ ਲਈ ਬਾਈਬਲ ਦਾ ਕੋਰਸ ਸ਼ੁਰੂ ਕਰਨ ਦੀ ਇੱਛਾ ਜ਼ਾਹਿਰ ਕੀਤੀ। ਇਸ ਲਈ ਅਕਤੂਬਰ 2012 ਵਿੱਚ, ਏ.ਪੀ.ਸੀ ਨੇ ਚੰਪਾ (ਛੱਤੀਸਗੜ੍ਹ) ਦੇ ਈ.ਐੱਚ.ਏ ਮਸੀਹੀ ਹਸਪਤਾਲ ਵਿੱਚ ਇੱਕ ਥੋੜ੍ਹੇ ਸਮੇਂ ਲਈ ਬਾਈਬਲ ਕੋਰਸ ਦਾ ਆਯੋਜਨ ਕੀਤਾ ਤਾਂ ਜੋ ਪਾਸਟਰਾਂ ਅਤੇ ਸੇਵਕਾਈ ਦੇ ਆਗੂਆਂ ਨੂੰ ਤਿਆਰ ਕੀਤਾ ਜਾ ਸਕੇ, ਜਿਨ੍ਹਾਂ ਨੇ ਆਪਣੇ ਸੇਵਕਾਈ ਦੇ ਖੇਤਰਾਂ ਵਿੱਚ ਪ੍ਰਭਾਵ ਪਾਉਣ ਲਈ ਪਹਿਲਾਂ ਤੋਂ ਸਿਖਲਾਈ ਪ੍ਰਾਪਤ ਨਹੀਂ ਕੀਤੀ ਸੀ। ਅਸੀਂ ਇਸ ਨੂੰ ਈ.ਐੱਚ.ਏ, ਚੰਪਾ ਵਿਖੇ ਦੋ ਸਾਲਾਂ (2012-2013) ਲਈ ਚਲਾਇਆ। ਇਸ ਦੇ ਨਾਲ, ਏ.ਪੀ.ਸੀ ਦਾ ਥੋੜ੍ਹੇ ਸਮੇਂ ਦਾ ਬਾਈਬਲ ਕੋਰਸ ਸ਼ੁਰੂ ਕੀਤਾ ਗਿਆ ਅਤੇ ਅਸੀਂ ਇਸ ਨੂੰ ਭਾਰਤ ਦੇ ਦੂਸਰੇ ਹਿੱਸਿਆਂ ਵਿੱਚ ਕਰਵਾਉਣ ਦੇ ਯੋਗ ਹੋਏ ਹਾਂ। ਅਸੀਂ ਵਾਰਾਣਸੀ ਵਿੱਚ ਹਰ ਸਾਲ (2015 ਤੋਂ) ਅਜਿਹਾ ਕਰ ਰਹੇ ਹਾਂ ਅਤੇ ਪਿਛਲੇ ਸਾਲਾਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਸਿਖਲਾਈ ਦੇਣ ਦੇ ਯੋਗ ਹੋਏ ਹਾਂ।

## ਪ੍ਰਤੀਬਿੰਬ

1) ਕੀ ਤੁਸੀਂ ਜੀਵਨ ਦੇ ਇੱਕ ਜਾਂ ਦੋ ਤਜ਼ਰਬਿਆਂ ਨੂੰ ਯਾਦ ਕਰ ਸਕਦੇ ਹੋ, ਜਿੱਥੇ ਤੁਸੀਂ ਪਰਮੇਸ਼ੁਰ ਦੀ ਭਾਲ ਕਰ ਰਹੇ ਸੀ ਕਿ ਉਹ ਤੁਹਾਡੀ ਅਗਵਾਈ ਕਰੇਗਾ ਅਤੇ ਉਸ ਨੇ ਤੁਹਾਡੇ ਹਾਲਾਤਾਂ ਅਤੇ ਜੀਵਨ ਦੀਆਂ ਸਥਿਤੀਆਂ ਨੂੰ ਕ੍ਰਮਬੱਧ ਕਰਕੇ ਅਜਿਹਾ ਕੀਤਾ?

2) ਤੁਸੀਂ ਕਿਹੜੇ ਅਗਵਾਈ ਨਿਰਦੇਸ਼ਾਂ ਦੀ ਵਰਤੋਂ ਕਰੋਗੇ ਤਾਂ ਜੋ ਸਾਨੂੰ ਇਹ ਪਤਾ ਲੱਗ ਸਕੇ ਕਿ ਪਰਮੇਸ਼ੁਰ ਸਾਡੇ ਲਈ ਗੱਲਾਂ ਤਿਆਰ ਕਰ ਰਿਹਾ ਹੈ? (ਇਸ ਦੀ ਤੁਲਨਾ ਸ਼ੈਤਾਨ ਸਾਡੇ ਲਈ “ਜਾਲ” ਵਿਛਾ ਦਿੰਦਾ ਹੈ।)

3) ਤੁਸੀਂ ਕਿਵੇਂ ਪਛਾਣਦੇ ਹੋ ਕਿ ਕਿਸੇ ਖਾਸ ਸਥਿਤੀ ਵਿੱਚ ਤੁਹਾਨੂੰ “ਬੰਦ ਦਰਵਾਜ਼ਾ” ਖੋਲ੍ਹਣਾ ਪਏਗਾ, ਜਿਸ ਦਾ ਤੁਸੀਂ ਸਾਹਮਣਾ ਕਰ ਰਹੇ ਹੋ, ਉਸ ਨੂੰ ਤੁਹਾਨੂੰ ਖੜ੍ਹਕਾ ਕੇ ਖੋਲ ਦੇਣਾ ਹੈ, ਇਸ ਤੋਂ ਦੂਰ ਭੱਜ ਨਹੀਂ ਜਾਣਾ ਹੈ?

# 14
# ਸਾਰੀਆਂ ਗੱਲਾਂ ਨੂੰ ਇਕੱਠੇ ਜੋੜ ਕੇ

ਇਸ ਆਖ਼ਰੀ ਅਧਿਆਇ ਵਿੱਚ "ਅਸੀਂ ਸਾਰੀਆਂ ਗੱਲਾਂ ਨੂੰ ਇਕੱਠੇ ਜੋੜਦੇ ਹਾਂ" ਅਤੇ ਕੁਝ ਵਿਹਾਰਕ ਸੂਝ-ਬੂਝ ਸਾਂਝੀਆਂ ਕਰਦੇ ਹਾਂ, ਜੋ ਪਰਮੇਸ਼ੁਰ ਦੇ ਮਾਰਗ-ਦਰਸ਼ਨ ਅਤੇ ਅਗਵਾਈ ਹੇਠਾਂ ਤੁਹਾਡੇ ਜੀਵਨ ਨੂੰ ਅਨੁਸ਼ਾਸਿਤ ਕਰਨ ਵੇਲੇ ਮਦਦਗਾਰ ਹੋਣਗੀਆਂ।

ਸਾਨੂੰ ਪਰਮੇਸ਼ੁਰ ਦੇ ਸਾਹਮਣੇ ਦੀਨਤਾ ਨਾਲ ਚੱਲਣਾ ਚਾਹੀਦਾ ਹੈ, ਲਗਾਤਾਰ ਉਸ ਦੀ ਸਿੱਖਿਆ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਸ ਨੂੰ ਸੁਣਨਾ ਹੈ ਅਤੇ ਜੋ ਕੁਝ ਵੀ ਉਹ ਸਾਨੂੰ ਕਰਨ ਲਈ ਕਹਿੰਦਾ ਹੈ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ।

## ਇੱਕ ਤੋਂ ਵੱਧ ਰਾਹ

**ਅੱਯੂਬ 33:14-16**

**14 ਕਿਉਂ ਜੋ ਪਰਮੇਸ਼ੁਰ ਇੱਕ ਵਾਰ ਬੋਲਦਾ ਹੈ, ਸਗੋਂ ਦੋ ਵਾਰ ਪਰ ਉਹ ਉਹ ਦੀ ਪਰਵਾਹ ਨਹੀਂ ਕਰਦਾ।**
**15 ਸੁਫ਼ਨੇ ਵਿੱਚ ਰਾਤ ਦੀ ਦ੍ਰਿਸ਼ਟੀ ਵਿੱਚ, ਜਦ ਭਾਰੀ ਨੀਂਦ ਮਨੁੱਖਾਂ ਉੱਤੇ ਆ ਪੈਂਦੀ ਹੈ ਅਤੇ ਜਦ ਓਹ ਆਪਣਿਆਂ ਬਿਸਤਰਿਆਂ ਉੱਤੇ ਸੌਂਦੇ ਹਨ,**
**16 ਤਦ ਉਹ ਮਨੁੱਖਾਂ ਦੇ ਕੰਨ ਖੋਲ੍ਹਦਾ ਹੈ ਅਤੇ ਉਨ੍ਹਾਂ ਦੀ ਸਿੱਖਿਆ ਉੱਤੇ ਮੋਹਰ ਲਾ ਦਿੰਦਾ ਹੈ।**

ਅਕਸਰ, ਜਦੋਂ ਪਰਮੇਸ਼ੁਰ ਬੋਲਦਾ ਹੈ, ਉਹ ਸਾਡੇ ਨਾਲ ਕਈ ਤਰੀਕਿਆਂ ਨਾਲ ਅਜਿਹਾ ਕਰਦਾ ਹੈ। ਇਸ ਦਾ ਅਰਥ ਇਹ ਹੈ ਕਿ ਉਹ ਸਾਡੇ ਨਾਲ ਗਿਆਰਾਂ ਹਵਾਲਿਆਂ ਦੇ ਕਿਸੇ ਵੀ ਸੰਯੋਗ ਨਾਲ ਗੱਲ ਕਰ ਰਿਹਾ ਹੈ, ਜਿਨ੍ਹਾਂ ਦਾ ਅਸੀਂ ਵਰਣਨ ਕੀਤਾ ਹੈ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਪਰਮੇਸ਼ੁਰ ਕੀ ਬੋਲ ਰਿਹਾ ਹੈ, ਵੱਖੋ-ਵੱਖਰੇ ਤਰੀਕਿਆਂ ਨਾਲ ਅਸੀਂ "ਸਮਝੀਏ" (ਇਬਰਾਨੀ *'ਸੁਰ;'* ਸ਼ਬਦ *'ਸ਼ੂਟ'* "ਜਿਸ ਦਾ ਅਰਥ ਹੈ ਜਾਂਚ-ਪੜਤਾਲ ਕਰਨਾ ਚੱਕਰ ਲਗਾਉਣਾ, ਸਰਵੇਖਣ ਕਰਨਾ, ਵੇਖਣਾ"), ਉਨ੍ਹਾਂ ਨੂੰ ਪਛਾਣਨਾ ਅਤੇ ਸਾਡੇ ਜੀਵਨਾਂ ਦੇ ਲਈ ਉਨ੍ਹਾਂ ਦੀ ਅਗਵਾਈ ਕਰਨਾ ਅਤੇ ਮਾਰਗ ਦਰਸ਼ਨ ਕਰਨਾ ਉਨ੍ਹਾਂ ਸਾਰੀਆਂ ਗੱਲਾਂ

ਨੂੰ ਇਕੱਠੇ ਜੋੜੋ।

## ਤੁਹਾਡੀ ਅਗਵਾਈ ਨੂੰ ਪਰਖਣਾ ਅਤੇ ਪ੍ਰਮਾਣਿਤ ਕਰਨਾ

ਅਸੀਂ ਗਿਆਰਾਂ ਤਰੀਕਿਆਂ 'ਤੇ ਵਿਚਾਰ ਕੀਤਾ ਹੈ, ਜਿਨ੍ਹਾਂ ਦੁਆਰਾ ਅਸੀਂ ਆਪਣੇ ਜੀਵਨ ਦੇ ਲਈ ਮਾਰਗ ਦਰਸ਼ਨ ਅਤੇ ਅਗਵਾਈ ਪ੍ਰਾਪਤ ਕਰ ਸਕਦੇ ਹਾਂ:

1) ਵਚਨ
2) ਉਸ ਦੇ ਆਤਮਾ ਦੀ ਅੰਦਰੂਨੀ ਗਵਾਹੀ
3) ਪਵਿੱਤਰ ਆਤਮਾ ਦੀ ਅਵਾਜ਼
4) ਪਵਿੱਤਰ ਆਤਮਾ ਦੀ ਦਾਤ
5) ਸੁਫ਼ਨੇ ਅਤੇ ਦਰਸ਼ਨ
6) ਭਵਿੱਖਬਾਣੀਆਂ
7) ਸਵਰਗ ਦੂਤ
8) ਰੱਬੀ ਸਲਾਹ
9) ਨਵੀਂ ਬੁੱਧੀ ਜਾਂ ਮਨ
10) ਸਮਾਂ ਅਤੇ ਰੁੱਤ
11) ਹਾਲਾਤ ਅਤੇ ਰੱਬੀ ਘਟਨਾਵਾਂ

ਸਿਰਫ਼ ਇਨ੍ਹਾਂ ਮਾਰਗਾਂ ਦੇ ਰਾਹੀਂ ਹੀ ਪਰਮੇਸ਼ੁਰ ਸਾਡੇ ਨਾਲ ਗੱਲਬਾਤ ਕਰਕੇ ਸਾਡੀ ਅਗਵਾਈ ਕਰ ਸਕਦਾ ਹੈ। ਇਸ ਲਈ ਅਸੀਂ ਨਿਸ਼ਚਿਤ ਤੌਰ 'ਤੇ ਇਸ ਨੂੰ ਸੀਮਿਤ ਜਾਂ ਪ੍ਰਤੀਬਿੰਬਤ ਨਹੀਂ ਕਰ ਰਹੇ। ਅਸਲ ਵਿੱਚ ਅਸੀਂ ਉਨ੍ਹਾਂ ਦੇ ਆਦੀ ਹੋ ਗਏ ਹਾਂ। ਪਰਮੇਸ਼ੁਰ ਨਵੇਂ ਤਰੀਕਿਆਂ ਨਾਲ ਬੋਲ ਸਕਦਾ ਹੈ ਅਤੇ ਕੰਮ ਕਰ ਸਕਦਾ ਹੈ।

ਪਰ, ਅਸੀਂ ਪਰਮੇਸ਼ੁਰ ਤੋਂ ਅਗਵਾਈ ਪ੍ਰਾਪਤ ਕਰਨ ਦੇ ਲਈ ਮੁੱਖ ਰਾਹਾਂ ਦੇ ਰੂਪ ਵਿੱਚੋਂ ਪਹਿਲੇ ਤਿੰਨ ਉੱਤੇ ਵਿਚਾਰ ਕਰਦੇ ਹਾਂ: (1) ਵਚਨ, (2) ਉਸ ਦੇ ਆਤਮਾ ਦੀ ਅੰਦਰੂਨੀ ਅਵਾਜ਼ ਅਤੇ (3) ਪਵਿੱਤਰ ਆਤਮਾ ਦੀ ਅਵਾਜ਼। ਅਸੀਂ ਇਨ੍ਹਾਂ ਨੂੰ "ਪਹਿਲ" ਦੇ ਰੂਪ ਵਿੱਚ ਕਰਦੇ ਹਾਂ ਕਿਉਂਕਿ ਉਹ ਭਰੋਸੇਮੰਦ ਹਨ। ਬਾਕੀ ਅੱਠ ਦਾ ਉਲੇਖ ਅਸੀਂ ਦੂਜੇ ਮਾਧਿਅਮ ਦੇ ਰੂਪ ਵਿੱਚ ਕਰਦੇ ਹਾਂ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਦੇ ਨਾਲ ਅਤੇ ਪਵਿੱਤਰ ਆਤਮਾ ਦੀ ਅੰਦਰੂਨੀ ਅਵਾਜ਼ ਨਾਲ ਜਾਂਚਣ, ਪ੍ਰਮਾਣਿਤ ਕਰਨ ਅਤੇ ਪਰਖਣ ਦੀ ਜ਼ਰੂਰਤ ਹੈ।

ਜਦੋਂ ਤੁਸੀਂ ਕਿਸੇ ਵੀ ਦੂਜੇ ਮਾਧਿਅਮ ਤੋਂ ਅਗਵਾਈ ਲੈਂਦੇ ਹੋ, ਤਾਂ ਹਮੇਸ਼ਾਂ ਇਸ ਦੀ ਜਾਂਚ ਕਰਨ 'ਤੇ ਧਿਆਨ ਕੇਂਦ੍ਰਿਤ ਕਰੋ। ਕਾਹਲੀ ਨਾ ਕਰੋ ਅਤੇ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਦੇ ਨਾਲ ਇਸ ਨੂੰ ਪਰਖਣ ਜਾਂ ਸਾਬਿਤ ਕੀਤੇ ਬਿਨ੍ਹਾਂ ਇਸ ਨੂੰ ਕਰਨ ਦੀ ਕੋਸ਼ਿਸ਼ ਨਾ ਕਰੋ।

ਆਪਣੇ ਆਪ ਨੂੰ ਦੋ ਸਰਲ ਸਵਾਲ ਪੁੱਛੋ:

1) ਕੀ ਮੈਂ ਜੋ ਕੁਝ ਵੀ ਕਰਨ ਦੀ ਅਗਵਾਈ ਮਹਿਸੂਸ ਕਰਦਾ ਹਾਂ, ਉਹ ਪਰਮੇਸ਼ੁਰ ਦੇ ਵਚਨ ਨਾਲ ਮੇਲ ਖਾਂਦਾ ਅਤੇ ਸੁਮੇਲ ਰੱਖਦਾ ਹੈ? ਜੇ ਇਸ ਵਿਸ਼ੇ ਬਾਰੇ ਕੋਈ ਸਪੱਸ਼ਟ ਵਚਨ ਨਹੀਂ ਹੈ, ਤਾਂ ਤੁਸੀਂ ਜਾਂਚ ਕਰ ਸਕਦੇ ਹੋ ਕਿ ਜੋ ਤੁਸੀਂ ਮਹਿਸੂਸ ਕਰਦੇ ਹੋ, ਉਹ ਪਰਮੇਸ਼ੁਰ ਦੇ ਸੁਭਾਅ ਅਤੇ ਚਰਿੱਤਰ ਦੇ ਅਨੁਸਾਰ ਹੈ।

2) ਪਵਿੱਤਰ ਆਤਮਾ ਇਸ ਬਾਰੇ ਮੇਰੇ ਆਤਮਾ ਵਿੱਚ ਕੀ ਗਵਾਹੀ ਦੇ ਰਿਹਾ ਹੈ? (ਬੋਲ ਰਿਹਾ ਹੈ) ਕੀ ਮੈਂ ਇਸ ਮਾਮਲੇ ਵਿੱਚ ਉਸ ਦੀ ਸ਼ਾਂਤੀ ਅਤੇ ਉਸ ਦੀ ਸਹਿਮਤੀ ਨੂੰ ਮਹਿਸੂਸ ਕਰਦਾ ਹਾਂ?

## ਦੋ ਜਾਂ ਤਿੰਨ ਗਵਾਹ

**2 ਕੁਰਿੰਥੀਆਂ 13:1**

**ਇਹ ਤੀਜੀ ਵਾਰ ਮੈਂ ਤੁਹਾਡੇ ਕੋਲ ਆਉਣ ਲੱਗਾਂ ਹਾਂ। ਦੋ ਯਾ ਤਿੰਨ ਗਵਾਹਾਂ ਦੇ ਮੂੰਹੋਂ ਹਰ ਇੱਕ ਗੱਲ ਪੱਕੀ ਹੋ ਜਾਵੇਗੀ।**

ਕੁਰਿੰਥੁਸ ਵਿੱਚ ਸਥਾਨਕ ਕਲੀਸਿਆ ਦੇ ਮਾਮਲਿਆਂ ਨੂੰ ਸੰਬੋਧਿਤ ਕਰਦੇ ਸਮੇਂ, ਪੌਲੁਸ ਰਸੂਲ ਪੁਰਾਣੇ ਨੇਮ ਦਾ ਹਵਾਲਾ ਦਿੰਦਾ ਹੈ (ਬਿਵਸਥਾਸਾਰ 19:15)। ਇਹ ਇੱਕ ਸਚਾਈ ਹੈ, ਜੋ ਅਸੀਂ ਪਰਮੇਸ਼ੁਰ ਦੀ ਅਗਵਾਈ ਨੂੰ ਪ੍ਰਮਾਣਿਤ ਕਰਨ ਅਤੇ ਪਰਖਣ ਵੇਲੇ ਲਾਗੂ ਕਰ ਸਕਦੇ ਹਾਂ, ਜੇ ਅਸੀਂ ਇਸ ਨੂੰ ਉੱਤੇ ਦੱਸੇ ਗਏ ਕਿਸੇ ਵੀ ਸੈਕੰਡਰੀ (ਪਿਛਲੇ ਅੱਠ) ਸਾਧਨਾਂ ਦੁਆਰਾ ਪ੍ਰਾਪਤ ਕਰਦੇ ਹਾਂ। ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਇੱਥੇ ਦੋ ਜਾਂ ਤਿੰਨ ਗਵਾਹ ਹਨ, ਜੋ ਸਾਨੂੰ ਮਿਲੀ ਅਗਵਾਈ ਦੀ ਪੁਸ਼ਟੀ ਕਰਦੇ ਹਨ।

ਉਦਾਹਰਣ ਦੇ ਲਈ, ਜੇ ਤੁਹਾਡਾ ਫ਼ੈਸਲਾ ਪਰਮੇਸ਼ੁਰ ਦੇ ਵਚਨ ਦੀ ਕਿਸੇ ਖਾਸ ਹਿਦਾਇਤ ਉੱਤੇ ਅਧਾਰਿਤ ਹੈ, ਤਾਂ ਤੁਸੀਂ ਪੂਰੇ ਵਿਸ਼ਵਾਸ ਨਾਲ ਉਸ ਵਿਸ਼ੇ ਉੱਤੇ ਪਹੁੰਚ ਸਕਦੇ ਹੋ। ਦੂਸਰੇ ਹਾਲਾਤਾਂ ਵਿੱਚ, ਤੁਹਾਡੇ ਕੋਲ ਪਰਮੇਸ਼ੁਰ ਦਾ ਜੀਉਂਦਾ ਵਚਨ ਅਤੇ ਪਵਿੱਤਰ ਆਤਮਾ ਦੀ ਅੰਦਰੂਨੀ ਗਵਾਹੀ ਹੋ ਸਕਦੀ ਹੈ। ਫਿਰ ਇੱਕ ਵਾਰ ਅਜਿਹੇ ਹਾਲਾਤ ਵਿੱਚ ਪ੍ਰਭੂ ਦੁਆਰਾ ਤੁਹਾਨੂੰ ਜੋ ਅਗਵਾਈ ਦਿੱਤੀ ਗਈ ਹੈ ਉਸ ਦੇ ਅਨੁਸਾਰ ਕਰਨ ਦੇ ਲਈ ਤੁਸੀਂ ਆਤਮ-ਵਿਸ਼ਵਾਸ ਦੇ ਨਾਲ ਅੱਗੇ ਵੱਧ ਸਕਦੇ ਹੋ।

ਅਜਿਹੇ ਹਾਲਾਤ ‘ਤੇ ਵਿਚਾਰ ਕਰੋ, ਜਿੱਥੇ ਕਿਸੇ ਨੇ ਤੁਹਾਡੇ ਲਈ ਇੱਕ ਭਵਿੱਖਬਾਣੀ ਕੀਤੀ ਸੀ, ਜੋ ਸੁਭਾਅ ਵਿੱਚ ਨਿਰਧਾਰਿਤ ਸੀ। ਸ਼ਾਇਦ ਉਹ ਤੁਹਾਨੂੰ ਦੱਸ ਰਹੇ ਸਨ ਕਿ ਤੁਹਾਨੂੰ ਇੱਕ ਖਾਸ ਸ਼ਹਿਰ ਵਿੱਚ ਜਾਣਾ ਹੈ ਅਤੇ ਕੋਈ ਖਾਸ ਕਾਰੋਬਾਰ ਸ਼ੁਰੂ ਕਰਨਾ ਹੈ। ਤੁਹਾਡਾ ਜਵਾਬ ਭਵਿੱਖਬਾਣੀ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕਰਨਾ ਹੈ, ਭਵਿੱਖਬਾਣੀ ਲਿਖੋ ਅਤੇ ਫਿਰ ਪਰਖ ਕਰੋ ਕਿ ਕੀ ਇਹ ਪ੍ਰਭੂ ਤੋਂ ਹੈ। ਆਪਣਾ ਸਮਾਨ ਤੁਰੰਤ ਪੈਕ ਨਾ ਕਰੋ ਅਤੇ ਉਸ ਸ਼ਹਿਰ ਨੂੰ ਨਾ ਚਲੇ ਜਾਓ। ਨਹੀਂ। ਅਜਿਹਾ ਨਾ ਕਰੋ। ਭਵਿੱਖਬਾਣੀ ਦੀ ਪਰਖ ਕਰਨਾ ਜ਼ਰੂਰੀ ਹੈ (1 ਥੱਸਲੁਨੀਕੀਆਂ 5:20,21) ਅਤੇ ਤੁਹਾਨੂੰ ਇਸ ਲਈ ਕਦਮ ਚੁੱਕਣ ਤੋਂ ਪਹਿਲਾਂ ਕੰਮ ਕਰਨ ਅਤੇ ਲੋੜੀਂਦੀਆਂ ਤਿਆਰੀਆਂ ਕਰਨ ਦਾ ਸਮਾਂ ਜਾਣਨ ਦੀ ਜ਼ਰੂਰਤ ਹੈ। ਭਵਿੱਖਬਾਣੀ ਦੀ ਜਾਂਚ ਕਰਦੇ ਸਮੇਂ, ਤੁਸੀਂ ਇਹ ਵੇਖਣਾ ਚਾਹੋਗੇ ਕਿ ਪਵਿੱਤਰ ਆਤਮਾ ਤੁਹਾਡੇ ਆਤਮਾ ਵਿੱਚ ਤੁਹਾਨੂੰ ਕੀ ਗਵਾਹੀ ਦਿੰਦਾ ਹੈ। ਤੁਸੀਂ ਭਵਿੱਖਬਾਣੀ ਦੇ ਸੰਬੰਧ ਵਿੱਚ ਰੱਬੀ ਸਲਾਹ ਪ੍ਰਾਪਤ ਕਰਨ ਦੀ ਇੱਛਾ ਕਰੋਗੇ। ਤੁਸੀਂ ਆਸ ਕਰੋਗੇ ਕਿ ਪਰਮੇਸ਼ੁਰ ਜੀਉਂਦੇ ਵਚਨ ਦੁਆਰਾ ਤੁਹਾਡੇ ਨਾਲ ਗੱਲ ਕਰੇਗਾ। ਤੁਸੀਂ ਇਹ ਵੇਖਣ ਦੇ ਲਈ ਆਪਣੇ ਦਿਲ ਨੂੰ ਵੀ ਖੋਲ੍ਹੋਗੇ ਕਿ ਕੀ ਪਰਮੇਸ਼ੁਰ ਤੁਹਾਡੇ ਨਾਲ ਉਸੇ ਵਿਸ਼ੇ ਬਾਰੇ ਗੱਲ ਕਰਦਾ ਹੈ, ਉਦਾਹਰਣ ਵਜੋਂ, ਸੁਫ਼ਨਿਆਂ ਦੁਆਰਾ, ਦਰਸ਼ਨਾਂ ਦੁਆਰਾ, ਕਿਸੇ ਦੂਸਰੇ ਵਿਅਕਤੀ ਦੁਆਰਾ ਜੋ ਪਹਿਲਾਂ ਹੀ ਇਸ ਬਾਰੇ ਨਹੀਂ ਜਾਣਦਾ, ਭਵਿੱਖਬਾਣੀ ਦੁਆਰਾ, ਸਵਰਗ ਦੂਤਾਂ ਦੁਆਰਾ, ਆਦਿ। ਜਦੋਂ ਤੁਹਾਡੇ ਕੋਲ ਇਹ ਭਰੋਸਾ ਹੁੰਦਾ ਹੈ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਅਜਿਹਾ ਕਰੋ, ਤਾਂ ਤੁਸੀਂ ਉਸ ਲਈ ਪਰਮੇਸ਼ੁਰ ਦਾ ਸਮਾਂ ਲੱਭੋਗੇ। ਤੁਸੀਂ ਇਸ ਲਈ ਆਪਣੇ ਆਪ ਨੂੰ ਤਿਆਰ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰੋਗੇ। ਤੁਸੀਂ ਵੇਖੋਗੇ ਕਿ ਪਰਮੇਸ਼ੁਰ ਤੁਹਾਡੇ ਹਾਲਾਤਾਂ ਵਿੱਚ ਕੀ ਘੜ ਰਿਹਾ ਹੈ ਅਤੇ ਤੁਸੀਂ ਉਨ੍ਹਾਂ ਮੌਕਿਆਂ ਦਾ ਫਾਇਦਾ ਉਠਾਓਗੇ, ਜੋ ਉਹ ਤੁਹਾਡੇ ਜੀਵਨ ਵਿੱਚ ਲਿਆ ਰਿਹਾ ਹੈ। ਇਸ ਲਈ, ਜਦੋਂ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਕੱਠੇ ਕਰਦੇ ਹਾਂ, ਤਾਂ ਅਸੀਂ ਤਾਕਤ ਅਤੇ ਆਤਮ-ਵਿਸ਼ਵਾਸ ਨਾਲ ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਦੁਆਰਾ ਨਿਰਧਾਰਿਤ ਯੋਜਨਾਵਾਂ ਅਤੇ ਉਦੇਸ਼ਾਂ ਵਿੱਚ ਚੱਲਦੇ ਹਾਂ।

## ਅਸੀਂ ਸਾਰੇ ਸਿੱਖ ਰਹੇ ਹਾਂ, ਇਸ ਲਈ ਅਸੀਂ ਗ਼ਲਤੀਆਂ ਕਰਾਂਗੇ

**ਯੂਹੰਨਾ 10:4,5,27**

**4 ਜਦ ਉਹ ਆਪਣੀ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ-ਅੱਗੇ ਤੁਰ ਪੈਂਦਾ ਹੈ ਅਤੇ ਭੇਡਾਂ ਉਹ ਦੇ ਮਗਰ-ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸ ਦੀ ਅਵਾਜ਼**

**ਪਛਾਣਦੀਆਂ ਹਨ।**
**5 ਓਹ ਪਰਾਏ ਦੇ ਮਗਰ ਕਦੇ ਨਾ ਜਾਣਗੀਆਂ ਸਗੋਂ ਉਸ ਤੋਂ ਨੱਸ ਜਾਣਗੀਆਂ ਕਿਉਂਕਿ ਪਰਾਇਆਂ ਦੀ ਅਵਾਜ਼ ਨਹੀਂ ਪਛਾਣਦੀਆਂ।**
**27 ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।**

ਪਰਮੇਸ਼ੁਰ ਤੋਂ ਅਗਵਾਈ ਲੈਣ ਲਈ ਮੇਰੀ ਯਾਤਰਾ ਸੰਪੂਰਨ ਨਹੀਂ ਰਹੀ ਹੈ। ਪਰ ਹਰ ਗ਼ਲਤੀ ਸਿੱਖਣ ਦਾ ਇੱਕ ਮੌਕਾ ਹੈ। ਜਦੋਂ ਅਸੀਂ ਪਰਮੇਸ਼ੁਰ ਦੀ ਗੱਲ ਸੁਣਦੇ ਹਾਂ ਤਾਂ ਅਸੀਂ ਜੋ ਗ਼ਲਤੀਆਂ ਕਰਦੇ ਹਾਂ, ਉਨ੍ਹਾਂ ਵਿੱਚੋਂ ਸਾਨੂੰ ਕੁਝ ਚੰਗਾ ਮਿਲਦਾ ਹੈ।

ਸਾਡੀ ਚੁਣੌਤੀ ਇਹ ਹੈ ਕਿ ਸਾਡੇ ਚਰਵਾਹੇ ਦੀ ਅਵਾਜ਼ ਨੂੰ ਸਾਡੀ ਆਪਣੀ ਆਤਮਾ (ਆਪਣੇ ਆਪ ਨੂੰ, ਇੱਛਾਵਾਂ), ਸੰਸਾਰ ਦੀ ਅਵਾਜ਼ ਅਤੇ ਅਜਨਬੀ ਦੀ ਅਵਾਜ਼—ਅਰਥਾਤ ਸ਼ੈਤਾਨ ਦੀ ਅਵਾਜ਼ ਤੋਂ ਵੱਖਰੀ ਆਪਣੇ ਚਰਵਾਹੇ ਦੀ ਅਵਾਜ਼ ਪਛਾਣਨਾ ਹੈ। ਸ਼ੈਤਾਨ ਚਲਾਕ ਹੈ। ਉਹ ਆਪਣੀ ਅਵਾਜ਼ ਨੂੰ ਖ਼ੁਦ ਪ੍ਰਭੂ ਦੀ ਅਵਾਜ਼ ਵਰਗਾ ਬਣਾਉਂਦਾ ਹੈ, ਤਾਂ ਜੋ ਇਹ ਸਾਡਾ ਧਿਆਨ ਭਟਕਾਉਂਦਾ ਹੋਵੇ। ਪਰ ਪਰਮੇਸ਼ੁਰ ਦੀਆਂ ਭੇਡਾਂ ਹੋਣ ਦੇ ਨਾਤੇ, ਸਾਨੂੰ ਉਸ ਦੀ ਅਵਾਜ਼ ਨੂੰ "ਪਛਾਣਨਾ ਸਿੱਖਣਾ" ਚਾਹੀਦਾ ਹੈ। ਤਾਂ ਜੋ ਅਸੀਂ ਦੁਸ਼ਮਣ ਦੀ ਅਵਾਜ਼ ਨਾਲ ਜਾਂ ਆਪਣੀ ਖ਼ੁਦ ਦੀ ਅਵਾਜ਼ ਨੂੰ ਜਾਂ ਆਪਣੇ ਆਲੇ-ਦੁਆਲੇ ਦੇ ਸੰਸਾਰ ਦੀ ਅਵਾਜ਼ ਨੂੰ ਜਾਂ ਪਰਮੇਸ਼ੁਰ ਦੀ ਅਵਾਜ਼ ਨੂੰ ਪਹਿਚਾਣ ਸਕੀਏ। ਜਦੋਂ ਅਸੀਂ ਉਸ ਦੀ ਅਵਾਜ਼ ਨੂੰ "ਜਾਣਦੇ" ਹਾਂ, ਤਾਂ ਅਸੀਂ ਉਸ ਦੀ ਅਵਾਜ਼ ਵੀ "ਸੁਣ" ਵੀ ਸਕਦੇ ਹਾਂ ਅਤੇ ਅਸੀਂ ਉਸ ਦੀ "ਨੁਮਾਇੰਦਗੀ" ਕਰ ਸਕਦੇ ਹਾਂ।

ਇਹ ਇੱਕ ਸਿੱਖਣ ਦੀ ਪ੍ਰਕਿਰਿਆ ਹੈ। ਅਸੀਂ ਇਸ ਪ੍ਰਕਿਰਿਆ ਦੌਰਾਨ ਗ਼ਲਤੀਆਂ ਕਰਾਂਗੇ। ਪਰ ਯਾਦ ਰੱਖੋ, ਪਰਮੇਸ਼ੁਰ ਸਾਡੇ ਨਾਲ ਹੈ ਅਤੇ ਉਹ ਸਾਨੂੰ ਬਹਾਲ ਕਰੇਗਾ ਅਤੇ ਸਾਨੂੰ ਰਾਹ ਤੇ ਵਾਪਿਸ ਲਿਆਵੇਗਾ। ਅਕਸਰ, ਸ਼ੈਤਾਨ ਸਾਡੀ "ਕਮਜ਼ੋਰੀ" 'ਤੇ ਹਮਲਾ ਕਰਦਾ ਹੈ, ਜਦੋਂ ਅਸੀਂ ਆਪਣੀਆਂ ਗ਼ਲਤੀਆਂ ਨਹੀਂ ਦੇਖ ਸਕਦੇ। ਇਹੀ ਕਾਰਨ ਹੈ ਕਿ ਸਾਨੂੰ ਇੱਕ ਦੂਜੇ ਦੀ ਲੋੜ ਹੈ, ਤਾਂ ਜੋ ਅਸੀਂ ਇੱਕ ਦੂਜੇ ਦੀ ਨਿਗਰਾਨੀ ਕਰੀਏ, ਇੱਕ ਦੂਜੇ ਨੂੰ ਸਹੀ ਰਾਹ ਉੱਤੇ ਬਣੇ ਰਹਿਣ ਵਿੱਚ ਮਦਦ ਕਰੀਏ। ਸਾਨੂੰ ਆਪਣੀਆਂ ਗ਼ਲਤੀਆਂ ਨੂੰ ਕਬੂਲ ਕਰਨਾ ਪਏਗਾ ਅਤੇ ਗ਼ਲਤ ਰਾਹ 'ਤੇ ਵਾਪਿਸ ਆਉਣਾ ਪਏਗਾ।

ਇੱਥੇ ਪਵਿੱਤਰ ਬਾਈਬਲ ਦਾ ਇੱਕ ਦਿਲਚਸਪ ਹਵਾਲਾ ਹੈ। ਯਸਾਯਾਹ 30 ਵਿੱਚ, ਆਪਣੇ ਨਬੀ ਦੁਆਰਾ ਪਰਮੇਸ਼ੁਰ ਆਪਣੇ ਲੋਕਾਂ ਨੂੰ ਮਦਦ ਦੇ ਲਈ ਉਸ ਵੱਲ ਵੇਖਣ ਦੀ ਬਜਾਇ ਮਿਸਰ ਵੱਲ ਵੇਖਣ ਲਈ ਝਿੜਕ ਰਿਹਾ ਹੈ। ਲੋਕਾਂ ਨੇ ਪਰਮੇਸ਼ੁਰ ਦੀ ਬਿਵਸਥਾ ਨੂੰ ਤਿਆਗ ਦਿੱਤਾ ਹੈ (30:9), ਪਰਮੇਸ਼ੁਰ ਦੇ ਨਬੀਆਂ ਅਤੇ ਦਰਸ਼ਕਾਂ ਨੂੰ ਤਿਆਗ ਦਿੱਤਾ ਹੈ (30:10) ਅਤੇ ਖ਼ੁਦ ਪ੍ਰਭੂ ਨੂੰ ਤਿਆਗ ਦਿੱਤਾ ਹੈ (30:11)। ਫਿਰ ਵੀ ਪਰਮੇਸ਼ੁਰ ਅਜਿਹੇ ਵਿਦਰੋਹੀ ਲੋਕਾਂ ਨੂੰ ਕਹਿੰਦਾ ਹੈ ਕਿ ਉਹ ਉਨ੍ਹਾਂ ਦੇ ਵਾਪਿਸ ਆਉਣ ਦਾ ਇੰਤਜ਼ਾਰ ਕਰੇਗਾ। ਉਹ ਉਨ੍ਹਾਂ ਨਾਲ ਇਹ ਵਾਇਦਾ ਵੀ ਕਰਦਾ ਹੈ:

**ਯਸਾਯਾਹ 30:20,21**
**20 ਭਾਵੇਂ ਪ੍ਰਭੂ ਤੁਹਾਨੂੰ ਦੁੱਖ ਦੀ ਰੋਟੀ ਅਤੇ ਕਸ਼ਟ ਦਾ ਪਾਣੀ ਦੇਵੇ, ਤਾਂ ਵੀ ਤੁਹਾਡਾ ਗੁਰੂ ਆਪ ਨੂੰ ਨਾ ਲੁਕਾਵੇਗਾ, ਸਗੋਂ ਤੁਹਾਡੀਆਂ ਅੱਖਾਂ ਆਪਣੇ ਗੁਰੂ ਨੂੰ ਵੇਖਣਗੀਆਂ।**
**21 ਅਤੇ ਤੁਹਾਡੇ ਕੰਨ ਤੁਹਾਡੇ ਪਿੱਛੋਂ ਇਹ ਗੱਲ ਸੁਣਨਗੇ ਕਿ ਤੁਹਾਡਾ ਰਾਹ ਇਹੋ ਈ ਹੈ, ਇਸ ਵਿੱਚ ਚੱਲੋ, ਜਦ ਤੁਸੀਂ ਸੱਜੇ ਨੂੰ ਮੁੜੋ ਜਦ ਤੁਸੀਂ ਖੱਬੇ ਨੂੰ ਮੁੜੋ।**

ਕੁਝ ਅੰਗਰੇਜ਼ੀ ਸੰਸਕਰਣ “ਅਧਿਆਪਕਾਂ” ਦਾ ਅਨੁਵਾਦ “ਅਧਿਆਪਕ” ਵਜੋਂ ਕਰਦੇ ਹੋਏ, ਖ਼ੁਦ ਪ੍ਰਭੂ ਨੂੰ ਆਪਣੇ ਲੋਕਾਂ ਦੇ ਅਧਿਆਪਕ ਵਜੋਂ ਦਰਸਾਉਂਦੇ ਹਨ। ਕੋਈ ਫ਼ਰਕ ਨਹੀਂ ਪੈਂਦਾ, ਪਰਮੇਸ਼ੁਰ ਆਪਣੇ ਲੋਕਾਂ ਨਾਲ ਵਾਇਦਾ ਕਰਦਾ ਹੈ ਕਿ ਉਨ੍ਹਾਂ ਦੀ ਬਗ਼ਾਵਤ ਅਤੇ ਪਰਮੇਸ਼ੁਰ ਦੁਆਰਾ ਉਨ੍ਹਾਂ ਨਾਲ ਸੁਧਾਰਾਤਮਕ ਵਿਹਾਰ ਦੇ ਵਿਚਕਾਰ ਵੀ, ਉਹ ਪਰਮੇਸ਼ੁਰ ਦੀ ਅਵਾਜ਼ ਸੁਣਨ ਦੇ ਯੋਗ ਹੋਣਗੇ ਅਤੇ ਸਹੀ ਰਾਹ ‘ਤੇ ਚੱਲਣ ਲਈ ਉਸ ਦੀ ਅਗਵਾਈ ਪ੍ਰਾਪਤ ਕਰਨਗੇ। ਉਸ ਦੀ ਅਗਵਾਈ ਦੇ ਲਈ ਬੇਨਤੀ ਦੇ ਨਾਲ ਜਦੋਂ ਅਸੀਂ ਉਸ ਨੂੰ ਬੇਨਤੀ ਕਰਦੇ ਹਾਂ ਤਾਂ ਸਾਨੂੰ ਕਿੰਨਾ ਜ਼ਿਆਦਾ ਉਸ ਦੀ ਅਵਾਜ਼ ਨੂੰ ਸੁਣਨ ਵਿੱਚ ਯੋਗ ਹੋਣਾ ਚਾਹੀਦਾ ਹੈ। ਜੋ ਸਾਨੂੰ ਸਿਖਾਉਂਦਾ ਹੈ, “ਇਹ ਰਾਹ ਹੈ। ਇਸ ‘ਤੇ ਚੱਲੋ”?

## ਰਾਹ ‘ਤੇ ਵਾਪਿਸ ਆਉਣਾ

**ਜ਼ਬੂਰਾਂ 18:36**
**ਤੈਂ ਮੇਰੇ ਹੇਠ ਮੇਰਿਆਂ ਕਦਮਾਂ ਨੂੰ ਵਧਾਇਆ ਹੈ ਅਤੇ ਮੇਰੇ ਪੈਰ ਨਹੀਂ ਤਿਲਕੇ।**

ਪਰਮੇਸ਼ੁਰ ਦੇ ਨਾਲ ਇਸ ਤਰੀਕੇ ਨਾਲ ਚੱਲਣਾ ਸੰਭਵ ਹੈ, ਜਿੱਥੇ ਅਸੀਂ ਮਹਿਸੂਸ ਕਰਦੇ ਹਾਂ ਕਿ ਪਰਮੇਸ਼ੁਰ ਸਾਡੇ ਹਰ ਕਦਮ ਲਈ ਰਾਹ ਸਾਫ਼ ਕਰਦਾ ਹੈ (ਜਗ੍ਹਾ ਨੂੰ ਚੌੜਾ ਕਰਦਾ ਹੈ), ਤਾਂ ਜੋ ਅਸੀਂ ਠੋਕਰ ਨਾ ਖਾਈਏ। ਅਸੀਂ ਜਾਣਦੇ

ਹਾਂ ਕਿ ਦਾਊਦ ਜਿਸ ਨੇ ਇਹ ਵਚਨ ਬੋਲੇ ਸਨ (ਜ਼ਬੂਰ 18) ਇੱਕ ਆਦਮੀ ਸੀ ਜੋ ਲਗਾਤਾਰ ਪਰਮੇਸ਼ੁਰ ਨੂੰ ਪੁੱਛਦਾ ਸੀ। ਉਹ ਆਪਣੇ ਫੈਸਲਿਆਂ ਅਤੇ ਚੋਣਾਂ ਵਿੱਚ ਪਰਮੇਸ਼ੁਰ ਦਾ ਆਦਰ ਕਰਦਾ ਸੀ। ਉਹ ਬੁੱਧੀ ਨਾਲ ਚੱਲਦਾ ਸੀ।

ਪਰ ਦਾਊਦ ਨੇ ਗ਼ਲਤ ਚੋਣਾਂ, ਸੁਆਰਥੀ ਇੱਛਾਵਾਂ ਦੇ ਦੁਆਰਾ ਅਤੇ ਮੁਸ਼ਕਿਲਾਂ ਦਾ ਅਨੁਭਵ ਕਰਕੇ ਵੀ ਗ਼ਲਤੀਆਂ ਕੀਤੀਆਂ।

ਦਾਊਦ ਨੇ ਜੋ ਕਿਹਾ ਉਸ ਤੇ ਵਿਚਾਰ ਕਰੋ:

ਜ਼ਬੂਰ 25 ਵਿੱਚ, ਜਦੋਂ ਦਾਊਦ ਨੇ ਪਰਮੇਸ਼ੁਰ ਨੂੰ ਸਿਖਾਉਣ ਅਤੇ ਅਗਵਾਈ ਕਰਨ ਲਈ ਪ੍ਰਾਰਥਨਾ ਕੀਤੀ, ਤਾਂ ਉਸ ਨੇ ਇਹ ਵੀ ਪੁਸ਼ਟੀ ਕੀਤੀ ਕਿ ਜਦੋਂ ਦਾਊਦ ਨੇ ਆਪਣੇ ਪੈਰ ਨੂੰ ਇੱਕ “ਜਾਲ” ਵਿੱਚ ਫਸਦੇ ਹੋਏ ਪਾਇਆ (ਇੱਕ ਮੁਸ਼ਕਿਲ ਹਲਾਤ ਵਿੱਚ, ਆਦਮੀ ਦਾ ਕੋਈ ਜਾਲ), ਤਾਂ ਉਹ ਆਪਣੀਆਂ ਨਜ਼ਰਾਂ ਨੂੰ ਪ੍ਰਭੂ ‘ਤੇ ਟਿਕਾਈ ਰੱਖੇਗਾ, ਇਹ ਜਾਣਦੇ ਹੋਏ ਕਿ ਪਰਮੇਸ਼ੁਰ ਉਸ ਨੂੰ ਇਸ ਤੋਂ ਬਾਹਰ ਲਿਆਵੇਗਾ।

**ਜ਼ਬੂਰਾਂ 25:4,15**
**4 ਹੇ ਯਹੋਵਾਹ ਆਪਣੇ ਰਾਹ ਮੈਨੂੰ ਵਿਖਾਲ ਅਤੇ ਆਪਣੇ ਮਾਰਗ ਮੈਨੂੰ ਸਿਖਾਲ।**
**15 ਮੇਰੀਆਂ ਅੱਖਾਂ ਹਰ ਵੇਲੇ ਯਹੋਵਾਹ ਵੱਲ ਲੱਗੀਆਂ ਹਨ, ਭਈ ਉਹ ਮੇਰੇ ਪੈਰਾਂ ਨੂੰ ਜਾਲ ਵਿੱਚੋਂ ਕੱਢ ਲਵੇ।**

ਜ਼ਬੂਰ 37 ਵਿੱਚ, ਦਾਊਦ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਸ ਦੀ ਚਾਲ, ਪਰਮੇਸ਼ੁਰ ਦੁਆਰਾ ਮਜ਼ਬੂਤ ਕੀਤੇ ਗਏ ਹਨ, ਕਿਉਂਕਿ ਪਰਮੇਸ਼ੁਰ ਆਪਣੇ ਰਾਹਾਂ ਤੋਂ ਖੁਸ਼ ਹੈ। ਉਸ ਨੂੰ ਭਰੋਸਾ ਸੀ ਕਿ ਭਾਵੇਂ ਉਹ ਠੋਕਰ ਖਾ ਕੇ ਡਿੱਗ ਪਏ, ਤਾਂ ਵੀ ਪਰਮੇਸ਼ੁਰ ਉਸ ਨੂੰ ਸੰਭਾਲੇਗਾ, ਉਸ ਨੂੰ ਕਾਇਮ ਰੱਖੇਗਾ। ਇਹ ਅੰਤ ਨਹੀਂ ਹੋਵੇਗਾ।

**ਜ਼ਬੂਰਾਂ 37:23,24**
**23 ਮਨੁੱਖ ਦੀ ਚਾਲ ਯਹੋਵਾਹ ਵੱਲੋਂ ਦ੍ਰਿੜ੍ਹ ਹੁੰਦੀ ਹੈ ਅਤੇ ਉਸ ਦੇ ਰਾਹ ਤੋਂ ਉਹ ਪ੍ਰਸੰਨ ਰਹਿੰਦਾ ਹੈ।**
**24 ਭਾਵੇਂ ਉਹ ਡਿੱਗ ਹੀ ਪਵੇ ਪਰ ਡਿੱਗਿਆ ਨਹੀਂ ਰਹੇਗਾ, ਕਿਉਂ ਜੋ ਯਹੋਵਾਹ ਉਹ ਦਾ ਹੱਥ ਥੰਮ੍ਹਦਾ ਹੈ।**

ਆਪਣੇ ਜੀਵਨ ਦੇ ਸਾਡੇ ਸਫ਼ਰ ਵਿੱਚ, ਅਸੀਂ ਸਾਰੇ ਗ਼ਲਤੀਆਂ ਕਰਾਂਗੇ।

ਅਸੀਂ ਅਜੇ ਵੀ ਸਿੱਖ ਰਹੇ ਹਾਂ ਕਿ ਦੁਸ਼ਮਣ ਦੀਆਂ ਅਜ਼ਮਾਇਸ਼ਾਂ ਦੇ ਸਾਹਮਣੇ ਸਾਡੇ ਸਰੀਰਾਂ ਦੀਆਂ ਇੱਛਾਵਾਂ ਨੂੰ ਸਲੀਬ 'ਤੇ ਚੜ੍ਹਾਉਣਾ ਕਿਵੇਂ ਹੈ। ਅਸੀਂ ਸਿੱਖ ਰਹੇ ਹਾਂ ਕਿ ਪਰਮੇਸ਼ੁਰ ਦੀ ਗੱਲ ਕਿਵੇਂ ਸੁਣਨੀ ਹੈ ਅਤੇ ਸਾਡੇ ਜੀਵਨ ਦੇ ਲਈ ਉਸ ਦੀ ਅਗਵਾਈ ਕਿਵੇਂ ਪ੍ਰਾਪਤ ਕਰਨੀ ਹੈ। ਇਸ ਲਈ ਇਸ ਸਮੇਂ ਦੌਰਾਨ, ਜੇ ਅਸੀਂ ਗ਼ਲਤ ਚੋਣ ਕਰਦੇ ਹਾਂ, ਗ਼ਲਤ ਫੈਸਲਾ ਕਰਦੇ ਹਾਂ, ਤਾਂ ਅਸੀਂ ਆਪਣੀਆਂ ਨਜ਼ਰਾਂ ਪ੍ਰਭੂ 'ਤੇ ਟਿਕਾਏ ਰੱਖਦੇ ਹਾਂ। ਉਹ ਸਾਡੀਆਂ ਗ਼ਲਤੀਆਂ ਨਾਲੋਂ ਵੱਡਾ ਹੈ। ਉਹ ਸਾਡੇ ਦੁਆਰਾ ਲਏ ਗਏ ਘੁੰਮਦੇ ਰਾਹਾਂ ਨਾਲੋਂ ਵੱਡਾ ਹੈ। ਇਹ ਉਸ ਗੜਬੜ ਨਾਲੋਂ ਵੱਡਾ ਹੈ, ਜੋ ਅਸੀਂ ਕੀਤੀ ਹੈ। ਜੇ ਅਸੀਂ ਉਸ ਕੋਲ ਵਾਪਿਸ ਆਉਂਦੇ ਹਾਂ, ਤਾਂ ਉਸ ਨੂੰ ਸਾਨੂੰ ਸਹੀ ਰਾਹ 'ਤੇ ਲਿਆਉਣ ਅਤੇ ਸਾਡੇ ਵਿੱਚ ਅਤੇ ਸਾਡੇ ਦੁਆਰਾ ਕੰਮ ਕਰਨ ਦੀ ਆਗਿਆ ਦਿਓ, ਉਹ ਆਪਣੀਆਂ ਯੋਜਨਾਵਾਂ ਅਤੇ ਉਦੇਸ਼ਾਂ ਨੂੰ ਪੂਰਾ ਕਰੇਗਾ। ਉਸ ਦੀ ਕਿਸੇ ਵੀ ਯੋਜਨਾ ਨੂੰ ਹਰਾਇਆ ਨਹੀਂ ਜਾ ਸਕਦਾ। ਉਹ ਸਮਾਂ ਬਹਾਲ ਕਰਦਾ ਹੈ। ਉਹ ਉਨ੍ਹਾਂ ਸਾਰੀਆਂ ਗੱਲਾਂ ਨੂੰ ਬਹਾਲ ਕਰਦਾ ਹੈ, ਜੋ ਬਰਬਾਦ ਹੋ ਗਈਆਂ ਹਨ। ਇਹੀ ਮਹਾਨ ਮੁਕਤੀਦਾਤਾ ਹੈ।

ਅਸੀਂ ਇੱਥੇ ਇਸ ਅਧਿਆਇ ਦੇ ਬਾਕੀ ਹਿੱਸੇ ਵਿੱਚ, ਸਾਡੇ ਲਈ ਵਿਵਹਾਰਿਕ ਨਿਰਦੇਸ਼ਾਂ ਨੂੰ ਪੇਸ਼ ਕਰਦੇ ਹਨ ਤਾਂ ਕਿ ਅਸੀਂ ਆਪਣੇ ਜੀਵਨਾਂ ਦਾ ਇਸ ਤਰ੍ਹਾਂ ਪ੍ਰਬੰਧ ਕਰੀਏ ਅਤੇ ਆਪਣੇ ਜੀਵਨਾਂ ਨੂੰ ਇਸ ਤਰੀਕੇ ਨਾਲ ਜੀਵੀਏ ਤਾਂ ਜੋ ਅਸੀਂ ਉਸ ਦੀ ਅਗਵਾਈ ਨੂੰ ਸਹੀ ਤਰੀਕੇ ਨਾਲ ਪ੍ਰਾਪਤ ਕਰ ਸਕੀਏ।

## ਸਾਵਧਾਨ ਬਣੇ ਰਹਿਣਾ ਅਤੇ ਵਿਸ਼ਵਾਸ ਵਿੱਚ ਜੋਖਿਮ ਉਠਾਉਣਾ

**ਰੋਮੀਆਂ 11:33,34**

**33 ਵਾਹ, ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਉਂ ਕੇਡੇ ਅਣ ਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!**
**34 ਪ੍ਰਭੂ ਦੀ ਬੁੱਧੀ ਨੂੰ ਕਿਸ ਜਾਣਿਆ, ਯਾ ਕੌਣ ਉਹ ਦਾ ਸਲਾਹੀ ਬਣਿਆ?**

ਪਰਮੇਸ਼ੁਰ ਦੀ ਬੁੱਧੀ, ਗਿਆਨ, ਫੈਸਲਾ ਅਤੇ ਰਾਹ ਸਮਝ ਤੋਂ ਪਰ੍ਹੇ ਹਨ। ਅਸੀਂ ਨਿਰੰਤਰ ਉਸ ਦੀ ਬੁੱਧੀ, ਗਿਆਨ, ਫੈਸਲਿਆਂ ਅਤੇ ਰਾਹਾਂ ਬਾਰੇ ਥੋੜ੍ਹਾ ਹੋਰ ਸਿੱਖਣਾ ਜਾਰੀ ਰੱਖਦੇ ਹਾਂ। ਅਸੀਂ ਪਰਮੇਸ਼ੁਰ ਨੂੰ ਸੀਮਿਤ ਨਹੀਂ ਕਰ ਸਕਦੇ। ਉਹ ਅਸੀਮ ਹੈ। ਹੁਣ ਸਾਡੇ ਕੋਲ ਜੋ ਕੁਝ ਹੈ ਉਹ ਇਸ ਦੇ ਰਾਹਾਂ ਦੀ ਇੱਕ ਬਹੁਤ ਹੀ ਸੀਮਿਤ, ਸੂਖਮ ਸਮਝ ਹੈ। ਪਰਮੇਸ਼ੁਰ ਸਾਡੀ ਇੱਕ ਅਸਧਾਰਣ ਤਰੀਕੇ ਨਾਲ ਮਾਰਗਦਰਸ਼ਨ ਅਤੇ ਅਗਵਾਈ ਕਰ ਸਕਦਾ ਹੈ, ਉਨ੍ਹਾਂ ਤਰੀਕਿਆਂ ਨਾਲ

ਜਿਸ ਦੀ ਅਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਸਾਨੂੰ ਆਪਣੇ ਦਿਲਾਂ ਨੂੰ ਖੁੱਲ੍ਹਾ ਰੱਖਣਾ ਚਾਹੀਦਾ ਹੈ, ਕਬੂਲ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ ਅਤੇ ਆਗਿਆਕਾਰੀ ਹੋਣਾ ਚਾਹੀਦਾ ਹੈ।

ਅਜਿਹਾ ਸਮਾਂ ਆਵੇਗਾ, ਜਦੋਂ ਅਸੀਂ ਅਬਰਾਹਾਮ ਵਾਂਗ ਪਰਮੇਸ਼ੁਰ ਦੇ ਨਾਲ ਬਾਹਰ ਜਾਵਾਂਗੇ, ਇਹ ਜਾਣਦੇ ਹੋਏ ਕਿ ਪਰਮੇਸ਼ੁਰ ਨੇ ਕਿਹਾ ਹੈ, ਇਹ ਜਾਣਦੇ ਹੋਏ ਕਿ ਉਹ ਅਗਵਾਈ ਕਰ ਰਿਹਾ ਹੈ ਅਤੇ ਫਿਰ ਵੀ ਨਹੀਂ ਜਾਣਦੇ ਕਿ ਅਸੀਂ ਕਿੱਥੇ ਜਾ ਰਹੇ ਹਾਂ। ਅਸੀਂ ਸਿਰਫ਼ ਇੱਕ ਸਮੇਂ 'ਤੇ ਇੱਕ ਕਦਮ, ਪਲ-ਪਲ ਕਦਮ ਵਧਾਉਂਦੇ ਹਾਂ। ਅਸੀਂ ਵਿਸ਼ਵਾਸ ਨਾਲ ਖ਼ਤਰਾ ਮੁੱਲ ਲੈਂਦੇ ਹਾਂ।

**ਇਬਰਾਨੀਆਂ 11:8**
**ਨਿਹਚਾ ਨਾਲ ਅਬਰਾਹਾਮ ਜਾਂ ਸੱਦਿਆ ਗਿਆ ਤਾਂ ਓਸ ਥਾਂ ਜਾਣ ਦੀ ਆਗਿਆ ਮੰਨ ਲਈ ਜਿਹ ਨੂੰ ਉਹ ਨੇ ਅਧਿਕਾਰ ਵਿੱਚ ਲੈਣਾ ਸੀ ਅਤੇ ਭਾਵੇਂ ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ।**

ਅਤੇ ਫਿਰ ਕੁਝ ਖਾਸ ਫੈਸਲੇ ਹੁੰਦੇ ਹਨ, ਜਦੋਂ ਅਸੀਂ ਸਾਵਧਾਨ ਹੋਵਾਂਗੇ। ਅਸੀਂ ਸਿਰਫ਼ ਉਦੋਂ ਹੀ ਬਾਹਰ ਨਿਕਲਦੇ ਹਾਂ, ਜਦੋਂ ਅਸੀਂ ਜਾਣਦੇ ਹਾਂ ਕਿ ਸਾਡੇ ਕੋਲ ਕਾਫ਼ੀ ਵਿਸਥਾਰ ਹੈ ਅਤੇ ਸਾਨੂੰ ਪੂਰਾ ਯਕੀਨ ਹੈ ਕਿ ਪਰਮੇਸ਼ੁਰ ਸਾਡਾ ਮਾਰਗ ਦਰਸ਼ਨ ਕਰ ਰਿਹਾ ਹੈ ਅਤੇ ਸਾਡੀ ਅਗਵਾਈ ਕਰ ਰਿਹਾ ਹੈ।

ਅਸੀਂ ਜੀਵਨ ਦੇ ਸਫ਼ਰ ਵਿੱਚੋਂ ਲੰਘਦੇ ਹਾਂ ਤਾਂ ਸਾਨੂੰ ਪਰਮੇਸ਼ੁਰ ਦੇ ਨਾਲ ਦੋਵਾਂ ਤਰੀਕਿਆਂ ਨਾਲ ਚੱਲਣਾ ਸਿੱਖਣਾ ਚਾਹੀਦਾ ਹੈ—ਕਈ ਵਾਰ ਜਦੋਂ ਅਸੀਂ ਸਾਵਧਾਨੀ ਦੇ ਪੱਖ ਵਿੱਚ ਹੁੰਦੇ ਹਾਂ ਅਤੇ ਇਹ ਵੀ ਜਦੋਂ ਅਸੀਂ ਵਿਸ਼ਵਾਸ ਵਿੱਚ ਕੋਈ ਖ਼ਤਰਾ ਲੈਂਦੇ ਹਾਂ। ਇੱਥੇ ਕੋਈ ਇਕਸਾਰ ਮਿਆਰੀ ਤਰੀਕਾ ਨਹੀਂ ਹੈ, ਜਿਸ ਵਿੱਚ ਅਸੀਂ ਸਾਰੇ ਫੈਸਲੇ ਲਵਾਂਗੇ। ਸਾਨੂੰ ਇਹ ਜਾਣਨਾ ਹੈ ਕਿ ਕਦੋਂ ਕੀ ਕਰਨਾ ਹੈ, ਕਦੋਂ ਸਾਵਧਾਨੀ ਨਾਲ ਅੱਗੇ ਵਧਣਾ ਹੈ ਅਤੇ ਕਦੋਂ ਖ਼ਤਰਾ ਮੁੱਲ ਲੈਣਾ ਹੈ।

ਸਭ ਤੋਂ ਵਧੀਆ ਗੱਲ ਇਹ ਹੈ ਕਿ ਜਦੋਂ ਅਸੀਂ ਫੈਸਲੇ ਲੈਂਦੇ ਹਾਂ ਅਤੇ ਪਰਮੇਸ਼ੁਰ ਦੇ ਨਾਲ ਕਦਮ ਰੱਖਦੇ ਹਾਂ, ਤਾਂ ਉਹ ਗੱਲਾਂ ਨੂੰ ਸਪੱਸ਼ਟ ਅਤੇ ਚਮਕਦਾਰ ਬਣਾ ਦੇਵੇਗਾ। ਅਸੀਂ ਜਾਣਾਂਗੇ ਕਿ ਉਸ ਦੀ ਮਦਦ ਨਾਲ, ਅਸੀਂ ਜੋ ਫੈਸਲੇ ਲਏ ਸਨ, ਉਹ ਸਹੀ ਸਨ ਅਤੇ ਉਹ ਸਾਡੀ, ਉਸ ਦੇ ਪੁੱਤਰਾਂ ਅਤੇ ਧੀਆਂ ਦੀ ਵਾਂਗ ਅਗਵਾਈ ਅਤੇ ਮਾਰਗ ਦਰਸ਼ਨ ਕਰਨਾ ਜ਼ਾਰੀ ਰੱਖਦਾ ਹੈ।

**ਕਹਾਉਤਾਂ 4:18**
**ਪਰ ਧਰਮੀਆਂ ਦਾ ਰਾਹ ਫ਼ਜਰ ਦੇ ਚਾਨਣ ਵਰਗਾ ਹੈ, ਜਿਹ ਦਾ ਚਾਨਣ ਪੂਰੇ ਦਿਨ ਤਾਈਂ ਵੱਧਦਾ ਜਾਂਦਾ ਹੈ।**

## ਅਗਵਾਈ ਨਿਰਦੇਸ਼ ਦੇ ਨਾਲ ਬਣੇ ਰਹਿਣਾ

ਪਰਮੇਸ਼ੁਰ ਦੇ ਨਾਲ ਯਾਤਰਾ ਕਰਨ ਵੇਲੇ ਦੂਜੀ ਗੱਲ ਜੋ ਸਾਨੂੰ ਸਿੱਖਣੀ ਚਾਹੀਦੀ ਹੈ, ਉਹ ਇਹ ਹੈ ਕਿ ਕਈ ਵਾਰ ਅਜਿਹਾ ਹੋਵੇਗਾ, ਜਦੋਂ ਪਰਮੇਸ਼ੁਰ ਸਾਡੇ ਨਾਲ ਗੱਲ ਨਹੀਂ ਕਰੇਗਾ ਜਾਂ ਸਾਨੂੰ ਕੁਝ ਨਵਾਂ ਜਾਂ ਵੱਖਰਾ ਕਰਨ ਲਈ ਅਗਵਾਈ ਨਹੀਂ ਕਰੇਗਾ। ਤੁਸੀਂ ਜੀਵਨ ਦੇ ਇੱਕ ਖਾਸ ਮੌਸਮ ਵਿੱਚ ਹੋ, ਸਭ ਕੁਝ ਸਹੀ ਜਗ੍ਹਾ ‘ਤੇ ਹੈ ਅਤੇ ਵਧੀਆ ਚੱਲ ਰਿਹਾ ਹੈ ਅਤੇ ਅਜਿਹਾ ਲੱਗਦਾ ਹੈ ਕਿ ਤੁਸੀਂ ਜੋ ਕਰ ਰਹੇ ਹੋ, ਉਸ ਵਿੱਚ ਤਬਦੀਲੀ ਲਿਆਉਣ ਜਾਂ ਕਿਸੇ ਵੱਖਰੇ ਖੇਤਰ ਵਿੱਚ ਕਦਮ ਰੱਖਣ ਬਾਰੇ ਪਰਮੇਸ਼ੁਰ ਤੋਂ ਕੁਝ ਨਵਾਂ ਨਹੀਂ ਸੁਣ ਰਹੇ ਹੋ।

ਜਦੋਂ ਇਹ ਜਾਪਦਾ ਹੈ ਕਿ ਤੁਸੀਂ “ਪਿੱਛੇ ਹੱਟ ਗਏ ਹੋ” ਜਾਂ ਜੇ ਤੁਸੀਂ ਕੁਝ ਵੀ “ਨਵਾਂ” ਜਾਂ “ਵੱਖਰਾ” ਨਹੀਂ ਸੁਣ ਰਹੇ ਹੋ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਪਰਮੇਸ਼ੁਰ ਦੀ ਪਿਛਲੀ ਹਿਦਾਇਤ ‘ਤੇ ਕਾਇਮ ਰਹੋ। ਉਹ ਕਰਦੇ ਰਹੋ ਜੋ ਉਸ ਨੇ ਤੁਹਾਨੂੰ ਵਫ਼ਾਦਾਰੀ ਨਾਲ, ਇਕਸਾਰਤਾ ਨਾਲ, ਉੱਤਮਤਾ ਦੇ ਨਾਲ ਅਤੇ ਉਸ ਦੀ ਮਹਿਮਾ ਦੇ ਲਈ ਕਰਨ ਲਈ ਕਿਹਾ ਸੀ। ਪਿਛਲੇ ਕੰਮ ਵਿੱਚ ਉਸ ਨੇ ਤੁਹਾਨੂੰ ਸੌਂਪਿਆ ਸੀ, ਤੁਸੀਂ ਵੱਧ ਸਕਦੇ ਹੋ, ਉੱਨਤੀ ਕਰ ਸਕਦੇ ਹੋ, ਵਿਸਥਾਰ ਕਰ ਸਕਦੇ ਹੋ ਅਤੇ ਨਵੇਂ ਪੱਧਰਾਂ ਵੱਲ ਵੱਧ ਸਕਦੇ ਹੋ।

**1 ਕੁਰਿੰਥੀਆਂ 4:1,2**
**1 ਆਦਮੀ ਸਾਨੂੰ ਇਉਂ ਜਾਣੇ ਜਿਉਂ ਮਸੀਹ ਦੇ ਸੇਵਕ ਅਤੇ ਪਰਮੇਸ਼ੁਰ ਦੇ ਭੇਤਾਂ ਦੇ ਮੁਖਤਿਆਰ।**
**2 ਫਿਰ ਇੱਥੇ ਮੁਖ਼ਤਿਆਰਾਂ ਵਿੱਚ ਇਹ ਚਾਹੀਦਾ ਹੈ ਜੋ ਉਹ ਮਾਤਬਰ ਹੋਣ।**

ਪਰਮੇਸ਼ੁਰ ਨੇ ਸਾਨੂੰ ਜੋ ਕੁਝ ਸੌਂਪਿਆ ਹੈ ਅਸੀਂ ਉਸ ਦੇ ਪ੍ਰਬੰਧਕ ਹਾਂ। ਪ੍ਰਬੰਧਕ ਹੋਣ ਦੇ ਨਾਤੇ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਵਫ਼ਾਦਾਰ ਬਣੇ ਰਹੀਏ। ਵਫ਼ਾਦਾਰ ਹੋਣ ਦਾ ਮਤਲਬ ਹੈ ਭਰੋਸੇਯੋਗ, ਵਿਸ਼ਵਾਸੀ ਹੋਣਾ ਹੈ, ਕੋਈ ਅਜਿਹਾ ਵਿਅਕਤੀ ਜਿਸ ‘ਤੇ ਅਸੀਂ ਭਰੋਸਾ ਕਰ ਸਕਦੇ ਹਾਂ। ਉਹ ਲੋਕ ਜੋ ਉਨ੍ਹਾਂ ਦੀ ਥਾਂ ‘ਤੇ ਬਣੇ ਰਹਿਣਗੇ, ਉਹ ਕੰਮ ਕਰਨਗੇ, ਜੋ ਉਨ੍ਹਾਂ ਨੂੰ ਸੌਂਪਿਆ ਗਿਆ ਹੈ, ਭਾਵੇਂ ਉਹ ਕੰਮ ਕੋਈ ਵੀ ਹੋਵੇ। ਪਰਮੇਸ਼ੁਰ ਦੁਆਰਾ ਤੁਹਾਨੂੰ ਦਿੱਤੇ ਗਏ ਕੰਮ ਪ੍ਰਤੀ ਵਫ਼ਾਦਾਰ ਰਹੋ ਅਤੇ ਇਸ ਵਿੱਚ ਵਧੋ, ਜਦੋਂ ਤੱਕ ਇਹ ਤੁਹਾਨੂੰ ਕੁਝ ਨਵਾਂ ਅਤੇ

ਘੱਟ ਕਰਨ ਦੇ ਲਈ ਨਹੀਂ ਕਹਿੰਦਾ।

## ਸੁਆਰਥੀ, ਪ੍ਰੇਰਿਤ ਅਤੇ ਜ਼ਿੱਦੀ ਹੋਣ ਤੋਂ ਬਚੋ

**ਕਹਾਉਤਾਂ 14:12**

**ਅਜਿਹਾ ਰਾਹ ਵੀ ਹੈ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ, ਪਰ ਉਹ ਦੇ ਅੰਤ ਵਿੱਚ ਮੌਤ ਦੇ ਰਾਹ ਹਨ।**

ਸਾਡੇ ਜੀਵਨ ਦੇ ਲਈ ਪਰਮੇਸ਼ੁਰ ਦੀ ਅਗਵਾਈ ਅਤੇ ਦਿਸ਼ਾ ਪ੍ਰਾਪਤ ਕਰਨ ਲਈ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਇਹ ਹੈ ਕਿ ਅਸੀਂ ਸੁਆਰਥ ਤੋਂ ਪ੍ਰੇਰਿਤ ਹੋ ਕੇ ਕੁਝ ਗੱਲਾਂ (ਟੀਚੇ, ਸੁਫ਼ਨੇ) ਦਾ ਪਿੱਛਾ ਕਰ ਸਕਦੇ ਹਾਂ। ਕਈ ਵਾਰ "ਕੀ" ਸ੍ਰੇਸ਼ਟ ਅਤੇ ਸ਼ਾਨਦਾਰ ਹੋ ਸਕਦਾ ਹੈ। ਪਰ "ਕਿਉਂ" ਅਪਵਿੱਤਰ ਅਤੇ ਦੁਸ਼ਟ-ਸੁਆਰਥੀ ਹੋ ਸਕਦਾ ਹੈ। ਅਸੀਂ ਆਪਣੇ ਸੁਆਰਥੀ ਹਿੱਤਾਂ ਨੂੰ ਪੂਰਾ ਕਰਨ ਲਈ ਕੁਝ ਕਰਨ 'ਤੇ ਇੰਨਾ ਧਿਆਨ ਕੇਂਦਰਿਤ ਕਰਦੇ ਹਾਂ ਕਿ ਅਸੀਂ ਇਹ ਨਹੀਂ ਸੁਣ ਸਕਦੇ ਕਿ ਪਰਮੇਸ਼ੁਰ ਸਾਨੂੰ ਕੀ ਕਹਿ ਰਿਹਾ ਹੈ। ਹੋ ਸਕਦਾ ਹੈ ਕਿ ਉਹ ਉਸ ਦਾ ਰਾਹ ਸਾਨੂੰ ਸਹੀ ਲੱਗ ਸਕਦਾ ਹੈ, ਪਰ ਜੇ ਇਹ ਸੁਆਰਥ ਤੋਂ ਪ੍ਰੇਰਿਤ ਹਨ, ਤਾਂ ਨਤੀਜ਼ਾ ਲੋੜੀਂਦਾ ਜਾਂ ਵਡਿਆਈ ਕਰਨ ਵਾਲਾ ਨਹੀਂ ਹੋਵੇਗਾ।

ਸੁਆਰਥੀ ਹੋਣਾ ਵੀ ਸਵੈ-ਪ੍ਰੇਰਿਤ ਹੋਣ ਦੇ ਨੇੜੇ ਹੈ। ਜਦੋਂ ਅਸੀਂ ਜ਼ਿੱਦੀ ਹੁੰਦੇ ਹਾਂ, ਤਾਂ ਸਾਡੇ ਕੋਲ ਆਪਣੀ ਮਨਮਾਨੀ ਕਰਨ 'ਤੇ ਜ਼ੋਰ ਦੇਣ ਅਤੇ ਕਿਸੇ ਦੂਸਰੇ ਰਾਹ 'ਤੇ ਜਾਣ ਦੀ ਕੋਸ਼ਿਸ਼ ਕਰਨ ਦਾ ਸੁਭਾਅ ਹੁੰਦਾ ਹੈ। ਜ਼ਿੱਦੀ ਦਿਲ ਦਾ ਗ਼ਲਤ ਸੁਭਾਅ ਹੈ, ਜੋ ਅਕਸਰ ਆਤਮਿਕ ਹੰਕਾਰ ਤੋਂ ਪੈਦਾ ਹੁੰਦਾ ਹੈ। ਅਸੀਂ ਦੂਜਿਆਂ ਤੋਂ ਸਿੱਖਣ ਦੇ ਲਈ ਝਿਜਕਦੇ ਹਾਂ, ਰੱਬੀ ਸਲਾਹ ਲੈਣ ਤੋਂ ਝਿਜਕਦੇ ਹਾਂ, ਸਿੱਖਣ ਲਈ ਤਿਆਰ ਨਹੀਂ ਹਾਂ, ਪ੍ਰਕਾਸ਼ਨ ਜਾਂ ਆਤਮਿਕ ਤਜ਼ਰਬੇ ਲਈ ਤਰਜੀਹ ਦਾ ਦਾਅਵਾ ਕਰਦੇ ਹਾਂ, ਆਦਿ। (**ਟਿੱਪਣੀ:** ਇੱਕ ਚੰਗੇ ਅਰਥਾਂ ਵਿੱਚ ਵੀ ਸਾਨੂੰ "ਜ਼ਿੱਦੀ" ਹੋਣ ਦੀ ਜ਼ਰੂਰਤ ਹੈ ਅਰਥਾਤ, ਆਪਣੇ ਫ਼ੈਸਲੇ ਵਿੱਚ ਸੰਪੂਰਨ ਦ੍ਰਿੜ੍ਹ ਇਰਾਦਾ। ਅਸੀਂ ਇੱਥੇ ਇੱਕ ਨਕਾਰਾਤਮਕ ਅਰਥਾਂ ਵਿੱਚ ਜ਼ਿੱਦ ਦਾ ਹਵਾਲਾ ਦੇ ਰਹੇ ਹਾਂ)।

ਮੂਸਾ ਇੱਕ ਗੱਲ ਤੋਂ ਬਹੁਤ ਡਰਦਾ ਸੀ। ਇਹ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਦੇ ਨਾਲ ਨਹੀਂ ਜਾਵੇਗਾ। ਮੂਸਾ ਜਾਣਦਾ ਸੀ ਕਿ ਉਸ ਦੇ ਨਾਲ ਪਰਮੇਸ਼ੁਰ ਦੀ ਮੌਜੂਦਗੀ ਤੋਂ ਬਿਨ੍ਹਾਂ, ਉਹ ਕੁਝ ਵੀ ਨਹੀਂ ਹਨ (ਕੂਚ 33:14,15)। ਇਸ

ਲਈ ਉਸ ਨੇ ਪਰਮੇਸ਼ੁਰ ਨੂੰ ਆਪਣੇ ਪਾਪ ਅਤੇ ਜ਼ਿੱਦ ਨੂੰ ਮਾਫ਼ ਕਰਨ ਲਈ ਬੇਨਤੀ ਕੀਤੀ ਅਤੇ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਉਸ ਦੇ ਲੋਕਾਂ ਦੇ ਵਿਚਕਾਰ ਅਤੇ ਉਸ ਦੇ ਨਾਲ ਜਾਵੇ।

**ਕੂਚ 34:9**
**ਅਤੇ ਉਸ ਆਖਿਆ, ਹੇ ਪ੍ਰਭੂ ਜੇ ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਹੈ ਤਾਂ ਪ੍ਰਭੂ ਸਾਡੇ ਨਾਲ-ਨਾਲ ਚੱਲੇ ਭਾਵੇਂ ਇਹ ਹਠੀਏ ਹੀ ਲੋਕ ਹਨ ਅਰ ਸਾਡਾ ਕੁਧਰਮ ਅਰ ਸਾਡਾ ਪਾਪ ਬਖ਼ਸ਼ੇ ਅਰ ਸਾਨੂੰ ਆਪਣਾ ਅਧਿਕਾਰੀ ਬਣਾਵੇ।**

ਮੂਸਾ ਦੱਸਦਾ ਹੈ ਕਿ ਜ਼ਿੱਦ ਦਿਲ ਦੀ ਸਮੱਸਿਆ ਹੈ:

**ਬਿਵਸਥਾਸਾਰ 10:16**
**ਆਪਣੇ ਮਨਾਂ ਦੀਆਂ ਖਲੜੀਆਂ ਦੀ ਸੁੰਨਤ ਕਰਾਓ ਅਤੇ ਅੱਗੇ ਨੂੰ ਹਾਠੇ ਨਾ ਬਣੋ।**

**ਬਿਵਸਥਾਸਾਰ 10:16 (ਪੜ੍ਹਨ ਵਿੱਚ ਅਸਾਨ ਸੰਸਕਰਣ)**
**ਜ਼ਿੱਦ ਨੂੰ ਛੱਡ ਦਿਓ। ਆਪਣੇ ਦਿਲ ਪਰਮੇਸ਼ੁਰ ਨੂੰ ਦੇ ਦਿਓ।**

ਆਤਮ ਸਮਰਪਣ ਕਰਨ ਦੀ ਬਜਾਇ, ਪਰਮੇਸ਼ੁਰ ਨੂੰ ਆਪਣੇ ਦਿਲਾਂ ਨੂੰ ਸੌਂਪਣ ਅਤੇ ਉਸ ਨੂੰ ਆਪਣੀਆਂ ਇੱਛਾਵਾਂ, ਸੁਫ਼ਨੇ, ਯੋਜਨਾਵਾਂ ਅਤੇ ਯਤਨਾਂ ਉੱਤੇ ਅਧਿਕਾਰ ਦੇਣਾ ਸੁਆਰਥੀ ਅਤੇ ਜ਼ਿੱਦ ਦਾ ਵਿਰੋਧ ਹੈ। ਜਦੋਂ ਅਸੀਂ ਉਸ ਦੇ ਸਮਰਪਨ ਅਤੇ ਅਧੀਨਗੀ ਨਾਲ ਰਹਿੰਦੇ ਹਾਂ, ਤਾਂ ਅਸੀਂ ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਤੋਂ ਅਗਵਾਈ ਲੈਣ ਲਈ ਬਿਹਤਰ ਹਾਲਾਤ ਵਿੱਚ ਹੋਵਾਂਗੇ।

**ਜ਼ਬੂਰਾਂ 25:9**
**ਉਹ ਮਸਕੀਨਾਂ ਦੀ ਅਗਵਾਈ ਨਿਆਉਂ ਨਾਲ ਕਰੇਗਾ ਅਤੇ ਅਧੀਨਾਂ ਨੂੰ ਆਪਣਾ ਰਾਹ ਸਿਖਾਲੇਗਾ।**

## ਨਿਸ਼ਾਨਾ ਰਹਿਤ ਹੋਣ ਤੋਂ ਬਚੋ

ਜਦੋਂ ਅਸੀਂ ਸਵੈ-ਸਮਰਪਣ ਅਤੇ ਸਮਰਪਣ ਦੀ ਗੱਲ ਕਰਦੇ ਹਾਂ, ਤਾਂ ਕੁਝ ਲੋਕ ਦੂਜੀ ਦਿਸ਼ਾ ਵਿੱਚ ਇੰਨੇ ਅੱਗੇ ਵੱਧਦੇ ਹਨ ਕਿ ਉਹ ਜ਼ਿੰਮੇਵਾਰੀ ਲੈਣ ਦੇ ਯੋਗ ਨਹੀਂ ਹੁੰਦੇ ਅਤੇ ਇਸ ਕਾਰਨ ਲਕਸ਼ਹੀਣ ਅਤੇ ਜੀਵਨ ਜੀਉਣ ਦੇ ਯੋਗ ਨਹੀਂ ਹੁੰਦੇ। ਉਨ੍ਹਾਂ ਦੀ ਗ਼ਲਤ ਕਲਪਨਾ ਹੁੰਦੀ ਹੈ ਕਿ ਯੋਜਨਾਬੰਦੀ, ਰਣਨੀਤੀ ਬਣਾਉਣਾ, ਤਿਆਰ ਕਰਨਾ ਅਤੇ ਤਿਆਰੀ ਕਰਨਾ ਸੁਆਰਥ ਦਾ ਪ੍ਰਗਟਾਵਾ ਹੈ ਅਤੇ ਇਸ ਲਈ ਅਸੀਂ ਯੋਜਨਾ ਨਹੀਂ ਬਣਾਉਂਦੇ ਜਾਂ ਤਿਆਰੀ ਨਹੀਂ ਕਰਦੇ।

ਸਾਡੇ ਕੰਮ ਕਰਨ ਦਾ ਤਰੀਕਾ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਜੀਵਨ ਲਈ ਪਰਮੇਸ਼ੁਰ ਦੀ ਅਗਵਾਈ ਅਤੇ ਦਿਸ਼ਾ ਦੀ ਭਾਲ ਕਰੀਏ ਅਤੇ ਫਿਰ ਸਖ਼ਤ ਮਿਹਨਤ ਕਰੀਏ, ਯੋਜਨਾ ਬਣਾਈਏ, ਰਣਨੀਤੀ ਬਣਾਈਏ ਅਤੇ ਆਪਣੇ ਆਪ ਨੂੰ ਉਸ ਦੇ ਉਦੇਸ਼ਾਂ ਨੂੰ ਪੂਰਾ ਵੇਖਣ ਲਈ ਤਿਆਰ ਕਰੀਏ।

ਯੋਜਨਾ ਬਣਾਉਣ ਤੋਂ ਬਾਅਦ ਵੀ, ਅਸੀਂ ਆਪਣਾ ਕੰਮ ਪ੍ਰਭੂ ਦੇ ਹੱਥਾਂ ਵਿੱਚ ਸੌਂਪਦੇ ਹਾਂ ਅਤੇ ਜੋ ਅਸੀਂ ਕਰਦੇ ਹਾਂ ਉਸ ਨੂੰ ਸਥਾਪਿਤ ਕਰਨ ਲਈ ਉਸ ‘ਤੇ ਨਿਰਭਰ ਕਰਦੇ ਹਾਂ। ਅਸੀਂ ਉਸ ਦੁਆਰਾ ਸਾਨੂੰ ਪ੍ਰਦਾਨ ਕੀਤੀ ਗਈ ਅਗਵਾਈ ਦੇ ਅਨੁਸਾਰ ਯੋਜਨਾ ਬਣਾਉਂਦੇ ਹਾਂ ਅਤੇ ਅਸੀਂ ਜਾਣਦੇ ਹਾਂ ਕਿ ਜਦੋਂ ਅਸੀਂ ਉਸ ਯੋਜਨਾ ਨੂੰ ਤਿਆਰ ਕਰਦੇ ਹਾਂ, ਤਦ ਪਰਮੇਸ਼ੁਰ ਸਾਡੇ ਕਦਮਾਂ ਦੀ ਅਗਵਾਈ ਕਰੇਗਾ।

**ਕਹਾਉਤਾਂ 16:3,9**
**3 ਆਪਣੇ ਕੰਮਾਂ ਨੂੰ ਯਹੋਵਾਹ ਉੱਤੇ ਛੱਡ ਦੇ, ਤਾਂ ਤੇਰੇ ਮਨੋਰਥ ਪੂਰੇ ਹੋਣਗੇ।**
**9 ਆਦਮੀ ਦਾ ਮਨ ਉਹ ਦਾ ਰਾਹ ਠਹਿਰਾਉਂਦਾ ਹੈ, ਪਰ ਯਹੋਵਾਹ ਉਹ ਦੇ ਪੈਰਾਂ ਦੀ ਅਗਵਾਈ ਕਰਦਾ ਹੈ।**

ਪਰਮੇਸ਼ੁਰ ਨੇ ਸਾਨੂੰ ਕੁਝ ਕਰਨ ਦੀ ਅਗਵਾਈ ਦਿੱਤੀ ਹੈ ਅਤੇ ਸਾਨੂੰ ਦਿਸ਼ਾ ਦਿੱਤੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਰਾਹ ਹਮੇਸ਼ਾਂ ਅਸਾਨ ਰਹੇਗਾ। ਜਦੋਂ ਅਸੀਂ ਇੱਕ ਯੋਜਨਾ ਬਣਾਉਂਦੇ ਹਾਂ, ਜੋ ਸਾਡੇ ਪਰਮੇਸ਼ੁਰ ਤੋਂ ਪ੍ਰਾਪਤ ਮਾਰਗ ਦਰਸ਼ਨ ‘ਤੇ ਅਧਾਰਿਤ ਹੈ, ਤਾਂ ਅਸੀਂ ਧੀਰਜ, ਤਿਆਰੀ ਅਤੇ ਦ੍ਰਿੜ੍ਹਤਾ ਨਾਲ ਚੱਲਦੇ ਹਾਂ।

**ਕਹਾਉਤਾਂ 21:5**
**ਉੱਦਮੀ ਦੀਆਂ ਜੁਗਤਾਂ ਨਿਰੀਆਂ ਵਾਫ਼ਰੀ ਵੱਲ ਹੁੰਦੀਆਂ ਹਨ, ਪਰ ਕਾਹਲੀ ਦਾ ਅੰਤ ਨਿਰੀ ਥੁੜ੍ਹ ਹੈ।**

## ਆਪਣਾ ਧਿਆਨ ਭਟਕਣ ਨਾ ਦਿਓ

ਪਰਮੇਸ਼ੁਰ ਨੇ ਸਾਨੂੰ ਜੋ ਕੰਮ ਸੌਂਪਿਆ ਹੈ ਜਾਂ ਸਾਨੂੰ ਕਰਨ ਦਾ ਰਾਹ ਦਿਖਾਇਆ ਹੈ, ਉਸ ਉੱਤੇ ਧਿਆਨ ਕੇਂਦਰਿਤ ਕਰਨਾ ਸਿੱਖੋ। ਬਹੁਤ ਸਾਰੀਆਂ ਗੱਲਾਂ ਸਾਡਾ ਧਿਆਨ ਭਟਕਾਉਣ ਲਈ ਆਉਂਦੀਆਂ ਹਨ। ਜਦੋਂ ਸਾਡਾ ਧਿਆਨ ਵੰਡਿਆ ਜਾਂਦਾ ਹੈ, ਤਾਂ ਅਸੀਂ ਉਨ੍ਹਾਂ ਗੱਲਾਂ ਵਿੱਚ ਆਪਣਾ ਸਮਾਂ, ਊਰਜਾ ਅਤੇ ਸਰੋਤਾਂ ਨੂੰ ਬਰਬਾਦ ਕਰਦੇ ਹਾਂ, ਜੋ ਸਾਨੂੰ ਨਹੀਂ ਕਰਨੇ ਚਾਹੀਦੇ ਸਨ।

ਜਦੋਂ ਤੁਸੀਂ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਦੇ ਹੋ ਤਾਂ ਉਸ ਦੀ ਨੁਮਾਇੰਦਗੀ ਕਰੋ। ਇਸ ਵਿੱਚ ਉਨ੍ਹਾਂ ਗੱਲਾਂ ਨੂੰ ਨਾ ਜੋੜੋ ਜਿਹੜੀਆਂ ਪਰਮੇਸ਼ੁਰ ਨੇ ਤੁਹਾਡੇ ਲਈ ਹੁਕਮ ਨਹੀਂ ਕੀਤੀਆਂ। ਦੂਸਰੇ ਲੋਕਾਂ ਦੀ ਨਕਲ ਨਾ ਕਰੋ। ਉਨ੍ਹਾਂ ਸਾਰੇ ਵਾਧੂ ਬੋਝਾਂ ਅਤੇ ਪਾਪਾਂ ਨੂੰ ਦੂਰ ਕਰੋ, ਜੋ ਸਹਿਜ ਤੌਰ 'ਤੇ ਸਾਡਾ ਧਿਆਨ ਭਟਕਾਉਂਦੇ ਹਨ ਅਤੇ ਤੁਹਾਡੀ ਗਤੀ ਨੂੰ ਹੌਲੀ ਕਰਦੇ ਹਨ। ਆਪਣੀ ਦੌੜ ਨੂੰ ਧਿਆਨ ਨਾਲ ਦੌੜੋ।

## ਜਦੋਂ ਮੈਂ ਰਾਹ ਵਿੱਚ ਸੀ ਤਾਂ ਪ੍ਰਭੂ ਨੇ ਮੇਰੀ ਅਗਵਾਈ ਕੀਤੀ

**ਉਤਪਤ 24:27**

**ਅਰ ਉਸ ਆਖਿਆ, ਯਹੋਵਾਹ ਮੇਰੇ ਸਵਾਮੀ ਅਬਰਾਹਾਮ ਦਾ ਪਰਮੇਸ਼ੁਰ ਮੁਬਾਰਕ ਹੋਵੇ ਜਿਸ ਮੇਰੇ ਸਵਾਮੀ ਅਬਰਾਹਾਮ ਤੋਂ ਆਪਣੀ ਕਿਰਪਾ ਅਰ ਆਪਣੀ ਸੱਚਿਆਈ ਨੂੰ ਨਹੀਂ ਮੋੜਿਆ ਅਰ ਮੈਂ ਰਾਹ ਵਿੱਚ ਹੀ ਸਾਂ ਕਿ ਯਹੋਵਾਹ ਨੇ ਮੈਨੂੰ ਮੇਰੇ ਸਵਾਮੀ ਦੇ ਭਰਾਵਾਂ ਦੇ ਘਰ ਦੇ ਰਾਹ ਪਾਇਆ।**

ਖੜ੍ਹੀ ਗੱਡੀ ਨੂੰ ਸਟੀਅਰਿੰਗ ਦੇਣਾ ਅਸਲ ਵਿੱਚ ਕੋਈ ਅਰਥ ਨਹੀਂ ਰੱਖਦਾ। ਅਸੀਂ ਅਜਿਹਾ ਨਹੀਂ ਕਰਦੇ। ਪਰ ਇੱਕ ਵਾਰ ਜਦੋਂ ਗੱਡੀ ਚੱਲਣਾ ਸ਼ੁਰੂ ਹੋ ਜਾਂਦੀ ਹੈ, ਤਾਂ ਇਸ ਨੂੰ ਚਲਾਉਣ ਦੀ ਜ਼ਰੂਰਤ ਹੁੰਦੀ ਹੈ ਅਤੇ ਅਜਿਹਾ ਕਰਨਾ ਉਚਿਤ ਅਤੇ ਜ਼ਰੂਰੀ ਹੁੰਦਾ ਹੈ।

ਕਈ-ਕਈ ਵਾਰ ਸਾਡੀ ਅਕਿਰਿਆਸ਼ੀਲਤਾ ਅਤੇ ਅਨਿਸ਼ਚਿਤਤਾ ਦੀ ਸਥਿਤੀ ਸਾਨੂੰ ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰਨ ਤੋਂ ਰੋਕਦੀ ਹੈ। ਕੋਈ ਵੀ ਹਿਦਾਇਤ, ਅਗਵਾਈ ਜਾਂ ਮਾਰਗਦਰਸ਼ਨ ਜੋ ਪਰਮੇਸ਼ੁਰ ਸਾਡੇ ਨਾਲ ਗੱਲ ਕਰ ਸਕਦਾ ਹੈ, ਸਾਨੂੰ ਅਰਥਪੂਰਨ ਨਹੀਂ ਜਾਪਦਾ ਕਿਉਂਕਿ ਅਸੀਂ "ਰੁਕੇ" ਹੋਏ ਹਾਂ। ਸਾਡੀ "ਸਰਗਰਮੀ" ਬੰਦ ਹੈ। "ਹੈਂਡ ਬਰੇਕ" ਚਾਲੂ ਹੈ ਅਤੇ ਅਸੀਂ ਸ਼ਿਕਾਇਤ ਕਰਦੇ ਹਾਂ, ਪਰਮੇਸ਼ੁਰ ਮੇਰੀ ਅਗਵਾਈ ਨਹੀਂ ਕਰ ਰਿਹਾ ਹੈ (ਅਗਵਾਈ ਨਹੀਂ ਕਰਦਾ ਹੈ, ਮਾਰਗ ਦਰਸ਼ਕ ਨਹੀਂ ਕਰ ਰਿਹਾ ਹੈ)। ਉਸ ਦੀ ਦਿਸ਼ਾ ਅਤੇ ਅਗਵਾਈ ਨੂੰ ਪ੍ਰਾਪਤ ਕਰਨ ਲਈ, ਸਾਨੂੰ ਸਰਗਰਮੀ ਸ਼ੁਰੂ ਕਰਨ ਦੀ ਜ਼ਰੂਰਤ ਹੈ, ਗੱਡੀ ਨੂੰ ਡਰਾਈਵ ਵਿੱਚ ਲਿਆਉਣਾ ਚਾਹੀਦਾ ਹੈ ਅਤੇ ਐਕਸਲੇਟਰ 'ਤੇ ਕਦਮ ਰੱਖਣਾ ਚਾਹੀਦਾ ਹੈ। ਉਸ ਤੋਂ ਬਾਅਦ, ਉਸ ਦੀ ਅਗਵਾਈ ਅਤੇ ਦਿਸ਼ਾ ਸਾਨੂੰ ਉਸ ਦੇ ਉਦੇਸ਼ਾਂ ਵੱਲ ਲੈ ਜਾਵੇਗੀ।

ਅਬਰਾਹਾਮ ਦੇ ਉਸ ਸੇਵਕ 'ਤੇ ਵਿਚਾਰ ਕਰੋ ਜਿਸ ਨੂੰ ਇਸਹਾਕ ਦੇ ਲਈ ਲਾੜੀ ਲੱਭਣ ਦਾ ਕੰਮ ਸੌਂਪਿਆ ਗਿਆ ਸੀ (ਉਤਪਤ 24)। ਉਹ ਸਿਰਫ਼

ਪ੍ਰਾਰਥਨਾ ਨਹੀਂ ਕਰਦਾ ਸੀ, ਉਹ ਵਿਹਲਾ ਨਹੀਂ ਬੈਠਦਾ ਸੀ। ਉਸ ਨੇ ਆਪਣੇ ਮਿਸ਼ਨ ਦੀ ਸ਼ੁਰੂਆਤ ਕੀਤੀ ਅਤੇ ਪਰਮੇਸ਼ੁਰ ਨੂੰ ਪ੍ਰਾਰਥਨਾ ਕੀਤੀ ਕਿ ਉਹ ਉਸ ਨੂੰ ਸਫਲਤਾ ਪ੍ਰਦਾਨ ਕਰੇ। ਉਸ ਦੀ ਗਵਾਹੀ ਇਹ ਸੀ ਕਿ *"ਜਦੋਂ ਮੈਂ ਆਪਣੇ ਰਾਹ 'ਤੇ ਸੀ ਤਾਂ ਪ੍ਰਭੂ ਨੇ ਮੈਨੂੰ ਸਹੀ ਵਿਅਕਤੀ ਦੇ ਕੋਲ ਲੈ ਗਿਆ, ਰਿਬਕਾਹ ਅਤੇ ਉਸ ਦੇ ਪਰਿਵਾਰ ਕੋਲ ਲੈ ਗਿਆ।"* ਇਸੇ ਤਰ੍ਹਾਂ, ਜੇ ਅਸੀਂ ਆਪਣੇ ਜੀਵਨ ਵਿੱਚ ਉਸ ਦੀ ਅਗਵਾਈ ਅਤੇ ਦਿਸ਼ਾ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਤੁਰੰਤ ਆਗਿਆਕਾਰੀ ਹੋਣਾ ਚਾਹੀਦਾ ਹੈ, ਕੰਮ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ ਅਤੇ ਉਹ ਕਰਨਾ ਚਾਹੀਦਾ ਹੈ, ਜੋ ਉਹ ਕਹਿੰਦਾ ਹੈ।

ਸਾਨੂੰ ਸਾਰਿਆਂ ਨੂੰ ਪਰਮੇਸ਼ੁਰ ਦੀ ਉਡੀਕ ਕਰਨ ਦੇ ਲਈ ਬੁਲਾਇਆ ਗਿਆ ਹੈ। ਪਰ ਪਰਮੇਸ਼ੁਰ ਦੀ ਉਡੀਕ ਕਰਨਾ ਪੈਸਿਵਿਟੀ ਨਹੀਂ ਹੈ। ਪਰਮੇਸ਼ੁਰ ਦਾ ਇੰਤਜ਼ਾਰ ਕਰਨਾ ਅਕਿਰਿਆਸ਼ੀਲਤਾ ਦੀ ਸਥਿਤੀ ਨਹੀਂ ਹੈ। ਪਰਮੇਸ਼ੁਰ ਦਾ ਇੰਤਜ਼ਾਰ ਕਰਨਾ ਇੱਕ ਕਿਰਿਆਸ਼ੀਲ ਆਸਣ ਹੈ। ਅਸੀਂ ਉਸ ਲਈ ਉਸ ਦੀ ਪਾਲਣਾ ਕਰਨ ਲਈ ਉਸ ਦੇ ਸਾਹਮਣੇ ਹਾਂ। ਅਸੀਂ ਇਸ ਭਾਵਨਾ ਨਾਲ ਉਸ ਦੇ ਸਾਹਮਣੇ ਨਹੀਂ ਹਾਂ ਕਿ, "ਪਰਮੇਸ਼ੁਰ ਮੈਂ ਇੱਥੇ ਹਾਂ, ਤਾਂ ਜੋ ਮੈਂ ਸਿਰਫ਼ ਤੁਹਾਡੇ ਨਾਲ ਰਹਿ ਸਕਾਂ, ਇਸ ਲਈ ਮੈਨੂੰ ਕੁਝ ਨਾ ਕਰਨ ਲਈ ਕਹੋ।" ਅਸੀਂ ਉਸ ਦੇ ਸਾਹਮਣੇ ਹਾਂ, ਉਸ ਨਾਲ ਸਮਾਂ ਬਿਤਾਉਂਦੇ ਹਾਂ, ਉਸ ਦੀ ਉਡੀਕ ਕਰਦੇ ਹਾਂ, ਇਸ ਭਾਵਨਾ ਨਾਲ ਕਿ "ਪਰਮੇਸ਼ੁਰ, ਮੈਂ ਇੱਥੇ ਹਾਂ, ਤਾਂ ਜੋ ਮੈਂ ਸਿਰਫ਼ ਤੁਹਾਡੇ ਨਾਲ ਰਹਿ ਸਕਾਂ ਅਤੇ ਮੈਂ ਉਹ ਕਰਨ ਲਈ ਤਿਆਰ ਹਾਂ ਜੋ ਤੁਸੀਂ ਮੈਨੂੰ ਦੱਸਦੇ ਹੋ।" ਜਦੋਂ ਅਸੀਂ ਇੰਤਜ਼ਾਰ ਦੀ ਇਸ ਹਾਲਾਤ ਵਿੱਚ ਹੁੰਦੇ ਹਾਂ, ਤਾਂ ਪਰਮੇਸ਼ੁਰ ਆਪਣੀ ਅਗਵਾਈ ਅਤੇ ਨਿਰਦੇਸ਼ਾਂ ਦਾ ਹੁਕਮ ਦਿੰਦਾ ਹੈ।

## ਅਤੀਤ 'ਤੇ ਧਿਆਨ ਦੇਣ ਤੋਂ ਬਚੋ, ਅੱਗੇ ਦੇਖੋ

**ਫ਼ਿਲਿੱਪੀਆਂ 3:13,14**

**13 ਹੇ ਭਰਾਵੋ, ਮੈਂ ਆਪਣੇ ਲਈ ਇਹ ਨਹੀਂ ਸਮਝਦਾ ਜੋ ਮੈਂ ਅਜੇ ਹੱਥ ਪਾ ਲਿਆ ਹੈ ਪਰ ਐੱਨਾ ਹੈ ਜੋ ਮੈਂ ਪਿੱਛਲੀਆਂ ਗੱਲਾਂ ਨੂੰ ਭੁਲਾ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ ਅਗਾਹਾਂ ਵੱਧ ਕੇ**

**14 ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ੁਰ ਦੀ ਵੱਲੋਂ ਮਸੀਹ ਯਿਸੂ ਵਿੱਚ ਹੈ।**

ਜਿਵੇਂ ਕਿ ਤੁਸੀਂ ਜੀਵਨ ਦੀ ਯਾਤਰਾ ਵਿੱਚ ਅੱਗੇ ਵੱਧਦੇ ਹੋ, ਆਖ਼ਰੀ ਸ਼ਬਦ ਅਤੇ ਸਮਾਪਤੀ ਦੇ ਵਿਚਾਰ, ਉਸ ਦੀ ਅਗਵਾਈ ਅਤੇ ਸਾਡੇ ਜੀਵਨ

'ਤੇ ਦਿਸ਼ਾ ਦੀ ਪਾਲਣਾ ਵਿੱਚ ਚੱਲਣ ਦੀ ਪੂਰੀ ਕੋਸ਼ਿਸ਼ ਕਰੋ। ਅਸੀਂ ਕੁਝ ਪਹਾੜ ਦੇ ਸਿਖਰ ਦੇ ਤਜ਼ਰਬੇ ਪ੍ਰਾਪਤ ਕਰਾਂਗੇ। ਸਾਨੂੰ ਜੀਵਨ ਦੇ ਕੁਝ ਚੁਣੌਤੀਪੂਰਨ ਮੌਸਮਾਂ ਵਿੱਚੋਂ ਵੀ ਲੰਘਣਾ ਪਏਗਾ। ਪਰ ਜਿਵੇਂ ਪੌਲੁਸ ਰਸੂਲ ਨੇ ਕਿਹਾ ਸੀ, ਸਾਨੂੰ ਅਤੀਤ ਦੀਆਂ ਗੱਲਾਂ ਲਈ "ਭੁੱਲਣਾ" ਸਿੱਖਣਾ ਚਾਹੀਦਾ ਹੈ ਅਤੇ ਅੱਗੇ ਵੱਧਣਾ ਚਾਹੀਦਾ ਹੈ, ਜੋ ਅੱਗੇ ਹੈ। ਅਸੀਂ ਅਤੀਤ ਦੀ ਸ਼ਾਨ ਵਿੱਚ ਨਹੀਂ ਰਹਿ ਸਕਦੇ। ਨਾ ਹੀ ਸਾਨੂੰ ਅਸਫਲਤਾਵਾਂ, ਨਿਰਾਸ਼ਾਵਾਂ, ਦੁੱਖਾਂ ਜਾਂ ਦੁਖਾਂਤਾਂ ਵਿੱਚ ਉਲਝਣ ਵਿੱਚ ਫਸੇ ਰਹਿਣ ਦੀ ਜ਼ਰੂਰਤ ਹੈ। ਸਮਾਪਤੀ ਰੇਖਾ ਸਾਡੇ ਸਾਹਮਣੇ ਹੈ, ਪਿੱਛੇ ਨਹੀਂ। ਸਾਡੇ ਆਪਣੇ ਸਾਹਮਣੇ ਜੋ ਉਦੇਸ਼ ਹੈ, ਉਸ ਟੀਚੇ ਦੀ ਤਰਫ਼ ਵੱਧਣ ਦੇ ਲਈ, ਸਾਡੇ ਸਾਹਮਣੇ ਜੋ ਰਾਹ ਹੈ, ਉਸ ਨੂੰ ਪੂਰਾ ਕਰਨ ਦੇ ਲਈ ਸਾਨੂੰ ਆਪਣੀ ਹਰ ਚੀਜ਼ ਨੂੰ ਦਾਅ 'ਤੇ ਲਗਾ ਕੇ ਰੱਖਣਾ ਹੋਵੇਗਾ। ਅਸੀਂ ਹਮੇਸ਼ਾਂ ਪਿਛਲੇ ਸ਼ੀਸ਼ੇ ਵਿੱਚ ਵੇਖ ਕੇ ਗੱਡੀ ਨਹੀਂ ਚਲਾ ਸਕਦੇ। ਕਦੇ-ਕਦਾਈਂ ਇੱਕ ਵਾਰ ਵੇਖਣਾ ਠੀਕ ਹੈ। ਪਰ ਜ਼ਿਆਦਾਤਰ ਸਮਾਂ ਸਾਨੂੰ ਅੱਗੇ ਦੇਖਣਾ ਪੈਂਦਾ ਹੈ।

ਅਤੀਤ ਨੂੰ ਭੁੱਲ ਜਾਓ। ਇੱਕ ਨਵੀਂ ਸ਼ੁਰੂਆਤ ਕਰੋ। ਪਰਮੇਸ਼ੁਰ ਸਾਰੀਆਂ ਗੱਲਾਂ ਨੂੰ ਨਵਾਂ ਬਣਾ ਸਕਦਾ ਹੈ। ਉਸ ਦੀ ਅਗਵਾਈ ਪ੍ਰਾਪਤ ਕਰੋ। ਅੱਗੇ ਜਾਓ। ਭਵਿੱਖ ਤੁਹਾਡੀ ਕਲਪਨਾ ਨਾਲੋਂ ਕਿਤੇ ਵੱਡਾ ਹੈ। ਪ੍ਰਭੂ ਤੁਹਾਨੂੰ ਸੰਪੂਰਨ ਅਤੇ ਉੱਤਮ ਵੱਲ ਲੈ ਜਾਵੇ।

## ਪ੍ਰਤੀਬਿੰਬ

1) ਅੱਗੇ ਵੱਧਣ ਤੋਂ ਪਹਿਲਾਂ ਪਰਖ ਕਰਨਾ ਅਤੇ ਇਹ ਸਾਬਿਤ ਕਰਨਾ ਮਹੱਤਵਪੂਰਨ ਅਤੇ ਕਿਉਂ ਜ਼ਰੂਰੀ ਹੈ ਕਿ ਅਸੀਂ ਪਰਮੇਸ਼ੁਰ ਦੀ ਅਗਵਾਈ ਦੇ ਤੌਰ ਤੇ ਕੀ ਪਾਇਆ ਹੈ?

2) ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਅਗਵਾਈ ਦੀ ਪਾਲਣਾ ਕਰਦੇ ਸਮੇਂ ਕਦੋਂ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਵਿਸ਼ਵਾਸ ਦਾ ਖ਼ਤਰਾ ਕਦੋਂ ਮੁੱਲ ਲੈਣਾ ਹੈ ਇਹ ਅਸੀਂ ਕਿਵੇਂ ਜਾਣੀਏ?

3) ਉਸ ਦੀ ਆਖ਼ਰੀ ਹਿਦਾਇਤ 'ਤੇ ਕਾਇਮ ਰਹਿਣ ਦਾ ਕੀ ਅਰਥ ਹੈ?

4) ਜੇ ਪਰਮੇਸ਼ੁਰ ਸਾਡੇ ਜੀਵਨਾਂ ਦੇ ਲਈ ਆਪਣੀ ਅਗਵਾਈ ਅਤੇ ਦਿਸ਼ਾ ਪ੍ਰਗਟ

ਕਰਦਾ ਹੈ, ਤਾਂ ਸਾਨੂੰ ਯੋਜਨਾ ਬਣਾਉਣ, ਰਣਨੀਤੀ ਬਣਾਉਣ ਅਤੇ ਇਸ ਨੂੰ ਅਮਲ ਵਿੱਚ ਲਿਆਉਣ ਲਈ ਕਿਉਂ ਤਿਆਰ ਰਹਿਣਾ ਚਾਹੀਦਾ ਹੈ?

5) ਕੀ ਤੁਸੀਂ ਇੱਕ ਜਾਂ ਜ਼ਿਆਦਾ ਹਾਲਾਤਾਂ ਬਾਰੇ ਸੋਚ ਸਕਦੇ ਹੋ, ਜਦੋਂ ਤੁਸੀਂ ਪਰਮੇਸ਼ੁਰ ਦੀ ਅਗਵਾਈ ਪਾਉਂਦੇ ਹੋਏ "ਭਟਕ ਗਏ" ਅਤੇ ਪਰਮੇਸ਼ੁਰ ਨੇ ਤੁਹਾਨੂੰ ਆਪਣੇ ਜੀਵਨ ਵਿੱਚ ਸਹੀ ਰਾਹ 'ਤੇ ਵਾਪਿਸ ਲਿਆਂਦਾ?

# ਸਾਡੇ ਨਾਲ ਆਨਲਾਈਨ ਜੁੜੋ

**ਅੰਗਰੇਜ਼ੀ**

https://youtube.com/allpeopleschurchbangalore
https://instagram.com/allpeopleschurchbangalore
https://facebook.com/apcwo
https://youtube.com/apcbiblecollege
https://instagram.com/apcbiblecollege
https://youtube.com/APCMusicindia
https://www.youtube.com/@apc-free-christian-books
https://youtube.com/ChrysalisLifeCounseling
https://instagram.com/ChrysalisLifeCounseling

**ਹਿੰਦੀ**

https://youtube.com/APCHindi
https://www.instagram.com/apc_bangalore_hindi

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Interpreting Scripture
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The End Times
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ apcwo.org/books ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ apcwo.org/sermons ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ:** chrysalislife.org
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ:** counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore, Karnataka-560043, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*
"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# निःशुल्क ऐप डाउनलोड करें:

**ऐप स्टोर या प्ले स्टोर में खोजें**
**“ऑल पीपुल्स चर्च (APCWO)”/**
**All Peoples Church Hindi**

Available on the App Store

ANDROID APP ON Google Play




*विश्वास को मजबूत करने और सुसमाचार साझा करने के लिए विभिन्न विषयों पर आधारित वचनों के टूलकिट।*
*उपदेशों, टीवी कार्यक्रमों, पुस्तकों, संगीत और बहुत कुछ से भरे संसाधन।*
*अगर आपको यह पसंद आए, तो*
***दूसरों को भी इसके बारे में बताएं!***

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।

ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਉਹ ਸਾਡੀ ਅਗਵਾਈ ਕਰੇਗਾ। ਇਸ ਕਿਤਾਬ ਵਿੱਚ, ਅਸੀਂ ਕੁਝ ਤਰੀਕੇ ਦੱਸਾਂਗੇ ਜਿਨ੍ਹਾਂ ਦੇ ਰਾਹੀਂ ਅਸੀਂ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਅਗਵਾਈ ਪ੍ਰਾਪਤ ਕਰ ਸਕਦੇ ਹਾਂ:

1. ਵਚਨ
2. ਆਤਮਾ ਜੋ ਸਾਡੇ ਅੰਦਰ ਵੱਸਦਾ ਹੈ
3. ਪਵਿੱਤਰ ਆਤਮਾ ਦੀ ਅਵਾਜ਼
4. ਪਵਿੱਤਰ ਆਤਮਾ ਦੀਆਂ ਦਾਤਾਂ
5. ਸੁਫ਼ਨੇ ਅਤੇ ਦਰਸ਼ਣ
6. ਭਵਿੱਖਬਾਣੀਆਂ
7. ਸਵਰਗਦੂਤ
8. ਰੱਬੀ ਸਲਾਹ
9. ਨਵਾਂ ਮਨ
10. ਸਮੇਂ ਅਤੇ ਰੁੱਤਾਂ
11. ਹਾਲਾਤ ਅਤੇ ਰੱਬੀ ਪ੍ਰਬੰਧ

ਅਸੀਂ ਨਿੱਜੀ ਕਹਾਣੀਆਂ ਵੀ ਸਾਂਝੀਆਂ ਕੀਤੀਆਂ ਹਨ ਜੋ ਇਨ੍ਹਾਂ ਨੂੰ ਸਮਝਣ ਵਿੱਚ ਸਾਡੀ ਮਦਦ ਕਰਦੀਆਂ ਹਨ। ਤੁਸੀਂ ਸਿੱਖੋਗੇ ਕਿ ਪਰਮੇਸ਼ੁਰ ਦੀ ਗੱਲ ਕਿਵੇਂ ਸੁਣਨੀ ਹੈ ਅਤੇ ਉਸ ਦੀ ਅਗਵਾਈ ਕਿਵੇਂ ਪ੍ਰਾਪਤ ਕਰਨੀ ਹੈ ਤਾਂ ਜੋ ਤੁਸੀਂ ਆਪਣੇ ਜੀਵਨ ਦੇ ਲਈ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰ ਸਕੋ।

All Peoples Church & World Outreach
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org